Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 189 Wednesday, October 02, 2019 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

TOP 4% TREB REALTOR 2018
"Believe In The Best"
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

# ਟਰੂਡੋ, ਸ਼ੀਅਰ, ਮੇਅ ਟੋਰਾਂਟੋ ਵਿੱਚ ਕਰ ਰਹੇ ਹਨ ਚੋਣ ਪ੍ਰਚਾਰ

## ਜਗਮੀਤ ਸਿੰਘ ਦਾ ਧਿਆਨ ਅੱਠਵੇਂ ਦਿਨ ਵੀ ਬੀਸੀ 'ਚ



ਓਟਵਾ, 1 ਅਕਤੂਬਰ (ਪੋਸਟ ਬਿਊਰੋ) : ਜਗਮੀਤ ਸਿੰਘ ਦਾ ਬ੍ਰਿਟਿਸ਼ ਕੋਲੰਬੀਆ ਨਾਲ ਪਿਆਰ ਲਗਾਤਾਰ ਅੱਠਵੇਂ ਦਿਨ ਵੀ ਬਰਕਰਾਰ ਰਿਹਾ। ਐਨਡੀਪੀ ਆਗੂ ਵੱਲੋਂ ਐਨੇ ਦਿਨਾਂ ਤੋਂ ਵੈਸਟ ਕੋਸਟ ਉੱਤੇ ਹੀ ਆਪਣਾ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ।

ਆਪਣੇ 10 ਬਿਲੀਅਨ ਡਾਲਰ ਦੇ ਯੂਨੀਵਰਸਲ ਚਾਈਲਡ ਕੇਅਰ ਪਲੈਨ ਦੀ ਪ੍ਰਮੋਸ਼ਨ ਲਈ ਜਗਮੀਤ ਸਿੰਘ ਉੱਥੋਂ ਦੇ ਪਰਿਵਾਰਾਂ ਨਾਲ ਬ੍ਰੇਕਫਾਸਟ ਵੀ ਕਰ ਰਹੇ ਹਨ। ਐਨਡੀਪੀ ਨੂੰ ਇੱਥੋਂ ਕੁੱਝ ਸੀਟਾਂ ਹੱਥ ਲੱਗਣ ਦੀ ਆਸ ਹੈ। ਇਸੇ ਲਈ ਜਗਮੀਤ ਸਿੰਘ ਵੱਲੋਂ ਬਹੁਤਾ ਜ਼ੋਰ ਇੱਥੇ ਲਾਇਆ ਜਾ ਰਿਹਾ ਹੈ। ਪਰ ਬਾਕੀ ਪਾਰਟੀਆਂ ਦੇ ਆਗੂ ਅੱਜਕੱਲ੍ਹ ਟੋਰਾਂਟੋ ਉੱਤੇ ਆਪੋ ਆਪਣਾ ਧਿਆਨ ਕੇਂਦਰਿਤ ਕਰ ਰਹੇ ਹਨ।

ਲਿਬਰਲ ਆਗੂ ਜਸਟਿਨ ਟਰੂਡੋ ਤੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਵੱਲੋਂ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਸਵੇਰ ਵੇਲੇ ਨਵੇਂ ਤੋਂ ਨਵੇਂ ਐਲਾਨ ਕੀਤੇ ਜਾ ਰਹੇ ਹਨ। ਟਰੂਡੋ ਵੱਲੋਂ ਗੰਨ ਕੰਟਰੋਲ ਨੀਤੀ ਉੱਤੇ ਦੂਜਾ ਦਿਨ ਖਰਚਿਆ ਜਾ ਰਿਹਾ ਹੈ। ਇਸ ਸਬੰਧ ਵਿੱਚ ਉਨ੍ਹਾਂ ਵੱਲੋਂ ਰਿਚਮੰਡ ਹਿੱਲ, ਓਨਟਾਰੀਓ ਵਿੱਚ ਟੋਰਾਂਟੋ ਦੇ ਸਬਅਰਬਜ਼ ਦੇ ਮੇਅਰਜ਼ ਨਾਲ ਵੀ ਮੁਲਾਕਾਤ ਕੀਤੀ ਜਾ ਰਹੀ ਹੈ। ਦੂਜੇ ਪਾਸੇ ਸ਼ੀਅਰ ਵੱਲੋਂ ਟੋਰਾਂਟੋ ਦੇ ਐਗਜ਼ੀਬਿਸ਼ਨ ਗ੍ਰਾਊਂਡਜ਼ ਉੱਤੇ ਸਥਿਤ ਲੇਕਫਰੰਟ ਹੋਟਲ ਵਿੱਚ ਐਲਾਨ ਕੀਤਾ ਜਾ ਰਿਹਾ ਹੈ।

ਗ੍ਰੀਨ ਪਾਰਟੀ ਦੀ ਆਗੂ ਐਲਿਜ਼ਾਬੈੱਥ ਮੇਅ ਸ਼ਾਮ ਨੂੰ ਇੱਕ ਰੈਲੀ ਵਿੱਚ ਹਿੱਸਾ ਲੈਣ ਲਈ ਮਾਂਟਰੀਅਲ ਜਾਣ ਤੋਂ ਪਹਿਲਾਂ ਰਾਇਰਸਨ ਯੂਨੀਵਰਸਿਟੀ ਵਿਖੇ ਪੋਸਟ ਸੈਕੰਡਰੀ ਐਜੂਕੇਸ਼ਨ ਸਬੰਧੀ ਪਾਰਟੀ ਦੀ ਨੀਤੀ ਬਾਰੇ ਗੱਲ ਕਰ ਰਹੀ ਹੈ। ਪੀਪਲਜ਼ ਪਾਰਟੀ ਦੇ ਆਗੂ ਮੈਕਸਿਮ ਬਰਨੀਅਰ ਦੱਖਣਪੱਛਮ ਓਨਟਾਰੀਓ ਵਿੱਚ ਕਈ ਥਾਵਾਂ ਉੱਤੇ ਜਾ ਕੇ ਆਪਣੀ ਪਾਰਟੀ ਦੀਆਂ ਨੀਤੀਆਂ ਦਾ ਪ੍ਰਚਾਰ ਕਰ ਰਹੇ ਹਨ।

# ਬਰੈਂਪਟਨ ਵਾਸੀਆਂ ਨੂੰ ਬਿਹਤਰੀਨ ਹੈਲਥ ਕੇਅਰ ਸਰਵਿਸਿਜ਼ ਮੁਹੱਈਆ ਕਰਾਵੇਗੀ ਐਨਡੀਪੀ



ਬਰੈਂਪਟਨ, 1 ਅਕਤੂਬਰ (ਪੋਸਟ ਬਿਊਰੋ) : ਲੋਕਲ ਐਨਡੀਪੀ ਉਮੀਦਵਾਰਾਂ ਵੱਲੋਂ ਅੱਜ ਬਰੈਂਪਟਨ ਵਾਸੀਆਂ ਲਈ ਨਵੀਂ ਡੀਲ ਸਾਂਝੀ ਕੀਤੀ ਗਈ। ਇਸ ਤਹਿਤ ਬਰੈਂਪਟਨ ਵਾਸੀਆਂ ਲਈ ਬਿਹਤਰੀਨ ਹੈਲਥ ਕੇਅਰ ਸਰਵਿਸਿਜ਼ ਬਾਰੇ ਜਾਣਕਾਰੀ ਦਿੱਤੀ ਗਈ।

ਬਰੈਂਪਟਨ ਈਸਟ ਤੋਂ ਐਨਡੀਪੀ ਉਮੀਦਵਾਰ ਸਰਨਜੀਤ ਸਿੰਘ ਨੇ ਦੱਸਿਆ ਕਿ ਸਥਾਨਕ ਲੋਕਾਂ ਤੋਂ ਹੀ ਉਨ੍ਹਾਂ ਨੂੰ ਪਤਾ ਲੱਗਿਆ ਹੈ ਕਿ ਆਪਦੀ ਨੁਮਾਇੰਦਗੀ ਲਈ ਜਿਨ੍ਹਾਂ ਲਿਬਰਲਾਂ ਨੂੰ ਉਨ੍ਹਾਂ ਚੁਣਿਆ ਸੀ ਉਨ੍ਹਾਂ ਨੇ ਹੀ ਬਰੈਂਪਟਨ ਵਾਸੀਆਂ ਨੂੰ ਇੱਕਲਿਆਂ ਛੱਡ ਦਿੱਤਾ। ...ਬਾਕੀ ਪੰਨਾ 6 'ਤੇ

# ਨਵੇਂ ਪੀਲ ਪੁਲੀਸ ਮੁਖੀ ਦੀ ਨਿਯੁਕਤੀ- ਇੱਕ ਅੱਛਾ ਆਗਾਜ਼

### ਪੰਜਾਬੀ ਪੋਸਟ ਵਿਸ਼ੇਸ਼



ਤਾਮਿਲ ਮੂਲ ਨਾਲ ਸਬੰਧਿਤ ਹਾਲਟਨ ਪੁਲੀਸ ਦੇ ਡਿਪਟੀ ਪੁਲੀਸ ਚੀਫ਼ ਨਿਸ਼ਾਨ (ਨਿਸ਼) ਦੁਰਾਈਅੱਪਾ (Nishan Duraiappah) ਨੇ ਕੱਲ ਪੀਲ ਰੀਜਨਲ ਪੁਲੀਸ ਦੇ ਮੁਖੀ ਵਜੋਂ ਸਹੁੰ ਚੁੱਕ ਲਈ ਹੈ। ਕਿਸੇ ਰੰਗਦਾਰ ਭਾਈਚਾਰੇ ਵਿੱਚੋਂ ਨਿਯੁਕਤ ਕੀਤਾ ਗਿਆ ਉਹ ਪੀਲ ਪੁਲੀਸ ਦਾ ਪਹਿਲਾ ਮੁਖੀ ਹੈ। ਨਿਸ਼ਾਨ ਦੀ ਨਿਯੁਕਤੀ ਇੱਕ ਆਸ ਦੀ ਕਿਰਣ ਜਗਾਉਂਦਾ ਹੈ ਕਿ ਜਿਸ ਖੇਤਰ ਦੀ ਅੱਧੀ ਤੋਂ ਵੱਧ ਵੱਸੋਂ ਦਾ ਜਨਮ ਕੈਨੇਡਾ ਤੋਂ ਬਾਹਰ ਹੋਇਆ ਹੈ, ਉਸਨੂੰ ਕਮਿਊਨਿਟੀ ਪੁਲੀਸਿੰਗ ਦਾ ਇੱਕ ਵੱਖਰਾ ਅਤੇ ਨਵਾਂ ਅਨੁਭਵ ਹਾਸਲ ਹੋਣਾ ਆਰੰਭ ਹੋਵੇਗਾ।

ਇਸਤੋਂ ਪਹਿਲਾਂ ਕਿ ਅਸੀਂ ਨਵੇਂ ਮੁਖੀ ਤੋਂ ਲੋੜੋਂ ਵੱਧ ਆਸਾਂ ਰੱਖਣੀਆਂ ਆਰੰਭ ਕਰ ਦੇਈਏ, ਇਹ ਖਿਆਲ ਰੱਖਣਾ ਲਾਜ਼ਮੀ ਹੋਵੇਗਾ ਕਿ ਪੀਲ ਪੁਲੀਸ ਮੁਖੀ 2000 ਤੋਂ ਵੱਧ ਵਰਦੀਧਾਰੀ ਅਤੇ 850 ਦੇ ਕਰੀਬ ਸਿਵਲੀਅਨ ਮੁਲਾਜ਼ਮਾਂ ਦੀ ਨਫ਼ਰੀ ਵਾਲੀ ਫੋਰਸ ਦੀ ਅਗਵਾਈ ਕਰਨ ਲਈ ਜ਼ੁੰਮੇਵਾਰ ਹੈ। ਉਹ ਇੱਕਲਾ ਸਮੁੱਚੇ ਸਿਸਟਮ ਨੂੰ ਰਾਤੋ ਰਾਤ ਦਰੁਸਤ ਨਹੀਂ ਕਰ ਸਕਦਾ। ਫਰ ਹਾਂ ਉਸਦੀ ਨਿਯੁਕਤੀ ਇੱਕ ਅੱਛੀ ਸ਼ੁਰੂਆਤ ਹੈ ਜਿਸਦਾ ਸੁਆਗਤ ਕਰਨਾ ਬਣਦਾ ਹੈ। ਇਸ ਸ਼ੁਰੂਆਤ ਨੂੰ ਖੁਸ਼ਆਮਦੀਦ ਇਸ ਲਈ ਨਹੀਂ ਆਖਣਾ ਚਾਹੀਦਾ ਕਿ ਕੱਲ ਨੂੰ ਸੜਕ ਉੱਤੇ ਡਿਊਟੀ ਕਰਨ ਵਾਲੇ ਪੁਲੀਸ ਅਫ਼ਸਰਾਂ ਦੇ ਪਬਲਿਕ ਪ੍ਰਤੀ ਵਤੀਰੇ ਵਿੱਚ ਕੋਈ ਤੁਫਾਨੀ ਤਬਦੀਲੀ ਆਵੇਗੀ। ਇਸਦੇ ਉਲਟ ਸੰਭਵ ਹੈ ਕਿ ਕਈਆਂ ਦੇ ਰਵਈਏ ਵਿੱਚ ਕੁੜਤਣ ਭਰ ਜਾਵੇ ਕਿਉਂਕਿ ਕਈ ਭੱਦਰਪੁਰਸ਼ ਅਫ਼ਸਰ ਉਹ ਹੋਣਗੇ ਜਿਹਨਾਂ ਨੂੰ ਇਹ ਤਬਦੀਲੀ ਬਿਲਕੁਲ ਚੰਗੀ ਨਾ ਲੱਗੇ ਜਿਸਨੂੰ ਅਸੀਂ ਚੰਗੇ ਮੰਨ ਕੇ ਅਸੀਂ ਤੱਸਲੀ ਮਹਿਸੂਸ ਰਹੇ ਹਾਂ। ...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home Auto
Business Trucking
Life Insurance Commercial
647-206-2452 Sukhwinder K Singh
CONNEX 7050A Bramalea Rd. Unit # 13, Mississauga, ON L5S 1T1

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵੱਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵੱਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
Jasbir Singh Hundal Qualified Credit Counsellor
www.MakeMeDebtFree.ca 416-502-3100 1888 864 3131
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ Individual Yard & Driveway
✓ 25x100ft lot
✓ Finished Basement

| | |
|---|---|
| 40k | $10,000 Submitted with offer |
| Deposit | $10,000 Submitted 90 days after Offer Date |
| Structure | $20,000 Submitted 150 days after Offer Date |

**Jagdish Grewal**
*Sales Representative*



**Residential | Commercial | Investment**

**(416) 970-5005**

Century 21 President Realty Inc Brokerage* Independently Owned and Operated.

***www.vipcondonetwork.com***
27 Armthorpe Rd Brampton #3,
ON L6T 5M4 | Fax : 905-488-2101

***Office: 905-488-2100 Ext. 348***




chatr™ AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਪਾਰਟੀ ਪੱਕੀ ਬੰਧੇਜ ਦੀ ਸੁਣੀ ਜਿਹੜੀ,
ਬਾਗੀ ਭਾਜਪਾ ਦੇ ਲੀਡਰ ਹੋਏ ਮਿੱਤਰ।
ਟਿਕਟਾਂ ਦੇਣ ਤੋਂ ਜਿਨ੍ਹਾਂ ਨੂੰ ਨਾਂਹ ਹੋ ਗਈ,
ਖੜੇ ਸੜਕ ਉੱਪਰ ਪਹਿਲਾਂ ਰੋਏ ਮਿੱਤਰ।
ਮਗਰੋਂ ਭੀੜ ਜਹੀ ਜੋੜ ਸਮੱਰਥਕਾਂ ਦੀ,
ਚੱਲੇ ਪਾਰਟੀ ਲਈ ਪੁੱਟਣ ਟੋਏ ਮਿੱਤਰ।
ਹੋਏ ਬਾਗੀ ਤੇ ਚੱਲੇ ਫਿਰ ਭਰਨ ਕਾਗਜ਼,
ਪਾਰਟੀ ਮੂਹਰੇ ਵੀ ਆਣ ਖੜੋਏ ਮਿੱਤਰ।
ਦਬਕਾ ਮੋਦੀ ਦਾ ਸੁਣੀਂਦਾ ਚਹੁੰ-ਤਰਫੀਂ,
ਜਾਣਿਆ ਟਿੱਚ ਨਾ ਪਾਰਟੀ ਬਾਗੀਆਂ ਨੇ।
ਖਾਕੀ ਨਿੱਕਰ ਵੀ ਛੱਡ ਪਤਲੂਨ ਪਹਿਨੀ,
ਸੁੱਟੀਆਂ ਤੋੜ ਕੇ ਕਹਿੰਦੇ ਤੜਾਗੀਆਂ ਨੇ।

ਤੀਸ ਮਾਰ ਖਾਂ

# ਓਨਟਾਰੀਓ ਵਿੱਚ ਪੰਜ ਬੱਚਿਆਂ ਲਈ ਜਾਰੀ ਕੀਤਾ ਗਿਆ ਐਂਬਰ ਐਲਰਟ

ਟੋਰਾਂਟੋ, 1 ਅਕਤੂਬਰ (ਪੋਸਟ ਬਿਊਰੋ) : ਦੱਖਣੀ ਓਨਟਾਰੀਓ ਦੇ ਨਾਇਗਰਾ ਰੀਜਨ ਵਿੱਚੋਂ ਪਿਛਲੇ ਮਹੀਨੇ ਕਥਿਤ ਤੌਰ ਉੱਤੇ ਆਪਣੇ ਪਿਤਾ ਵੱਲੋਂ ਅਗਵਾ ਕੀਤੇ ਗਏ ਪੰਜ ਬੱਚਿਆਂ ਲਈ ਮੰਗਲਵਾਰ ਨੂੰ ਐਂਬਰ ਐਲਰਟ ਜਾਰੀ ਕੀਤਾ ਗਿਆ। ਜਾਂਚਕਾਰ ਬੱਚਿਆਂ ਦੀ ਸੇਫਟੀ ਨੂੰ ਲੈ ਕੇ ਚਿੰਤਤ ਹਨ। 5 ਸਾਲਾ ਐਵਲਿਨ, 10 ਸਾਲਾ ਮੈਟੀਅਸ, 11 ਸਾਲਾ ਸੋਵਰੇਨ ਮੈਕਡਰਮਿਡ, 13 ਸਾਲਾ ਐਸਕਾ, 14 ਸਾਲਾ ਮੈਗਨਸ ਨੂੰ ਆਖਰੀ ਵਾਰੀ ਓਨਟਾਰੀਓ ਦੇ ਜਾਰਡਨ ਇਲਾਕੇ ਵਿੱਚ ਵੇਖਿਆ ਗਿਆ ਸੀ। ਨਾਇਗਰਾ ਰੀਜਨਲ ਪੁਲਿਸ ਸਰਵਿਸ ਅਨੁਸਾਰ ਇਹ ਇਲਾਕਾ ਹੈਮਿਲਟਨ ਤੋਂ 50 ਕਿਲੋਮੀਟਰ ਪੂਰਬ ਵੱਲ ਸਥਿਤ ਹੈ। ਕਾਂਸਟੇਬਲ ਫਿਲ ਗੈਵਿਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਸਮੇਂ ਬੱਚਿਆਂ ਦੇ ਥਹੁ-ਟਿਕਾਣੇ ਬਾਰੇ ਕੋਈ ਜਾਣਕਾਰੀ ਨਹੀਂ ਹੈ। ਪਰ ਉਨ੍ਹਾਂ ਆਖਿਆ ਕਿ ਬੱਚਿਆਂ ਦੀ ਸੇਫਟੀ ਸਾਡੀ ਚਿੰਤਾ ਦਾ ਮੁੱਖ ਕਾਰਨ ਹੈ।



ਪੁਲਿਸ ਦਾ ਮੰਨਣਾ ਹੈ ਕਿ ਬੱਚਿਆਂ ਨੂੰ ਉਨ੍ਹਾਂ ਦੇ ਘਰ ਤੋਂ 19 ਸਤੰਬਰ ਤੇ 25 ਸਤੰਬਰ ਦਰਮਿਆਨ ਲਿਆ ਗਿਆ। ਗੈਵਿਨ ਨੇ ਆਖਿਆ ਕਿ ਐਂਬਰ ਐਲਰਟ ਮੰਗਲਵਾਰ ਨੂੰ ਸ਼ਾਮੀਂ 5:00 ਵਜੇ ਉਦੋਂ ਜਾਰੀ ਕੀਤਾ ਗਿਆ ਜਦੋਂ ਨਾਇਗਰਾ ਦੀ ਫੈਮਿਲੀ ਐਂਡ ਚਿਲਡਰਨ ਸਰਵਿਸਿਜ਼ ਨੇ ਪਿਛਲੇ 24 ਘੰਟਿਆਂ ਤੋਂ ਬੱਚਿਆਂ ਦੇ ਲਾਪਤਾ ਹੋਣ ਦੀ ਖਬਰ ਦਿੱਤੀ। ਪੁਲਿਸ ਨੇ ਅਗਵਾਕਾਰ ਦੀ ਪਛਾਣ ਬੱਚਿਆਂ ਦੇ 49 ਸਾਲਾ ਪਿਤਾ ਇਆਨ ਮੈਕਡਰਮਿਡ ਵਜੋਂ ਕੀਤੀ ਹੈ। ਪੁਲਿਸ ਨੇ ਦੱਸਿਆ ਕਿ ਬੱਚਿਆਂ ਦੇ ਪਿਤਾ ਨੇ ਉਨ੍ਹਾਂ ਨੂੰ ਮੋੜਨ ਵਿੱਚ ਆਨਾਕਾਨੀ ਕਰਕੇ ਕਸਟਡੀ ਸਬੰਧੀ ਆਰਜ਼ੀ ਹੁਕਮਾਂ ਦੀ ਉਲੰਘਣਾ ਕੀਤੀ ਹੈ।

ਮੈਕਡਰਮਿਡ ਬਾਰੇ ਜਾਰੀ ਕੀਤੇ ਗਏ ਵੇਰਵੇ ਅਨੁਸਾਰ ਉਹ ਛੇ ਫੁੱਟ ਲੰਮਾਂ,280 ਪਾਊਂਡ ਦਾ ਵਿਅਕਤੀ ਹੈ, ਉਸ ਦੀਆਂ ਅੱਖਾਂ ਦਾ ਰੰਗ ਨੀਲਾ ਤੇ ਸਿਰ ਤੇ ਮੂੰਹ ਦੇ ਵਾਲਾਂ ਦਾ ਰੰਗ ਭੂਰਾ ਹੈ। ਉਸ ਨੂੰ ਆਖਰੀ ਵਾਰੀ ਸੁਨਹਿਰੇ ਜਾਂ ਬੇਜ ਪਿੱਕ ਅੱਪ ਟਰੱਕ ਨੂੰ ਡਰਾਈਵ ਕਰਦਿਆਂ ਵੇਖਿਆ ਗਿਆ ਸੀ। ਗੈਵਿਨ ਨੇ ਆਖਿਆ ਕਿ ਗੱਡੀ ਦੀ ਲਾਇਸੰਸ ਪਲੇਟ ਬਾਰੇ ਹਾਲ ਦੀ ਘੜੀ ਕੋਈ ਜਾਣਕਾਰੀ ਨਹੀਂ ਹੈ। ਮੰਗਲਵਾਰ ਨੂੰ ਗੈਵਿਨ ਨੇ ਆਖਿਆ ਕਿ ਪੁਲਿਸ ਅਜੇ ਇਹ ਨਹੀਂ ਜਾਣਦੀ ਕਿ ਮੈਕਡਰਮਿਡ ਹੀ ਉਸ ਗੱਡੀ ਦਾ ਮਾਲਕ ਹੈ ਜਿਹੜੀ ਉਹ ਚਲਾ ਰਿਹਾ ਸੀ ਜਾਂ ਉਸ ਨੇ ਉਹ ਗੱਡੀ ਕਿਰਾਏ ਉੱਤੇ ਲਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਪਰਿਵਾਰ ਪਹਿਲਾਂ ਟੋਰਾਂਟੋ ਵਿੱਚ ਰਹਿੰਦਾ ਸੀ ਤੇ ਹੋ ਸਕਦਾ ਹੈ ਕਿ ਮੈਕਡਰਮਿਡ ਬੱਚਿਆਂ ਨੂੰ ਉੱਥੇ ਲੈ ਗਿਆ ਹੋਵੇ।

## ਮਹਿਲਾ ਉੱਤੇ ਚਾਕੂ ਨਾਲ ਹਮਲਾ ਕਰਨ ਵਾਲੇ ਵਿਅਕਤੀ ਨੂੰ ਕੀਤਾ ਗਿਆ ਚਾਰਜ

ਟੋਰਾਂਟੋ, 1 ਅਕਤੂਬਰ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਨੌਰਥ ਯੌਰਕ ਵਿੱਚ ਇੱਕ ਮਹਿਲਾ ਉੱਤੇ ਚਾਕੂ ਨਾਲ ਹਮਲਾ ਕਰਨ ਵਾਲੇ 30 ਸਾਲਾ ਵਿਅਕਤੀ ਖਿਲਾਫ ਕਈ ਚਾਰਜਿਜ਼ ਲਾਏ ਗਏ ਹਨ।

ਦੁਪਹਿਰੇ 2:00 ਵਜੇ ਐਮਰਜੰਸੀ ਅਮਲੇ ਨੂੰ ਗੋਲਡਿੰਗ ਪਾਰਕ ਦੇ ਉੱਤਰ ਵੱਲ ਯੰਗ ਸਟਰੀਟ ਤੇ ਪਲੈਜ਼ੈਂਟ ਐਵਨਿਊ ਇਲਾਕੇ ਵਿੱਚ ਸੱਦਿਆ ਗਿਆ। ਇਹ ਖਬਰ ਮਿਲੀ ਸੀ ਕਿ ਇੱਥੇ ਇੱਕ ਵਿਅਕਤੀ ਹੱਥ ਵਿੱਚ ਚਾਕੂ ਘੁਮਾ ਕੇ ਲੋਕਾਂ ਨੂੰ ਡਰਾ ਰਿਹਾ ਹੈ। ਮੌਕੇ ਉੱਤੇ ਪਹੁੰਚਣ ਉਪਰੰਤ ਅਧਿਕਾਰੀਆਂ ਨੇ ਇੱਕ ਮਹਿਲਾ ਨੂੰ ਜ਼ਖ਼ਮੀ ਹਾਲਤ ਵਿੱਚ ਪਾਇਆ। ਅਧਿਕਾਰੀਆਂ ਨੇ ਦੱਸਿਆ ਕਿ ਮਹਿਲਾ ਆਪਣੇ 30ਵਿਆਂ ਵਿੱਚ ਸੀ ਤੇ ਉਸ ਦੇ ਸ਼ਰੀਰ ਉੱਤੇ ਚਾਕੂ ਦੇ ਕਈ ਵਾਰ ਸਨ। ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਜਿਸ ਇਲਾਕੇ ਵਿੱਚੋਂ ਸ਼ੁਰੂ ਵਿੱਚ ਕਾਲ ਆਈ ਸੀ ਉਸ ਦੀ ਮੁੱਢਲੀ ਜਾਂਚ ਤੋਂ ਬਾਅਦ ਪੁਲਿਸ ਇੱਕ ਮਸ਼ਕੂਕ ਦੀ ਭਾਲ ਕਰਨ ਵਿੱਚ ਕਾਮਯਾਬ ਹੋ ਗਈ। ਇਸ ਸ਼ਖਸ ਤੱਕ ਪਹੁੰਚਣ ਲਈ ਪੁਲਿਸ ਦੀ ਕਈ ਲੋਕਾਂ ਨੇ ਮਦਦ ਕੀਤੀ। ਸੈਨ ਯੈਂਗ ਨਾਂ ਦੇ ਇਸ ਵਿਅਕਤੀ ਨੂੰ ਜਾਂਚ ਦੇ ਸਿਲਸਿਲੇ ਵਿੱਚ ਚਾਰਜ ਕਰ ਲਿਆ ਗਿਆ ਹੈ। ਉਸ ਖਿਲਾਫ ਛੇ ਚਾਰਜਿਜ਼ ਲਾਏ ਗਏ ਹਨ, ਜਿਨ੍ਹਾਂ ਵਿੱਚ ਕਤਲ ਦੀ ਕੋਸ਼ਿਸ਼ ਕਰਨਾ ਤੇ ਹਥਿਆਰ ਨਾਲ ਹਮਲਾ ਕਰਨਾ ਸ਼ਾਮਲ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਟਰੂਡੋ ਵੱਲੋਂ ਓਨਟਾਰੀਓ ਸਰਕਾਰ ਨੂੰ ਨਿਸ਼ਾਨਾ ਬਣਾਏ ਜਾਣ ਤੋਂ ਪ੍ਰੇਸ਼ਾਨ ਹਨ ਫੋਰਡ

ਓਨਟਾਰੀਓ, 1 ਅਕਤੂਬਰ (ਪੋਸਟ ਬਿਊਰੋ) : ਲਿਬਰਲ ਆਗੂ ਜਸਟਿਨ ਟਰੂਡੋ ਵੱਲੋਂ ਲਗਾਤਾਰ ਪ੍ਰੋਵਿੰਸ਼ੀਅਲ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੂੰ ਆਪਣਾ ਨਿਸ਼ਾਨਾ ਬਣਾਏ ਜਾਣ ਕਾਰਨ ਪ੍ਰੀਮੀਅਰ ਡੱਗ ਫੋਰਡ ਨੂੰ ਬਹੁਤ ਪਰੇਸ਼ਾਨੀ ਹੋ ਰਹੀ ਹੈ ਤੇ ਵਾਰੀ ਵਾਰੀ ਉਨ੍ਹਾਂ ਦਾ ਜੀਅ ਟਰੂਡੋ ਨੂੰ ਮੂੰਹ ਤੋੜ ਜਵਾਬ ਦੇਣ ਲਈ ਵੀ ਕਰਦਾ ਹੈ ਪਰ ਉਹ ਚੁੱਪ ਵੱਟੀ ਬੈਠੇ ਹਨ।

ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੂੰ ਨੁਕਸਾਨ ਨਾ ਪਹੁੰਚੇ ਇਸ ਕਾਰਨ ਫੋਰਡ ਕਿਸੇ ਤਰ੍ਹਾਂ ਦੜ ਵੱਟ ਰਹੇ ਹਨ। ਪਰ ਪ੍ਰਾਈਵੇਟ ਤੌਰ ਉੱਤੇ ਉਹ ਇਹ ਖੁਲਾਸਾ ਕਰ ਚੁੱਕੇ ਹਨ ਕਿ ਉਹ ਟਰੂਡੋ ਵੱਲੋਂ ਰੋਜ਼ਾਨਾ ਉਨ੍ਹਾਂ ਦੀ ਸਰਕਾਰ ਉੱਤੇ ਚਿੱਕੜ ਉਛਾਲੇ ਜਾਣ ਤੋਂ ਉਹ ਅੱਕ ਚੁੱਕੇ ਹਨ। ਆਪਣੇ ਵੱਲੋਂ ਜਨਤਕ ਤੌਰ ਉੱਤੇ ਕੀਤੀਆਂ ਗਈਆਂ ਕੁੱਝ ਟਿੱਪਣੀਆਂ ਵਿੱਚ ਪ੍ਰੀਮੀਅਰ ਵੱਲੋਂ ਇਹ ਦਰਸਾਇਆ ਜਾ ਰਿਹਾ ਹੈ ਕਿ ਉਹ ਸਿਰਫ ਆਪਣੀ ਸਰਕਾਰ ਚਲਾਉਣ ਵੱਲ ਧਿਆਨ ਦੇ ਰਹੇ ਹਨ ਜਦਕਿ ਟਰੂਡੋ ਕੈਂਪੇਨਿੰਗ ਵਿੱਚ ਲੱਗੇ ਹੋਏ ਹਨ।



ਪਰ ਫੋਰਡ ਦੇ ਨਜ਼ਦੀਕੀਆਂ ਦਾ ਕਹਿਣਾ ਹੈ ਕਿ ਟਰੂਡੋ ਵੱਲੋਂ ਉਨ੍ਹਾਂ ਉੱਤੇ ਝਾੜੇ ਜਾ ਰਹੇ ਨਜ਼ਲੇ ਤੋਂ ਉਹ ਉੱਕਾ ਹੀ ਖੁਸ਼ ਨਹੀਂ ਹਨ। ਇੱਥੇ ਦੱਸਣਾ ਬਣਦਾ ਹੈ ਕਿ ਟਰੂਡੋ ਸਿੱਖਿਆ, ਸਿਹਤ, ਨਿਆਂ ਤੇ ਇਨਫਰਾਸਟ੍ਰਕਚਰ ਫੰਡਿੰਗ ਵਰਗੇ ਮੁੱਦਿਆਂ ਉੱਤੇ ਫੋਰਡ ਉੱਤੇ ਤਣਜ ਕੱਸਣ ਤੋਂ ਬਾਜ਼ ਨਹੀਂ ਆ ਰਹੇ। ਫੋਰਡ ਦੇ ਨਜ਼ਦੀਕੀਆਂ ਦਾ ਕਹਿਣਾ ਹੈ ਕਿ ਕਿਸੇ ਦੀ ਗੱਲ ਸੁਣ ਕੇ ਚੁੱਪ ਵੱਟਣਾ ਫੋਰਡ ਦੀ ਆਦਤ ਵਿੱਚ ਸ਼ੁਮਾਰ ਨਹੀਂ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

## ਟਰੰਪ ਦਾ ਟਵਿੱਟਰ ਅਕਾਊਂਟ ਬੰਦ ਕਰਨ ਦੀ ਮੰਗ ਵੀ ਉੱਠ ਪਈ

ਵਾਸ਼ਿੰਗਟਨ, 1 ਅਕਤੂਬਰ, (ਪੋਸਟ ਬਿਊਰੋ)- ਅਮਰੀਕਨ ਪਾਰਲੀਮੈਂਟਵਿੱਚ ਕੈਲੀਫੋਰਨੀਆ ਤੋਂ ਭਾਰਤੀ ਮੂਲ ਦੀ ਇੱਕ ਪ੍ਰਤੀਨਿਧ ਮੈਂਬਰ ਕਮਲਾ ਹੈਰਿਸ ਨੇ ਸੋਸ਼ਲ ਮੀਡੀਆ ਪਲੇਟਫਾਰਮ ਟਵਿੱਟਰ ਕੋਲੋਂ ਇਹ ਮੰਗ ਕੀਤੀ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਕਾਊਂਟ ਬੰਦ ਕਰ ਦੇਣ। ਕਮਲਾ ਨੇ ਕਿਹਾ ਕਿਉਹ ਚਾਹੁੰਦੀ ਹੈ ਕਿ ਪਾਰਲੀਮੈਂਟ ਮੈਂਬਰਾਂ ਅਤੇ ਵ੍ਹਿਸਲਬਲੋਅਰਸ ਉੱਤੇ ਹਮਲਾ ਕਰਨ ਦੇ ਮਾਮਲੇ ਵਿੱਚ ਕੰਪਨੀ ਇਹ ਕਦਮ ਚੁੱਕੇ।

ਵਰਨਣ ਯੋਗ ਹੈ ਕਿ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦਿਮੀਰ ਜੈਲੇਂਸਕੀ ਉੱਤੇਅਮਰੀਕਾ ਦੇ ਡੈਮੋਕੇਰਟ ਆਗੂ ਜੋਅ ਬਿਡੇਨ ਅਤੇ ਉਨ੍ਹਾਂ ਦੇ ਪੁੱਤਰ ਦੇ ਖਿਲਾਫ ਜਾਂਚ ਕਰਾਉਣ ਦਾ ਦਬਾਅ ਬਣਾਉਣ ਦੀ ਸ਼ਿਕਾਇਤ ਇਕ ਵ੍ਹਿਸਲ ਬਲੋਅਰ ਨੇ ਕੀਤੀ ਹੈ, ਜਿਸ ਨਾਲ ਅਮਰੀਕਾ ਦੀ ਸਿਆਸਤ ਭਖ ਗਈ ਹੈ। ਹੈਰਿਸ ਨੇ ਆਖਿਆ ਕਿ ਟਰੰਪ ਦੇ ਟਵਿੱਟਰ ਅਕਾਊਂਟਬੰਦ ਕਰ ਦੇਣਾ ਚਾਹੀਦਾ ਹੈ, ਕਿਉਂਕਿ ਇਸ ਗੱਲ ਦੇ ਸਬੂਤ ਇਹ ਦੱਸਦੇ ਹਨ ਕਿ ਟਰੰਪ ਆਪਣੇ ਸ਼ਬਦਾਂ ਬਾਰੇ ਕਿੰਨੇ ਜ਼ਿੰਮੇਵਾਰ ਹਨ, ਜਿਨ੍ਹਾਂ ਦਾ ਨਤੀਜਾ ਨੁਕਸਾਨਦੇਹ ਸਾਬਿਤ ਹੋ ਸਕਦਾ ਹੈ।

ਕਮਲਾ ਹੈਰਿਸ ਨੇ ਕਿਹਾ ਕਿ ਜੇ ਤੁਸੀਂ ਅੱਜ ਦੇ ਟਵੀਟਾਂ ਨੂੰ ਦੇਖੋ ਤਾਂ ਪਾਓਗੇ ਕਿ ਇਹ ਉਨ੍ਹਾਂ ਨੇ ਵ੍ਹਿਸਲਬਲੋਅਰ ਦੇ ਬਾਰੇ ਸਿੱਧਾ ਲਿਖਿਆ ਹੈ। ਮੈਨੂੰ ਸਾਫ ਲੱਗਦਾ ਹੈ ਕਿ ਇਸ ਦੇ ਆਧਾਰ ਉੱਤੇਤੇ ਇਸ ਤੋਂ ਪਹਿਲਾਂ ਉਨ੍ਹਾਂ ਨੇ ਜੋ ਕਾਂਗਰਸ ਦੇ ਮੈਂਬਰਾਂ ਉੱਤੇ ਹਮਲਾ ਕੀਤਾ ਸੀ, ਉਸ ਨੂੰ ਦੇਖਦੇ ਹੋਏ ਟਰੰਪਦਾ ਟਵਿੱਟਰ ਅਕਾਊਂਟ ਬੰਦ ਹੋਣਾ ਚਾਹੀਦਾ ਹੈ। ਟਵਿੱਟਰ ਨੇ ਅਜੇ ਤੱਕ ਕਮਲਾ ਹੈਰਿਸ ਦੀ ਮੰਗਕੋਈ ਪ੍ਰਤੀਕਿਰਿਆ ਨਹੀਂ ਦਿੱਤੀ।

ਇਸ ਤੋਂ ਪਹਿਲਾਂ ਡੋਨਾਲਡ ਟਰੰਪ ਨੇ 25 ਜੁਲਾਈ ਨੂੰ ਆਪਣੇ ਨਿੱਜੀ ਵਕੀਲ ਰੂਡੀ ਗਿਓਲਿਆਨੀ ਅਤੇ ਅਟਾਰਨੀ ਜਨਰਲ ਵਿਲੀਅਮ ਬਰ ਦੇ ਨਾਲ ਸਹਿਯੋਗ ਕਰਨ ਲਈ ਯੂਕ੍ਰੇਨੀ ਰਾਸ਼ਟਰਪਤੀ ਵੋਲੋਦਿਮੀਰ ਜੈਲੇਂਸਕੀ ਉੱਤੇ ਇਕ ਯੂਕ੍ਰੇਨੀ ਗੈਸ ਕੰਪਨੀ ਦੀ ਜਾਂਚ ਕਰਨ ਦਾ ਦਬਾਅ ਪਾਇਆ ਸੀ। ਇਹ ਕੰਪਨੀ ਸਾਬਕਾ ਉਪ ਰਾਸ਼ਟਰਪਤੀ ਜੋਅ ਬਿਡੇਨ ਦੇ ਪੁੱਤਰ ਹੰਟਰ ਨਾਲ ਸਬੰਧਤ ਹੋ ਸਕਦੀ ਹੈ। ਇਹ ਜਾਣਕਾਰੀ ਵ੍ਹਾਈਟ ਹਾਊਸ ਤੋਂ ਪਿਛਲੇ ਹਫਤੇ ਜਾਰੀ ਕੀਤੀ ਗਈ ਕਾਲ ਡਿਟੇਲ ਤੋਂ ਮਿਲੀ ਹੈ। ਯੂ ਐੱਸ ਹਾਊਸ ਇੰਟੈਲੀਜੈਂਸ ਕਮੇਟੀ ਨੇ ਵਕੀਲ ਗਿਓਲਿਆਨੀ ਨੂੰ ਸੰਮਨ ਭੇਜ ਕੇ ਉਨ੍ਹਾਂ ਨੂੰ ਆਖਿਆ ਹੈ ਕਿ ਉਹ 24 ਸਤੰਬਰ ਨੂੰ ਹਾਊਸ ਡੈਮੋਕ੍ਰੇਟਸਵੱਲੋਂਟਰੰਪ ਦੇ ਖਿਲਾਫਸ਼ੁਰੂ ਕੀਤੇ ਮਹਾਦੋਸ਼ ਦੀ ਜਾਂਚ ਵਿੱਚ ਸਹਿਯੋਗ ਕਰਨ ਤੇ ਯੂਕ੍ਰੇਨ ਨਾਲ ਟਰੰਪ ਦੀ ਸੌਦੇਬਾਜ਼ੀ ਦੇ ਦਸਤਾਵੇਜ਼ ਪੇਸ਼ ਕਰਨ। ਇਨਾਂ ਦੋਸ਼ਾਂ ਬਾਰੇ ਟਰੰਪ ਲਗਾਤਾਰ ਆਪਣਾ ਬਚਾਅ ਕਰਦੇ ਰਹੇ ਹਨ। ਵ੍ਹਾਈਟ ਹਾਊਸ ਵਿੱਚ ਉਨ੍ਹਾਂ ਕਿਹਾ ਕਿ ਅਸੀਂ ਇਕ ਵ੍ਹਿਸਲਬਲੋਅਰ ਦੇ ਬਾਰੇਜਾਣਨ ਦੀ ਕੋਸ਼ਿਸ਼ ਕਰ ਰਹੇ ਹਾਂ, ਸਾਡੇ ਕੋਲ ਇਕ ਵ੍ਹਿਸਲਬਲੋਅਰ ਹੈ, ਜੋ ਉਨ੍ਹਾਂ ਚੀਜ਼ਾਂ ਦੀ ਰਿਪੋਰਟ ਕਰਦਾ ਹੈ, ਜੋ ਗਲਤ ਹਨ।

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary + Commison, Potential to earn $50,000/Year, Must have Own Car, Fluent in English & Punjabi.
Send your resume at: balwinder@punjabipost.ca
Call Punjabi Post: 905.793.2202

UKTTC
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੂਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਪੰਜਾਬ ਦੇ ਹੜ੍ਹ ਪੀੜਤਾਂ ਦੀ ਮੱਦਦ ਲਈ ਬਰੈਂਪਟਨ ਵਾਸੀ ਅੱਗੇ ਆਏ



ਇਸ ਸਾਲ ਪੰਜਾਬ ਵਿਚ ਹੜ੍ਹਾ ਨੇ ਭਾਰੀ ਨੁਕਸਾਨ ਕੀਤਾ ਹੈ। ਹੋਏ ਨੁਕਸਾਨ ਦੀ ਭਰਪਾਈ ਲਈ ਦੇਸ਼ਾਂ ਵਿਦੇਸ਼ਾਂ ਤੋਂ ਦਾਨੀ ਵੀਰਾਂ ਅਤੇ ਭੈਣਾ ਨੇ ਵਧ ਚੜ੍ਹਕੇ ਮਦਤ ਕੀਤੀ ਹੈ। ਇਸ ਸਿਲਸਿਲੇ ਖਾਲਸਾ ਏਡ ਸੁਸਾਈਟੀ ਜਿਸ ਦਾ ਦਫਤਰ ਬੀਸੀ ਵਿਚ ਹੈ, ਖੁਭ ਸਰਗਰਮ ਹੈ। ਉਨ੍ਹਾ ਦੇ ਕਰਿੰਦੇ ਜੀਟੀਏ ਵਿਚ ਵੀ ਮਾਜੂਦ ਹਨ। ਬਰੈਪਟਨ ਈਸਟ ਵਿਚ ਇਕ ਨਵੀਂ ਉਸਰੀ ਅਬਾਦੀ, ਜੋ ਏਅਰਪੋਰਟ ਰੋਡ ਦੇ ਵੈਸਟ ਵਿਚ ਪੈਂਦੇ ਜ਼ੈਲੋ ਐਵਨੀਊ ਬੁਲੇਵਰਡ ਦੇ ਆਲੇ ਦੁਆਲੇ ਸਥਿਤ ਹੈ। ਇਸ ਇਲਾਕੇ ਦੀ ਆਰ ਐਮ ਵੈਲ ( R. M. Well Park) ਪਾਰਕ ਵਿਚ ਬੈਠਦੇ ਬਜ਼ੁਰਗਾ ਦੇ ਮਨ ਵਿਚ ਸ਼ਰਧਾ

ਜਾਗੀ ਕਿ ਆਪਣੇ ਪੰਜਾਬ ਵਿਚ ਰਹਿੰਦੇ ਭਰਾਵਾ ਦੀ ਮਦਤ ਕੀਤੀ ਜਾਵੇ। 2-3 ਦਿਨਾ ਵਿਚ ਹੀ 3500 ਡਾਲਰ ਦੀ ਰਕਮ ਇਕੱਤਰ ਹੋ ਗਈ। ਦਾਨ ਦੇਣ ਵਾਲੇ ਸਜਣ ਕੇਵਲ ਪੰਜਾਬੀ ਹੀ ਨਹੀਂ ਸਨ ਸਗੋਂ ਦੂਸਰੇ ਭਾਈ ਚਾਰਿਆ ਵਿਚੋਂ ਵੀ ਅਗੇ ਆਏ ਸਨ।

3500 ਡਾਲਰ ਦਾ ਚੈਕ ਖਾਲਸਾ ਏਡ ਸੁਸਾਇਟੀ ਦੇ ਨੁਮਾਂਇੰਦੇ ਸਰਦਾਰ ਗੁਰਚਰਨ ਸਿੰਘ ਜੀ ਫੋਨ ਨੰਬਰ 416 277 7880 ਨੂੰ ਦੇ ਦਿਤਾ ਗਿਆ। ਇਸ ਚੰਗੇ ਕਾਰਜ ਨੂੰ ਕਰਨ ਲਈ ਜਿਨ੍ਹਾ ਸਜਣਾ ਨੇ ਅਗੇ ਹੋਕੇ ਮਾਇਆ ਇਕੱਤਰ ਕੀਤੀ ਉਨ੍ਹਾ ਦੇ ਨਾਮ ਹਨ। ਸਰਦਾਰ ਗੁਰਦੇਵ ਸਿੰਘ ਰਖਰਾ, ਮਿਸਟਰ ਸੋਨੀ ਫਰੈਂਸਜ਼, ਰੂਪ ਸਿੰਘ ਸੇਖੋਂ, ਜਗਦੇਵ ਸਿੰਘ, ਸ਼ੰਗਾਰਾ ਸਿੰਘ, ਅਵਤਾਰ ਸਿੰਘ ਅਤੇ ਹਰਪ੍ਰਕਾਸ਼।

# ਐੱਨ.ਆਰ.ਆਈ. ਭਾਈਚਾਰੇ ਨੂੰ ਆਪਣੀਆਂ ਜੜ੍ਹਾਂ ਨਾਲ ਮੁੜ ਜੋੜਨ ਵਾਲੇ ਪਵਨ ਦੀਵਾਨ ਦਾ ਸਨਮਾਨ





ਲੁਧਿਆਣਾ/ਟੋਰਂਟੋ, 1 ਅਕਤੂਬਰ: ਪੰਜਾਬ ਲਾਰਜ਼ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਪਵਨ ਦੀਵਾਨ ਵੱਲੋਂ ਐੱਨਆਰਆਈ ਭਾਈਚਾਰੇ ਨੂੰ ਆਪਣੀਆਂ ਜੜ੍ਹਾਂ ਨਾਲ ਮੁੜ ਤੋਂ ਜੋੜਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਕੈਨੇਡਾ ਸਰਕਾਰ ਵੱਲੋਂ ਵੀ ਸ਼ਲਾਘਾ ਕੀਤੀ ਗਈ ਹੈ।

ਪਵਨ ਦੀਵਾਨ ਦਾ ਬ੍ਰਹਮਟਨ ਵੈਸਟ ਦੇ ਐੱਮਪੀਪੀ ਅਮਰਜੋਤ ਸੰਧੂ ਤੇ ਮਿਸਸ-ਾਗਾ ਮਾਲਟਨ ਦੇ ਐੱਮਪੀਪੀ ਦੀਪਕ ਆਨੰਦ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਕੈਨੇਡਾ ਸਰਕਾਰ ਵੱਲੋਂ ਪ੍ਰਸੰਸਾ ਪੱਤਰ ਵੀ ਸੌਂਪੇ ਗਏ।

ਇਨ੍ਹਾਂ ਪ੍ਰਸ਼ੰਸਾ ਪੱਤਰਾਂ ਚ ਪਵਨ ਦੀਵਾਨ ਵੱਲੋਂ ਭਾਰਤ ਅਤੇ ਕੈਨੇਡਾ ਦੇ ਦੋਸਤਾਨਾ ਸੰਬੰਧਾਂ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਦਾ ਜ਼ਕਿਰ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਸ਼ਲਾਘਾ ਕਰਦਿਆਂ ਕੈਨੇਡਾ ਸਰਕਾਰ ਨੇ ਪਵਨ ਦੀਵਾਨ ਨੂੰ ਸਨਮਾਨਿਤ ਕਰਨ ਤੇ ਖੁਸ਼ੀ ਪ੍ਰਗਟਾਈ ਹੈ। ਖਾਸ ਤੌਰ ਤੇ ਅਮਰਜੋਤ ਸੰਧੂ ਐੱਮਪੀਪੀ ਨੇ ਕਿਹਾ ਹੈ ਕਿ ਭਾਰਤ ਉਨ੍ਹਾਂ ਦੀ ਜਨਮ ਭੂਮੀ ਹੈ ਅਤੇ ਦੋਨਾਂ ਦੇਸ਼ਾਂ ਵਿਚਾਲੇ ਸਬੰਧ ਹੋਰ ਵੀ ਮਜ਼ਬੂਤ ਹੋਏ ਹਨ। ਉੱਥੇ ਹੀ ਦੀਪਕ ਆਨੰਦ ਐੱਮਪੀਪੀ ਨੇ ਕਿਹਾ ਕਿ ਉਹ ਪਵਨ ਦੀਵਾਨ ਦੇ ਉੱਦਮਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦਾ ਤਹਿ ਦਿਲੋਂ ਸਵਾਗਤ ਕਰਦੇ ਹਨ।

ਇਸ ਮੌਕੇ ਪਵਨ ਦੀਵਾਨ ਨੇ ਧੰਨਵਾਦ ਪ੍ਰਗਟਾਉਂਦਿਆਂ ਕਿਹਾ ਕਿ ਐਨਆਰਆਈ ਭਾਈਚਾਰੇ ਨੇ ਨਾ ਸਿਰਫ਼ ਕਨੇਡਾ ਦੀ ਤਰੱਕੀ ਵਾਸਤੇ ਬਹੁਮੁੱਲਾ ਯੋਗਦਾਨ ਦਿੱਤਾ ਹੈ, ਬਲਕਿ ਪੰਜਾਬ ਦੇ ਵਿਕਾਸ ਚ ਵੀ ਉਹ ਅਹਿਮ ਹਿੱਸਾ ਪਾ ਸਕਦੇ ਹਨ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਐਨਆਰਆਈ ਭਾਈਚਾਰੇ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਵਾਸਤੇ ਚੁੱਕੇ ਕਦਮਾਂ ਦਾ ਜਿਕਰ ਵੀ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ, ਅਮਰਪ੍ਰੀਤ ਔਲਖ ਪ੍ਰਧਾਨ ਇੰਡੀਅਨ ਓਵਰਸੀਜ਼ ਕਾਂਗਰਸ ਕੈਨੇਡਾ ਤੇ ਭੁਪਿੰਦਰ ਗਰੇਵਾਲ ਵੀ ਮੌਜੂਦ ਰਹੇ।

# ਪਰਵਾਸੀ ਪੰਜਾਬ ਪੈੱਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ ਦੀ ਮੀਟਿੰਗ ’ਚ ਪੈੱਨਸ਼ਨਰਾਂ ਨੇ ਵੱਡੀ ਗਿਣਤੀ ਵਿਚ ਭਰੀ ਹਾਜ਼ਰੀ

ਬਰੈਂਪਟਨ, (ਡਾ. ਝੰਡ) -ਬੀਤੇ ਬੁੱਧਵਾਰ 25 ਸਤੰਬਰ ਨੂੰ ਪਰਵਾਸੀ ਪੰਜਾਬ ਪੈੱਨਸ਼ਨਰਜ਼ ਐਸੋਸੀਏਸ਼ਨ ਦੀ ਬਰੈਂਪਟਨ ਸੌਕਰ ਸੈਂਟ ਵਿਚ ਹੋਈ ਮੀਟਿੰਗ ਵਿਚ ਐਸੋਸੀਏਸ਼ਨ ਦੇ ਲੱਗਭੱਗ 150 ਮੈਂਬਰਾਂ ਨੇ ਸ਼ਾਮਲ ਹੋ ਕੇ ਆਪਣੀ ਭਰਪੂਰ ਹਾਜ਼ਰੀ ਲੁਆਈ। ਮੀਟਿੰਗ ਦੀ ਪ੍ਰਧਾਨਗੀ ਐਸੋਸੀਏਸ਼ਨ ਦੀ ਕਾਰਜਕਾਰਨੀ ਦੇ 10 ਮੈਂਬਰਾਂ ਦੇ ਪ੍ਰਧਾਨਗੀ-ਮੰਡਲ ਵੱਲੋਂ ਕੀਤੀ ਗਈ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਪੰਜਾਬ ਵਿਚ ਪੈੱਨਸ਼ਨਾ ਸਬੰਧੀ ਉਨ੍ਹਾਂ ਨੂੰ ਆ ਰਹੀਆਂ ਮਸ਼ਕਲਾਂ ਸਬੰਧੀ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਬੁਲਾਰਿਆਂ ਵਿਚ ਪਰਮਜੀਤ ਸਿੰਘ ਢਿੱਲੋਂ, ਮੱਲ ਸਿੰਘ ਬਾਸੀ, ਰਾਮ ਪ੍ਰਕਾਸ਼, ਐੱਚ.ਐੱਸ. ਮਿਨਹਾਸ, ਐਡਵੋਕੇਟ ਲਖਵਿੰਦਰ ਸਿੰਘ ਸੰਧੂ, ਨਾਹਰ ਸਿੰਘ ਔਜਲਾ, ਜਰਨਲਿਸਟ ਚਰਨਜੀਤ ਸਿੰਘ ਬਰਾੜ ਤੇ ਡਾ. ਸੁਖਦੇਵ ਸਿੰਘ ਝੰਡ, ਰਜਨੀ ਸ਼ਰਮਾ, ਬਲਦੇਵ ਸਿੰਘ ਬਰਾੜ, ਪੀ.ਐੱਸ. ਸਚਦੇਵਾ, ਹਰੀ ਸਿੰਘ, ਤਾਰਾ ਸਿੰਘ ਗਰਚਾ, ਪ੍ਰੀਤਮ ਸਿੰਘ ਕੁਲਗਰਾਂ, ਇਕਬਾਲ ਕੌਰ ਛੀਨਾ, ਧਰਮਪਾਲ ਸਿੰਘ ਸੰਘਾ, ਸੁਖਵੰਤ ਕੌਰ, ਸੁਰਿੰਦਰ ਸਿੰਘ ਪਾਮਾ ਤੇ ਕਈ ਹੋਰ ਸ਼ਾਮਲ ਸਨ।

ਜਿੱਥੇ ਬਲਦੇਵ ਸਿੰਘ ਬਰਾੜ ਨੇ ਆਪਣੇ ਸੰਬੋਧਨ ਵਿਚ ਐਸੋਸੀਏਸ਼ਨ ਦੀਆਂ ਮੁੱਖ ਮੰਗਾਂ ਨੂੰ ਉਭਾਰਿਆ ਜਿਨ੍ਹਾਂ ਵਿਚ ਵੱਧਦੀ ਮਹਿੰਗਾਈ ਨੂੰ ਮੁੱਖ ਰੱਖਦਿਆਂ ਹੋਇਆਂ ਇੱਥੇ ਕੈਨੇਡਾ ਵਿਚ ਓਲਡ ਏਜ ਸਕਿਉਰਿਟੀ ਤੇ ਜੀ.ਆਈ.ਐੱਸ ਵਿਚ ਲੋੜੀਂਦੇ ਵਾਧੇ ਅਤੇ ਓਨਟਾਰੀਓ ਸੂਬੇ ਵਿਚ ਸੀਨੀਅਰਾਂ ਲਈ ਅਫ਼ੋਰਡੇਬਲ ਘਰਾਂ ਦੀ ਓਸਾਰੀ, ਆਦਿ ਸ਼ਾਮਲ ਸਨ, ਉੱਥੇ ਐਡਵੋਕੇਟ ਲਖਵਿੰਦਰ ਸੰਧੂ ਨੇ ਭਾਰਤ ਵਿਚ ਸੁਪਰੀਮ ਕੋਰਟ ਦੇ ਜਾਇਦਾਦਾਂ ਉੱਪਰ 12 ਸਾਲ ਤੱਕ ਕਬਜ਼ੇ ਵਾਲੇ ਫ਼ੈਸਲੇ ਦੇ ਕਾਨੂੰਨੀ ਪੱਖ ਨੂੰ ਉਜਾਗਰ ਕੀਤਾ। ਪੀ.ਐੱਸ. ਸਚਦੇਵਾ ਨੇ ਸਾਲ 2006 ਤੋਂ 2012 ਦੌਰਾਨ ਸੇਵਾ-ਮੁਕਤ ਹੋਣ ਵਾਲੇ ਪੈੱਨਸ਼ਨਰਾਂ



ਲਈ ਪੰਜਾਬ ਐਂਡ ਹਰਿਆਣਾ ਹਾਈਕੋਰਟ ਵੱਲੋਂ 25 ਸਾਲ ਨੌਕਰੀ ਕਰਨ ਵਾਲਿਆਂ ਲਈ 33 ਸਾਲ ਦੀ ਨੌਕਰੀ ਦੀ ਪੂਰੀ ਪੈੱਨਸਨ੍ਹ ਦੇਣ ਦੇ ਫ਼ੈਸਲੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਫ਼ੈਸਲਾ ਅਜੇ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ ਹੈ। ਡਾ. ਸੁਖਦੇਵ ਸਿੰਘ ਝੰਡ ਨੇ ਆਪਣੇ ਸੰਬੋਧਨ ਵਿਚ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਮੁੱਖ ਕੰਮਾਂ ਦਾ ਵੇਰਵਾ, ਪੰਜਾਬ ਸਰਕਾਰ ਵੱਲੋਂ ਪੈੱਨਸ਼ਨਰਾਂ ਸਬੰਧੀ ਵੱਖ-ਵੱਖ ਸਮੇਂ ਜਾਰੀ ਕੀਤੇ ਜਾਂਦੇ ਨੋਟੀਫ਼ੀਕੇਸ਼ਨਾਂ ਅਤੇ ਅਦਾਲਤੀ ਫ਼ੈਸਲਿਆਂ ਦੀਆਂ ਸੂਚਨਾਵਾਂ ਐਸੋਸੀਏਸ਼ਨ ਦੇ ਮੈਂਬਰਾਂ ਤੀਕ ਪਹੁੰਚਾਉਣ ਲਈ ਆਈ.ਟੀ. ਦੀ ਮੌਜੂਦਾ ਸੁਵਿਧਾ ਦੀ ਵਰਤੋਂ ਕਰਦਿਆਂ ਈ.ਮੇਲ ਦੀ ਵਰਤੋਂ ਕਰਨ ਲਈ ਕਿਹਾ। ਉਨ੍ਹਾਂ ਐਸੋਸੀਏਸ਼ਨ ਨੂੰ ਆਪਣੀ ਵੈੱਬਸਾਈਟ ਬਨਾਉਣ ਦਾ ਵੀ ਮਸ਼ਵਰਾ ਦਿੱਤਾ ਤਾਂ ਜੋ ਸਮੇਂ-ਸਮੇਂ ਲੋੜੀਂਦੀਆਂ ਸੂਚਨਾਵਾਂ ਇਸ ਉੱਪਰ ਪਾਈਆਂ ਜਾ ਸਕਣ।

ਇਸ ਮੌਕੇ ਸਾਬਕਾ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ, ਸਿਟੀ ਕਾਊਂਸਲਰ ਹਰਕੀਰਤ ਸਿੰਘ ਅਤੇ ਸਕੂਲ ਟਰੱਸਟੀ ਬਲਬੀਰ ਸੋਹੀ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਐਸੋਸੀਏਸ਼ਨ ਦੀਆਂ ਮੰਗਾਂ ਦਾ ਸਮੱਰਥਨ ਕੀਤਾ। ਐਸੋਸੀਏਸ਼ਨ ਦੇ ਵਿੱਤ-ਸਕੱਤਰ ਮੋਹਿੰਦਰ ਸਿੰਘ ਮੋਹੀ ਵੱਲੋਂ ਪਿਛਲੇ ਸਾਲ ਦਾ ਲੇਖਾ-ਜੋਖਾ ਪੇਸ਼ ਕੀਤਾ ਗਿਆ ਜਿਸ ਨੂੰ ਜਨਰਲ ਹਾਊਸ ਵੱਲੋਂ ਹੱਥ ਖੜੇ ਕਰਕੇ ਸਰਬ-ਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ। ਇਸ ਦੌਰਾਨ ਬਲਵਿੰਦਰ ਸਿੰਘ ਬਰਾੜ ਅਤੇ ਉਨ੍ਹਾਂ ਦੀ ਟੀਮ ਵੱਲੋਂ ਚਾਹ-ਪਾਣੀ ਤੇ ਸਨੈਕਸ ਦਾ ਵਧੀਆ ਪ੍ਰਬੰਧ ਕੀਤਾ ਗਿਆ। ਮੰਚ-ਸੰਚਾਲਨ ਦੀ ਜ਼ਿੰਮੇਂਵਾਰੀ ਐਸੋਸੀਏਸ਼ਨ ਦੇ ਸਕੱਤਰ ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਬਾਖ਼ੂਬੀ ਨਿਭਾਈ ਗਈ। ਅਖ਼ੀਰ ਵਿਚ ਐਸੋਸੀਏਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਬੜਿੰਗ ਵੱਲੋਂ ਸਾਰੇ ਬੁਲਾਰਿਆਂ ਅਤੇ ਮੈਂਬਰਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

# ‘ਵਾਅਕ ਐਂਡ ਰਨ ਫਾਰ ਐਜੂਕੇਸ਼ਨ’ ਪ੍ਰੋਗਰਾਮ ’ਚ ਭਰਵੀਂ ਸ਼ਮੂਲੀਅਤ

## 3 ਤੋਂ 97 ਸਾਲ ਦੀ ਉਮਰ ਦੇ ਲੋਕਾਂ ਨੇ ਭਾਗ ਲਿਆ






(ਹਰਜੀਤ ਬੇਦੀ): 29 ਸਤੰਬਰ ਦਿਨ ਐਤਵਾਰ ਨੂੰ ਚਿੰਕੂਜੀ ਪਾਰਕ ਬਰੈਂਪਟਨ ਵਿੱਚ ਨਾਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਵਲੋਂ ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਲੋਕ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਨੂੰ ਸਮਰਪਿਤ "ਵਾਅਕ ਐਂਡ ਰਨ ਫਾਰ ਐਜੂਕੇਸ਼ਨ" ਪਰੋਗਰਾਮ ਕਰਵਾਇਆ ਗਿਆ। ਇਸ ਪਰੋਗਰਾਮ ਵਿੱਚ ਹਰ ਵਰਗ ਅਤੇ ਉਮਰ ਦੇ ਲੋਕਾਂ ਵਲੋਂ ਬਹੁਤ ਹੀ ਉਤਸ਼ਾਹ ਨਾਲ ਭਰਵੀਂ ਸ਼ਮੂਲੀਅਤ ਕੀਤੀ ਗਈ। ਜਿੰਨ੍ਹਾਂ ਵਿੱਚ 3 ਸਾਲ ਦੀ ਉਮਰ ਤੋਂ 97 ਸਾਲ ਤੱਕ ਦੇ ਲੋਕ ਸ਼ਾਮਲ ਸਨ।

ਪਰੋਗਰਾਮ ਦੇ ਸ਼ੁਰੂ ਵਿੱਚ ਅੰਤਰਰਾਸ਼ਟਰੀ ਪਰਸਿੱਧੀ ਦੇ ਮਾਲਕ ਖੇਡ-ਲੇਖਕ ਪਿੰ: ਸਰਵਣ ਸਿੰਘ, ਏਅਰਪੋਰਟ ਰੱਨਰ ਕਲੱਬ ਦੇ 2020 ਬੋਸਟਨ ਮੈਰਾਥਨ ਕੁਆਲੀਫਾਈਡ ਧਿਆਨ ਸਿੰਘ ਸੋਹਲ, ਵੈਟਰਨ ਦੌੜਾਕ ਵਤਨ ਸਿੰਘ ਗਿੱਲ, ਰੈਂਡ ਰੌਕ ਟਰਾਸਪੋਰਟ ਦੇ ਜੋਗਾ ਕੰਗ, ਰੈਸਲਿੰਗ ਵਿੱਚ ਇੰਟਨੈਸ਼ਨਲ ਪੱਧਰ ਤੇ ਨਾਮਣਾ ਖੱਟਣ ਵਾਲੇ 5 ਨੌਜਵਾਨ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਸਪਾਂਸਰਜ਼ ਸਿਟੀ ਟੈਕਸੀ ਦੇ ਪਾਲ, ਏ ਐਸ ਟਰੱਕਿੰਗ ਦੇ ਰਾਣਾ ਰੰਧਾਵਾ, ਕੇ ਜੇ ਐਸ ਟਰਾਸਪੋਰਟ ਦੇ ਕੁਲਵੰਤ ਸਿੰਘ ਢੀਂਡਸਾ, ਜਿੰਦਰ ਬੁੱਟਰ, ਸੁਪਰ ਬੀ ਦੇ ਪਰਮਿੰਦਰ ਜੌਹਲ ਅਤੇ ਗੁਲਾਚਾ ਟਰਾਸਪੋਰਟ ਬਰਾਦਰਜ ਸਟੋਨੀ ਕਰੀਕ ਦੀ ਟੀਮ ਨੂੰ ਸਨਮਾਨਿਤ ਕੀਤਾ ਗਿਆ। ਇਸ ਵਾਅਕ ਐਂਡ ਰਨ ਈਵੈਂਟ ਵਿੱਚ ਭਾਗ ਲੈਣ ਵਾਲੇ ਯੂਥ, ਲੇਡੀਜ਼ ਅਤੇ ਬੱਚਿਆਂ ਦੇ ਵਰਗ ਵਿੱਚੋਂ ਜੇਤੂ ਰਹਿਣ ਵਾਲਿਆਂ ਨੂੰ ਸ਼ਾਨਦਾਰ ਪਲੈਕ ਦਿੱਤੇ ਗਏ। ਸਾਰੇ ਭਾਗ ਲੈਣ ਵਾਲਿਆਂ ਨੂੰ ਸੁਸਾਇਟੀ ਵਲੋਂ ਮੈਡਲ ਦਿੱਤੇ ਗਏ।

ਇਸ ਪਰੋਗਰਾਮ ਵਿੱਚ ਆਮ ਲੋਕਾਂ ਨੇ ਪਰਿਵਾਰਾਂ ਸਮੇਤ ਭਰਵੀਂ ਸ਼ਮੂਲੀਅਤ ਕੀਤੀ। ਬਹੁਤ ਸਾਰੇ ਗਰੁੱਪਾਂ ਜਿੰਨ੍ਹਾ ਵਿੱਚ ਸੰਧੂਰਾ ਬਰਾੜ ਦੀ ਟੀਮ ਏਅਰਪੋਰਟ ਰੱਨਰਜ਼ ਕਲੱਬ,,ਐਨਲਾਈਟ ਰੱਨਰਜ਼ ਕਲੱਬ, ਪਾਲ ਬੈਂਸ ਦੀ ਟੀਮ, ਗੁਰੂ ਗੋਬਿੰਦ ਚਿਲਡਰਨ ਕਲੱਬ, ਪਰਮਜੀਤ ਸਿੰਘ ਦੀ ਟੀਮ, ਨਵਾਂਸ਼ਹਿਰ ਸਪੋਟਸ ਕਲੱਬ ਦੇ ਬਲਹਿਾਰ ਸਧਰਾ ਦੀ ਵਾਲੰਟੀਅਰਾਂ ਸਮੇਤ ਟੀਮ ਅਤੇ ਦੇਸ਼ ਭਗਤ ਸਪੋਰਟਸ ਕਲੱਬ ਦੇ ਇਕਬਾਲ ਸੁੰਬਲ ਦੀ ਟੀਮ ਨੇ ਭਰਵਾਂ ਸਹਿਯੋਗ ਦਿੱਤਾ। ਜਿੰਨ੍ਹਾ ਦੇ ਸਹਿਯੋਗ ਸਦਕਾ ਸਾਰਾ ਪਰੋਗਰਾਮ ਅੰਤ ਤੱਕ ਰੌਣਕ ਭਰਪੂਰ ਰਿਹਾ। ਚਾਹ ਪਾਣੀ ਅਤੇ ਸਨੈਕਸ ਦਾ ਪਰੋਗਰਾਮ ਲਗਾਤਾਰ ਚਲਦਾ ਰਿਹਾ।

ਸੁਸਾਇਟੀ ਵਲੋਂ ਪਰੋਗਰਾਮ ਵਿੱਚ ਸ਼ਾਮਲ ਲੋਕਾਂ, ਮਡਿੀਆ ਅਤੇ ਸਪਾਂਸਰਾਂ ਦਾ ਧੰਨਵਾਦ ਕੀਤਾ ਗਿਆ। ਸ਼ਾਮਲ ਲੋਕਾਂ ਵਿੱਚ ਹੋਰਨਾਂ ਤੋਂ ਬਿਨਾਂ, ਹਰਿੰਦਰ ਹੁੰਦਲ, ਐਮ ਪੀ ਪੀ ਗੁਰਰਤਨ ਸਿੰਘ, ਗੁਰਪ੍ਰੀਤ ਸਿੰਘ ਢਿੱਲੋਂ ਰੀਜਨਲ ਕੌਂਸਲਰ, ਹਰਕੀਰਤ ਸਿੰਘ ਕੌਂਸਲਰ, ਸਕੂਲ ਟਰੱਸਟੀ ਬਲਬੀਰ ਸੋਹੀ, ਬਰੈਂਪਟਨ ਐਕਸ਼ਨ ਕਮੇਟੀ ਦੀ ਨਵੀ ਔਜਲਾ, ਇੰਦਰਜੀਤ ਸਿੰਘ ਬੱਲ ਅਤੇ ਪਿੰ:ਧਵਨ ਨੇ ਹਾਜਰੀ ਲਗਵਾਈ। ਪਰੋਗਰਾਮ ਦੀ ਸਫਲਤਾ ਲਈ ਸੁਸਾਇਟੀ ਦੇ ਸਮੂਹ ਮੈਂਬਰਾਂ ਨੇ ਪੂਰੀ ਸ਼ਿੱਦਤ ਨਾਲ ਕੰਮ ਕੀਤਾ। ਸੁਸਾਇਟੀ ਦੇ ਪਰਬੰਧਕਾਂ ਨੇ ਸਫਲਤਾ ਤੋਂ ਉਤਸ਼ਾਹਤ ਹੋ ਕੇ ਅਗਲੇ ਸਾਲ ਇਸ ਈਵੈਂਟ ਨੂੰ ਹੋਰ ਵੱਡੇ ਪੱਧਰ ਤੇ ਕਰਾਉਣ ਦਾ ਲੋਕਾਂ ਨਾਲ ਵਾਅਦਾ ਕੀਤਾ। ਸੁਸਾਇਟੀ ਸਬੰਧੀ ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਬਲਦੇਵ ਰਹਿਪਾ 416-881-7202 ਜਾਂ ਨਿਰਮਲ ਸੰਧੂ 416-835-3450 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also

Sponsor Your Family

MacroGlobal Immigration Services Ltd.

Seema Bhayana



iccrc

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com



Paramjit Deol CELL: 416-993-7378

Broker 7071 Airport Rd, Suit 201, Mississauga, ON



1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

Your neighborhood broker, Call Paramjit Deol Today

**MISSISSAUGA $975**




**Tranmere Dr E.:** Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

**WOODSTOCK $2,000**

Photo Not Available


**27 Dundas St. :** Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

**SOUTH DUNDAS $3,000**




**23 Plaza Dr:** Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

**MISSISSAUGA $59,000**



**1224 Dundas St W:** Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

**CHATHAM-KENT $65,000**



**Chittim/Blenheim:** Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

**TORONTO $79,000**

Photo Not Available

**1308 St Clair Ave W :** Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

**HAMILTON $99,000**

Photo Not Available

**77 James St N.:** Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

**MISSISSAUGA $149,000**



**17 Tannery St :** Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

**MISSISSAUGA $169,900**



**7215 Goreway Dr.:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

**BRAMPTON $199,000**

Photo Not Available

**10970 Bramalea Rd:** Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

**BRAMPTON $259,000**

Photo Not Available

**470 cHrYSLER dr:** Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

**BRAMPTON $299,000**



**23 Plaza Dr.:** Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

**MISSISSAUGA $499,000**




**5100 Erin Mills Pkwy 2E220:** Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

**BRANTFORD $499,000**



**693 Colborne St W.:** Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

**MISSISSAUGA $615,000**



**7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $655,000**



**32 Tollgate St:** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

# ਮਾਮਲਾ ਜੰਮੂ-ਕਸ਼ਮੀਰ ਦਾ: ਸੁਪਰੀਮ ਕੋਰਟ ਨੇ ਕਿਹਾ: ਨਿੱਜੀ ਆਜ਼ਾਦੀ ਤੇ ਰਾਸ਼ਟਰੀ ਸੁਰੱਖਿਆ ਦਾ ਸੰਤੁਲਨ ਜ਼ਰੂਰੀ

ਨਵੀਂ ਦਿੱਲੀ, 1 ਅਕਤੂਬਰ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਦੇ ਹਟਾਏ ਜਾਣ ਪਿੱਛੋਂ ਲੱਗੀਆਂ ਪਾਬੰਦੀਆਂ ਦੇ ਵਿਰੁੱਧ ਪਟੀਸ਼ਨਾਂਦੀ ਸੁਣਵਾਈ ਵੇਲੇ ਸੁਪਰੀਮ ਕੋਰਟ ਨੇ ਅੱਜ ਮੰਗਲਵਾਰ ਨੂੰ ਕਿਹਾ ਕਿ ਨਿੱਜੀ ਆਜ਼ਾਦੀ ਅਤੇ ਦੇਸ਼ ਦੀ ਸੁਰੱਖਿਆ ਵਿਚਾਲੇ ਸੰਤੁਲਨ ਹੋਣਾ ਚਾਹੀਦਾ ਹੈ।

ਇਸ ਮੌਕੇ ਦੇਸ਼ ਦੀ ਸਭ ਤੋਂ ਵੱਡੀ ਅਦਾਲਤ, ਸੁਪਰੀਮ ਕੋਰਟ, ਨੇ ਜੰਮੂ-ਕਸ਼ਮੀਰ ਰਾਜ ਦੀ ਦੋ ਥਾਂਈਂ ਵੰਡ ਕਰਨ ਦੇ ਫ਼ੈਸਲੇ ਉੱਤੇਹਾਲ ਦੀ ਘੜੀ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ, ਪਰਫ਼ੈਸਲੇ ਨੂੰ ਚੁਣੌਤੀ ਦੇਂਦੀਆਂ ਪਟੀਸ਼ਨਾਂ ਉੱਤੇ ਕੇਂਦਰ ਸਰਕਾਰ ਤੇ ਜੰਮੂ-ਕਸ਼ਮੀਰ ਪ੍ਰਸ਼ਾਸਨ ਨੂੰ ਚਾਰ ਹਫ਼ਤਿਆਂ ਵਿਚ ਜਵਾਬ ਦੇਣ ਨੂੰ ਕਿਹਾ ਹੈ। ਇਸ ਕੇਸ ਉੱਤੇਅਗਲੀ ਸੁਣਵਾਈ14 ਨਵੰਬਰ ਨੂੰ ਹੋਵੇਗੀ।ਜੰਮੂ-ਕਸ਼ਮੀਰ ਨਾਲ ਸਬੰਧਤ ਦੋਵੇਂ ਕੇਸ ਅੱਜ ਸੋਮਵਾਰ ਵੱਖੋ-ਵੱਖਰੇ ਬੈਂਚਾਂ ਸਾਹਮਣੇ ਸੁਣਵਾਈ ਲਈ ਪੇਸ਼ ਹੋਏ ਸਨ। ਪਾਬੰਦੀ ਦੇ ਕੇਸਾਂ ਉੱਤੇ ਤਿੰਨ ਜੱਜਾਂ ਦੇ ਬੈਂਚ ਨੇ ਸੁਣਵਾਈ ਕੀਤੀ ਅਤੇ ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਉਣ ਅਤੇ ਜੰਮੂ-ਕਸ਼ਮੀਰ ਰਾਜ ਨੂੰ ਦੋ ਥਾਂਈਂ ਵੰਡਣ ਵਾਲੇ ਪੁਨਰਗਠਨ



ਕਾਨੂੰਨ ਨੂੰ ਚੁਣੌਤੀ ਦੇ ਰਹੀਆਂ ਪਟੀਸ਼ਨਾਂ ਉੱਤੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਸੁਣਵਾਈ ਕੀਤੀ ਹੈ।

ਜੰਮੂ-ਕਸ਼ਮੀਰ ਵਿੱਚ ਲਾਗੂ ਪਾਬੰਦੀਆਂ ਦੇ ਕੇਸਾਂ ਵਿੱਚ ਪਟੀਸ਼ਨਰਾਂ ਦਾ ਕਹਿਣਾ ਸੀ ਕਿ ਪੰਜ ਅਗਸਤ ਤੋਂ ਬਾਅਦ ਹਾਲੇ ਤੱਕ ਪਾਬੰਦੀਆਂ ਜਾਰੀ ਹਨ। ਇਸ ਉੱਤੇ ਜੰਮੂ-ਕਸ਼ਮੀਰ ਰਾਜਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਐਫੀਡੇਵਿਟ ਪੇਸ਼ਕੀਤਾ ਕਿ ਰਾਜ ਵਿਚ ਸੌ ਫ਼ੀਸਦੀ ਲੈਂਡਲਾਈਨ ਫੋਨ ਕੰਮ ਕਰ ਰਹੇ ਹਨ। ਇੰਟਰਨੈੱਟ ਸੇਵਾ ਬਹਾਲ ਨਹੀਂ ਕੀਤੀ ਗਈ, ਕਿਉਂਕਿ ਇੰਟਰਨੈੱਟ ਮੋਬਾਈਲ ਸ਼ੁਰੂ ਹੋਣ ਨਾਲ ਵ੍ਹਟਸਐਪ ਉੱਤੇਝੂਠੇ ਮੈਸੇਜ ਚੱਲ ਸਕਦੇ ਹਨ।ਉਂਜ ਇਸ ਰਾਜ ਵਿਚ ਇੰਟਰਨੈੱਟ ਲਈ ਇੰਟਰਨੈੱਟਕੈਫੇ ਹਨ। ਪਟੀਸ਼ਨਕਰਤਾ ਦੇ ਵਕੀਲ ਨੇ ਕਿਹਾ ਕਿ ਪਿਛਲੇ ਹੁਕਮ ਵਿਚ ਅਦਾਲਤ ਨੇ ਹਰ ਤਰ੍ਹਾਂ ਦੀ ਸੰਚਾਰ ਸੇਵਾ ਚਾਲੂ ਕਰਨ ਨੂੰ ਕਿਹਾ ਸੀ, ਪਰ ਉਸ ਹੁਕਮ ਦੀ ਪਾਲਣਾ ਨਹੀਂ ਹੋਈ। ਇਸ ਉੱਤੇ ਜਸਟਿਸ ਗਵਈ ਨੇ ਕਿਹਾ ਕਿ ਓਦੋਂ ਕੋਰਟ ਨੇ ਇਹ ਵੀ ਕਿਹਾ ਸੀ ਕਿ ਸਾਰੇ ਸੰਚਾਰ ਪ੍ਰਬੰਧ ਬਹਾਲ ਕਰੋ, ਪਰ ਰਾਸ਼ਟਰੀ ਸੁਰੱਖਿਆ ਧਿਆਨ ਵਿਚ ਰੱਖਦੇਹੋਏ ਕਰਨੇ ਹਨ। ਜਸਟਿਸ ਗਵਈ ਨੇ ਕਿਹਾ ਕਿ ਨਿੱਜੀ ਆਜ਼ਾਦੀ ਤੇ ਰਾਸ਼ਟਰੀ ਸੁਰੱਖਿਆ ਵਿਚਾਲੇ ਸੰਤੁਲਨ ਹੋਣਾ ਵੀ ਬਹੁਤ ਜ਼ਰੂਰੀ ਹੈ।

ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਮੁੱਖ ਮੰਤਰੀ ਪਟੀਸ਼ਨਕਰਤਾ ਗ਼ੁਲਾਮ ਨਬੀ ਆਜ਼ਾਦ ਦੇ ਵਕੀਲ ਹੁਜੇਫ਼ਾ ਅਹਿਮਦੀ ਨੇ ਕਿਹਾ ਕਿ ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਕਿਸ ਕਾਨੂੰਨ ਹੇਠ ਕਸ਼ਮੀਰ ਵਿੱਚ ਪਾਬੰਦੀਆਂ ਲਾਈਆਂ ਹਨ। ਇਸ ਉੱਤੇ ਤੁਸ਼ਾਰ ਮਹਿਤਾ ਨੇ ਕਿਹਾ ਕਿ ਇਸ ਵਕਤ ਓਥੇ ਦਿਨ ਵਿਚ ਕੋਈ ਪਾਬੰਦੀ ਨਹੀਂ, ਰਾਤ ਨੂੰ ਲੋੜ ਮੁਤਾਬਕ ਪਾਬੰਦੀਆਂ ਲਾਈਆਂ ਜਾਂਦੀਆਂ ਹਨ। ਅਦਾਲਤ ਨੇ ਸਰਕਾਰ ਨੂੰ ਇਸ ਬਾਰੇ ਦੋ ਹਫ਼ਤਿਆਂ ਵਿਚ ਜਵਾਬ ਦੇਣ ਨੂੰ ਕਿਹਾ ਹੈ।ਇਸ ਬਾਰੇ ਬਹੁਤ ਸਾਰੀਆਂ ਅਰਜ਼ੀਆਂ ਪੇਸ਼ ਹੋਣ ਉੱਤੇ ਵੀ ਅਦਾਲਤ ਨੇ ਸਵਾਲ ਉਠਾਏ ਹਨ। ਧਾਰਾ 370 ਹਟਾਉਣ ਦੇ ਫ਼ੈਸਲੇ ਨੂੰ ਚੁਣੌਤੀ ਦੇਂਦੀਆਂ ਪਟੀਸ਼ਨਾਂ ਉੱਤੇ ਸੁਣਵਾਈ ਦੌਰਾਨ ਸੰਵਿਧਾਨਕ ਬੈਂਚ ਨੇ ਜੰਮੂ-ਕਸ਼ਮੀਰ ਪੁਨਰਗਠਨ ਕਾਨੂੰਨ ਲਾਗੂ ਕਰ ਕੇ ਜੰਮੂ-ਕਸ਼ਮੀਰ ਅਤੇ ਲੱਦਾਖ ਨੂੰ ਦੋ ਵੱਖ-ਵੱਖ ਰਾਜਾਂ ਵਿੱਚ ਵੰਡ ਕੇ ਦੋ ਵੱਖਰੇ ਕੇਂਦਰ ਸ਼ਾਸਿਤ ਰਾਜ ਬਣਾਉਣ ਉੱਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਹੈ। ਕਾਨੂੰਨ ਮੁਤਾਬਕ ਦੋਂਹ ਥਾਂਈਂ ਵੰਡਣ ਦੇ ਕਾਨੂੰਨ ਉੱਤੇ 31 ਅਕਤੂਬਰ ਤੋਂ ਅਮਲ ਸ਼ੁਰੂ ਹੋ ਜਾਵੇਗਾ ਅਤੇ ਨਵੀਂ ਹੱਦਬੰਦੀ ਦੀ ਪ੍ਰਕਿਰਿਆ ਵੀ ਸ਼ੁਰੂ ਹੋ ਜਾਵੇਗੀ।

ਇਸ ਦੌਰਾਨ 31 ਅਕਤੂਬਰ ਤੋਂ ਪਿੱਛੋਂ ਪਟੀਸ਼ਨਾਂ ਬੇਲੋੜੀਆਂ ਹੋ ਜਾਣ ਪਟੀਸ਼ਨਾਂ ਦੇ ਸ਼ੱਕ ਬਾਰੇ ਅਦਾਲਤ ਨੇ ਕਿਹਾ ਕਿ ਜੇ ਫ਼ੈਸਲਾ ਉਨ੍ਹਾਂ ਦੇ ਹੱਕ ਵਿਚ ਹੋਇਆ ਤਾਂ ਅਦਾਲਤ ਘੜੀ ਦੀ ਸੂਈ ਵਾਪਸ ਘੁਮਾ ਸਕਦੀ ਹੈ, ਕਹਿਣ ਤੋਂ ਭਾਵ ਕਿ ਪੁਰਾਣੀ ਸਥਿਤੀ ਬਹਾਲ ਕੀਤੀ ਜਾ ਸਕਦੀ ਹੈ।ਇਸ ਮੌਕੇ ਅਦਾਲਤ ਨੇ ਧਾਰਾ 370 ਤੇ ਦੋਵਾਂ ਰਾਜਾਂ ਦੇ ਪੁਨਰਗਠਨ ਵਾਲੇ ਕਾਨੂੰਨ ਦੇ ਕੇਸ ਵਿਚ ਦਾਖ਼ਲ ਪਟੀਸ਼ਨਾਂ ਦਾ ਜਵਾਬ ਦੇਣ ਲਈ ਕੇਂਦਰ ਸਰਕਾਰ ਨੂੰ ਚਾਰ ਹਫ਼ਤੇ ਦਾ ਸਮਾਂ ਦਿੰਦਿਆਂ ਇਸ ਦੀ ਸੁਣਵਾਈ 14 ਨਵੰਬਰ ਤਕ ਮੁਲਤਵੀ ਕਰ ਦਿੱਤੀ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਇਸ ਸੰਬੰਧ ਵਿੱਚ ਅੱਗੇ ਤੋਂ ਕੋਈ ਵੀ ਨਵੀਂ ਪਟੀਸ਼ਨ ਦਾਖ਼ਲ ਨਹੀਂ ਕੀਤੀ ਜਾਵੇਗੀ।

# ਸੁਖਬੀਰ ਸਿੰਘ ਬਾਦਲ ਵੱਲੋਂ ਹਰਿਆਣਾ ਵਿੱਚ ਭਾਜਪਾ ਨੂੰ ਮੋੜਵੀਂ ਠਿੱਬੀ

## * ਭਾਜਪਾ ਆਗੂ ਤੋੜ ਕੇ ਭਾਜਪਾ ਵਿਰੁੱਧ ਉਮੀਦਵਾਰ ਬਣਾਇਆ

ਚੰਡੀਗੜ੍ਹ, 1 ਅਕਤੂਬਰ, (ਪੋਸਟ ਬਿਊਰੋ)- ਹਰਿਆਣਾ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਇਕਲੌਤੇ ਅਕਾਲੀ ਵਿਧਾਇਕ ਬਲਕੌਰ ਸਿੰਘ ਨੂੰ ਆਪਣੇ ਵਿੱਚ ਸ਼ਾਮਿਲ ਕਰ ਲੈਣ ਪਿੱਛੋਂ ਅੱਜ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਰਿਆਣਾ ਦੇ ਇੱਕ ਭਾਜਪਾ ਆਗੂ ਨੂੰ ਅਕਾਲੀ ਦਲ ਵਿੱਚ ਸ਼ਾਮਿਲ ਕਰ ਲਿਆ ਹੈ।



ਇਸ ਸੰਬੰਧ ਵਿੱਚ ਮਿਲੀ ਜਾਣਕਾਰੀ ਮੁਤਾਬਕ ਹਰਿਆਣਾ ਦੇ ਵਿਧਾਨ ਸਭਾ ਹਲਕਾ ਕਾਲਾਂਵਾਲੀ ਦੇ ਭਾਜਪਾ ਆਗੂ ਰਜਿੰਦਰ ਸਿੰਘ ਦੇਸੂਜੋਧਾ ਅੱਜ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ ਵਿੱਚ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਤੇ ਅਕਾਲੀ ਦਲ ਨੇ ਉਨ੍ਹਾਂ ਨੂੰ ਕਾਲਾਂਵਾਲੀ ਤੋਂ ਵਿਧਾਨ ਸਭਾ ਸੀਟ ਲਈ ਪਾਰਟੀਉਮੀਦਵਾਰ ਬਣਾ ਲਿਆ ਹੈ। ਇਸ ਭਾਜਪਾ ਆਗੂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦੇਸੂਜੋਧਾ ਨੇ ਪਾਰਟੀ ਅਤੇ ਇਸ ਦੇ ਆਦਰਸ਼ਾਂ ਨੂੰ ਅਪਣਾਉਣ ਦੀ ਇੱਛਾ ਜ਼ਾਹਰ ਕੀਤੀ ਅਤੇ ਆਪਣੇ ਇਲਾਕੇਦੇ ਲੋਕਾਂ ਦੀਆਂ ਸ਼ਿਕਾਇਤਾਂ ਦੂਰ ਕਰਨਤੋਂ ਇਲਾਵਾ ਸ਼ਾਂਤੀ ਤੇ ਭਾਈਚਾਰਕ ਸਾਂਝ ਲਈ ਕੰਮ ਕਰਨ ਦਾ ਵਾਅਦਾ ਕੀਤਾ ਹੈ। ਕਾਲਾਂਵਾਲੀ ਸੀਟ ਅਕਾਲੀ ਦਲ ਵੱਲੋਂਜਿੱਤਣ ਦਾਯਕੀਨ ਪੇਸ਼ ਕਰਦੇ ਹੋਏ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਏਥੋਂ ਦੇ ਲੋਕਾਂ ਨੇ 2009 ਅਤੇ 2014 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਵੀ ਅਕਾਲੀ ਦਲ ਵਿੱਚ ਭਰੋਸਾ ਜਤਾਇਆ ਸੀ ਅਤੇ ਉਹ ਅੱਗੋਂ ਵੀ ਅਕਾਲੀ ਦਲ ਦਾ ਸਮਰਥਨ ਜਾਰੀ ਰੱਖਣਗੇ।

ਇਸ ਮੌਕੇ ਬੋਲਦੇ ਹੋਏਰਜਿੰਦਰ ਸਿੰਘ ਦੇਸੂਜੋਧਾ ਨੇ ਕਿਹਾ ਕਿ ਭਾਜਪਾ ਨੇ ਅਕਾਲੀ ਵਿਧਾਇਕ ਬਲਕੌਰ ਸਿੰਘ ਨੂੰ ਆਪਣੀ ਪਾਰਟੀ ਵਿੱਚਲੈਕੇ ਵਿਸਵਾਸ਼ਘਾਤ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਮੈਨੂੰ ਏਥੋਂ ਪਾਰਟੀ ਟਿਕਟ ਦੇਣ ਲਈ ਵਾਅਦਾ ਕਰਨ ਪਿੱਛੋਂ ਮੇਰੇ ਨਾਲ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇਇਸ ਵਿਸਵਾਸ਼ਘਾਤ ਦਾ ਕਰਾਰਾ ਜਵਾਬਮੈਂ ਦੇਵਾਂਗਾ ਤੇ ਅਕਾਲੀ ਦਲ ਨੂੰ ਇਹ ਸੀਟ 25 ਹਜ਼ਾਰ ਵੋਟਾਂ ਨਾਲ ਜਿੱਤ ਕੇ ਦਿਆਂਗਾ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸੇ ਮੌਕੇ ਸਵਾਲਾਂ ਦੇ ਜੁਆਬ ਦਿੰਦੇ ਹੋਏਕਿਹਾ ਕਿ ਅਕਾਲੀ ਦਲ ਦੀ ਹਰਿਆਣਾ ਇਕਾਈ ਨੇ ਇੰਚਾਰਜ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਵਿੱਚ ਹਰਿਆਣਾ ਵਿਧਾਨ ਸਭਾ ਚੋਣਾਂਲਈ ਗਠਜੋੜ ਵਾਸਤੇ ਬਾਕੀ ਸਿਆਸੀ ਪਾਰਟੀਆਂ ਨਾਲ ਗੱਲਬਾਤ ਚਲਾਈ ਹੋਈ ਹੈ। ਉਨ੍ਹਾਂ ਕਿਹਾ ਕਿ ਸਾਨੂੰ ਭਰੋਸਾ ਹੈ ਕਿ ਇਸ ਬਾਰੇ ਇਕ-ਦੋ ਦਿਨ ਵਿੱਚ ਅਸੀਂ ਕਿਸੇ ਸਿੱਟੇ ਉੱਤੇ ਪਹੁੰਚ ਜਾਵਾਂਗੇ।

# ਤਿੰਨ ਮੈਂਬਰੀ ਬੈਂਚ ਦਾ ਫ਼ੈਸਲਾ: ਐੱਸ ਸੀ/ ਐੱਸ ਟੀ ਐਕਟ ਵਿੱਚ ਗ੍ਰਿਫ਼ਤਾਰੀ ਦਾ ਕਾਨੂੰਨ ਪਹਿਲਾਂ ਵਾਂਗ ਲਾਗੂ ਰਹੇਗਾ

* ਆਪਣਾ ਪਿਛਲੇ ਸਾਲ ਦਾ ਫ਼ੈਸਲਾ ਸੁਪਰੀਮ ਕੋਰਟ ਨੇ ਵਾਪਸ ਲਿਆ

ਨਵੀਂ ਦਿੱਲੀ, 1 ਅਕਤੂਬਰ, (ਪੋਸਟ ਬਿਊਰੋ)- ਕੇਂਦਰ ਸਰਕਾਰ ਦੀ ਸਮੀਖਿਆ ਪਟੀਸ਼ਨ ਨੂੰ ਅੱਜ ਮੰਗਲਵਾਰ ਦੇਸ਼ ਦੀ ਸੁਪਰੀਮ ਕੋਰਟ ਨੇ ਮਨਜ਼ੂਰੀ ਦੇ ਦਿੱਤੀ ਹੈ। ਅਦਾਲਤ ਨੇ ਇਹ ਪਟੀਸ਼ਨ ਸਵੀਕਾਰ ਕਰ ਕੇ ਆਪਣਾ ਪਿਛਲੇ ਸਾਲਫ਼ੈਸਲਾ ਵਾਪਸ ਲੈ ਕੇ ਇਸ ਕਾਨੂੰਨ ਹੇਠਅਗੇਤੀਜ਼ਮਾਨਤ ਦੀ ਵਿਵਸਥਾ ਰੱਦ ਕੀਤੀ ਹੈ।ਪਿਛਲੇ ਸਾਲ 20 ਮਾਰਚ ਨੂੰ ਸੁਪਰੀਮ ਕੋਰਟ ਨੇ ਅਗੇਤੀ ਜ਼ਮਾਨਤ ਦੀ ਵਿਵਸਥਾ ਪੇਸ਼ ਕੀਤੀ ਤੇ ਗ੍ਰਿਫ਼ਤਾਰੀ ਕਰਨ ਬਾਰੇ ਹਦਾਇਤਾਂ ਦਿੱਤੀਆਂ ਸਨ, ਜਿਸ ਨੂੰ ਕਾਨੂੰਨ ਵਿੱਚ ਢਿੱਲ ਵਜੋਂ ਸਮਝਿਆ ਗਿਆ ਅਤੇ ਦਲਿਤ ਸੰਗਠਨਾਂ ਨੇ ਵਿਰੋਧ ਸ਼ੁਰੂ ਕਰ ਦਿੱਤਾ ਸੀ ਤੇ ਉਦੋਂ ਕੇਂਦਰ ਸਰਕਾਰ ਨੇ ਸਮੀਖਿਆ ਪਟੀਸ਼ਨ ਦਾਖ਼ਲ ਕੀਤੀ ਸੀ। ਭਾਰਤ ਸਰਕਾਰ ਦੇ ਅਟਾਰਨੀ ਜਨਰਲ ਕੇਕੇ ਵੇਣੂਗੋਪਾਲ ਦਾ ਇਸ ਕੇਸ ਦੇ ਸੰਬੰਧ ਵਿੱਚ ਇਹ ਕਹਿਣਾ ਸੀ ਕਿ ਮਾਰਚ 2018 ਦਾ ਸੁਪਰੀਮ ਕੋਰਟ ਦਾ ਫ਼ੈਸਲਾ ਸੰਵਿਧਾਨ ਦੇ ਮੁਤਾਬਕ ਸਹੀ ਨਹੀਂ ਸੀ। ਸੁਪਰੀਮ ਕੋਰਟ ਨੇ 13 ਸਤੰਬਰ ਨੂੰ ਕੇਂਦਰ ਦੀ ਸਮੀਖਿਆ ਪਟੀਸ਼ਨ ਤਿੰਨ ਜੱਜਾਂ ਦੀ ਬੈਂਚ ਨੂੰ ਸੌਂਪ ਦਿੱਤੀ ਸੀ। ਤਾਜ਼ਾ ਫੈਸਲਾ ਜਸਟਿਸ ਅਰੁਣ ਮਿਸ਼ਰਾ, ਜਸਟਿਸ ਐੱਮਆਰ ਸ਼ਾਹ ਅਤੇ ਜਸਟਿਸ ਬੀ ਆਰ ਗਵਈ ਦੇ ਬੈਂਚ ਨੇ ਦਿੱਤਾ ਹੈ। ਕੋਰਟ ਨੇ ਇਸ ਬਾਰੇ ਬੀਤੀ 18 ਸਤੰਬਰ ਨੂੰ ਪਿਛਲੇ ਸਾਲ 20 ਮਾਰਚ ਦੇ ਦੋ ਜੱਜਾਂ ਦੀ ਬੈਂਚ ਦੇ ਫ਼ੈਸਲੇ ਦੀ ਨਿੰਦਾ ਕੀਤੀ ਸੀ। ਅਦਾਲਤ ਨੇ ਕਿਹਾ ਸੀ ਕਿ ਸੰਵਿਧਾਨ ਦੀ ਭਾਵਨਾ ਖ਼ਿਲਾਫ਼ ਕੋਈ ਫ਼ੈਸਲਾ ਨਹੀਂ ਹੋ ਸਕਦਾ ਤੇਸੁਪਰੀਮ ਕੋਰਟ ਨੇ ਸੰਕੇਤ ਦਿੱਤਾ ਸੀ ਕਿ ਉਹ ਸਮਾਨਤਾ ਕਾਇਮ ਕਰਨ ਲਈ ਕਾਨੂੰਨ ਦੇ ਘੇਰੇ ਵਿੱਚਦਿਸ਼ਾ-ਨਿਰਦੇਸ਼ ਜਾਰੀ ਕਰੇਗੀ। ਇਸ ਮੌਕੇ ਅਦਾਲਤ ਨੇ ਕਿਹਾ ਕਿ ਆਜ਼ਾਦੀ ਦੇ 70 ਸਾਲ ਬਾਅਦ ਵੀ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲਿਆਂ ਦੇ ਲੋਕਾਂ ਨੂੰ ਪੱਖ-ਪਾਤ ਅਤੇ ਛੂਤ-ਛਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਸੀਨੀਅਰਜ਼ ਐਸੋਸੀਏਸ਼ਨ ਦੀ ਸਾਲ ਦੀ ਆਖਰੀ ਜਨਰਲ ਬਾਡੀ ਮੀਟਿੰਗ 10 ਅਕਤੂਬਰ ਨੂੰ

(ਹਰਜੀਤ ਬੇਦੀ): ਸਾਲ 2013 ਤੋਂ ਸੀਨੀਅਰਜ਼ ਦੇ ਮਸਲਿਆਂ ਨੂੰ ਹੱਲ ਕਰਨ ਲਈ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਆਫ ਬਰੈਂਪਟਨ ਯਤਨਸ਼ੀਲ ਹੈ। ਐਸੋਸੀਏਸ਼ਨ ਨੇ ਇਹਨਾਂ ਪਿਛਲੇ ਸਾਲਾਂ ਵਿੱਚ ਸੀਨੀਅਰਜ਼ ਕਲੱਬਾਂ ਦੇ ਸਹਿਯੋਗ ਨਾਲ ਕਈ ਮਹੱਤਵਪੂਰਨ ਕੰਮ ਕੀਤੇ ਹਨ। ਬਹੁਤ ਸਾਰੇ ਸੀਨੀਅਰਜ਼ ਅਕਤੂਬਰ ਮਹੀਨੇ ਤੋਂ ਇੰਡੀਆ ਚਲੇ ਜਾਂਦੇ ਹਨ। ਇਸ ਲਈ 10 ਅਕਤੂਬਰ ਨੂੰ ਪਹਿਲਾਂ ਹੀ ਨਿਸ਼ਚਤ ਸਥਾਨ ਸੰਨੀ ਮੀਡੋ ਤੇ ਇਸ ਸਾਲ ਦੀ ਆਖਰੀ ਜਨਰਲ ਬਾਡੀ ਮੀਟਿੰਗ 10 ਵਜੇ ਹੋ ਰਹੀ ਹੈ। ਇਹ ਮੀਟਿੰਗ ਬਹੁਤ ਹੀ ਮਹੱਤਵਪੂਰਨ ਹੈ ਕਿਉਂਕਿ ਅਗਲੀ ਮੀਟਿੰਗ ਲੰਬੇ ਸਮੇਂ ਬਾਅਦ ਹੋਵੇਗੀ। ਇਸ ਮਟਿੰਗ ਮੌਜੂਦਾ ਚਲੰਤ ਮਸਲਿਆ ਬਾਰੇ ਵਿਚਾਰ ਵਟਾਂਦਰੋਂ ਕੀਤਾ ਜਾਵੇਗਾ। ਫੈਸਲੇ ਮੁਤਾਬਕ ਕਾਰਜਕਾਰਣੀ ਲਗਾਤਾਰ ਸੰਸਥਾ ਲਈ ਮੀਟਿੰਗਾਂ ਅਤੇ



ਕੰਮ ਕਰਦੀ ਰਹੇਗੀ।

ਫੈਡਰਲ ਚੋਣਾਂ ਤੋਂ ਬਾਦ ਕਾਰਜਕਾਰਣੀ ਨਵੇਂ ਚੁਣੇ ਨੁਮਾਇੰਦਿਆਂ ਨਾਲ ਸੀਨੀਅਰਜ਼ ਦੇ ਮਸਲਿਆਂ ਬਾਰੇ ਗੱਲਬਾਤ ਕਰੇਗੀ। ਇਸਤੋਂ ਬਿਨਾਂ ਪਰੋਵਿੰਸ ਅਤੇ ਸਿਟੀ ਪੱਧਰ ਦੇ ਕੰਮਾਂ ਲਈ ਵੀ ਯਤਨ ਜਾਰੀ ਰੱਖੇਗੀ। ਇਸ ਮੀਟਿੰਗ ਵਿੱਚ ਇੰਡੀਆ ਜਾਣ ਵਾਲੇ ਮੈਂਬਰਾਂ ਨੂੰ ਸ਼ੁਭ ਇੱਛਾਵਾਂ ਸਹਿਤ ਵਿਦਾਇਗੀ ਸ਼ਬਦ ਸਾਂਝੇ ਕੀਤੇ ਜਾਣਗੇ। ਐਸੋਸੀਏਸ਼ਨ ਸਬੰਧੀ ਕਿਸੇ ਵੀ ਕਿਸਮ ਦੀ ਜਾਣਕਾਰੀ ਲੈਣ ਲਈ ਪਰਮਜੀਤ ਬੜਿੰਗ 647-963-0331,, ਬਲਵਿੰਦਰ ਬਰਾੜ 647-262-4026, ਨਿਰਮਲ ਧਾਰਨੀ 416-670-587, ਜੰਗੀਰ ਸਿੰਘ ਸੈਂਭੀ 416-409-0126,ਦੇਵ ਸੂਦ 416-553-0722, ਕਰਤਾਰ ਚਾਹਲ 647-854-8746, ਪਰੀਤਮ ਸਰਾਂ 416-833-0567 ਜਾਂ ਹਰਦਿਆਲ ਸੰਧੂ 647-686-4201 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਰਾਮ ਬਾਗ਼ ਬਾਰੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦਰਮਿਆਨ ਹੋਏ ਸਮਝੌਤੇ ਨੂੰ ਲਾਗੂ ਕਰਨ ਦੀ ਮੰਗ

ਅੰਮ੍ਰਿਤਸਰ, 1 ਅਕਤੂਬਰ : ਸਮਾਜਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ(ਰਜਿ.) ਨੇ ਇਤਿਹਾਸਕ ਰਾਮ ਬਾਗ ਵਿੱਚੋਂ ਨਜਾਇਜ਼ ਉਸਾਰੀਆਂ ਢਾਹ ਕੇ ਇਸ ਨੂੰ ਮੁੜ ਮਹਾਰਾਜਾ ਰਣਜੀਤ ਸਿੰਘ ਸਮੇਂ ਦਾ ਰੂਪ ਦੇਣ ਦੀ ਮੰਗ ਕੀਤੀ ਹੈ। ਮੁੱਖ-ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਥਾਨਕ ਸਰਕਾਰ ਮੰਤਰੀ ਬ੍ਰਹਮ ਮਹਿੰਦਰਾ, ਮੁੱਖ ਸਕੱਤਰ ਕਰਨ ਅਵਤਾਰ ਸਿੰਘ, ਮੇਅਰ ਸ. ਕਰਮਜੀਤ ਸਿੰਘ ਰਿੰਟੂ ਤੇ ਡਿਪਟੀ ਕਮਿਸ਼ਨਰ ਸ਼ਿਵਦੁਲਾਰ ਸਿੰਘ ਢਿੱਲੋਂ ਨੂੰ ਭੇਜੀ ਇੱਕ ਈ-ਮੇਲ ਵਿੱਚ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਕਿ 4 ਦਸੰਬਰ 2018 ਨੂੰ ਭਾਰਤ ਦੇ ਰਾਸ਼ਟਰਪਤੀ ਦੇ ਤਰਫ਼ੋਂ ਭਾਰਤੀ ਪੁਰ-ਾਤਿਤਵ ਵਿਭਾਗ ਦੇ ਚੰਡੀਗੜ੍ਹ ਸਰਕਲ ਦੇ ਸੁਪਰਡੈਂਟ ਤੇ ਪੰਜਾਬ ਸਰਕਾਰ ਦੇ ਗਵਰਨਰ ਦੀ ਤਰਫ਼ੋਂ ਮਿਊਂਸੀਪਲ ਕਾਰਪੋਰੇਸ਼ਨ ਅੰਮ੍ਰਿਤਸਰ ਦੀ ਉਸ ਸਮੇਂ ਦੀ ਕਮਿਸ਼ਨਰ ਸੁਨਾਲੀਗਿਰੀ ਵੱਲੋਂ ਇੱਕ ਸਮਝੌਤਾ ਹੋਇਆ ਸੀ। ਇਸ ਸਮਝੌਤੇ ਵਿੱਚ ਕਿਹਾ ਗਿਆ ਹੈ ਕਿ ਇਹ ਬਾਗ਼ ਚਾਰ ਬਾਗ਼ ਦੇ ਪੈਟਰਨ 'ਤੇ ਬਣਾਇਆ ਗਿਆ ਹੈ, ਜਿਸ ਵਿੱਚ ਕਈ ਉਸਾਰੀਆਂ ਕੀਤੀਆਂ ਗਈਆਂ ਹਨ ਜਿਹੜੀਆਂ ਬਾਗ਼ ਦੇ ਮੂਲ ਨਾਲ ਮੇਲ ਨਹੀਂ ਖਾਂਦੀਆਂ ਤੇ ਇਸ ਦੀ ਪੁਰ-ਾਤਨਤਾ ਨੂੰ ਢਾਹ ਲਾਉਂਦੀਆਂ ਹਨ, ਜਿਨ੍ਹਾਂ ਨੂੰ ਮਿਉਂਸਿਪਲ ਕਾਰਪੋਰੇਸ਼ਨ ਅੰਮ੍ਰਿਤਸਰ ਤੇ ਭਾਰਤੀ ਪੁਰਾਤਿਤਵ ਵਿਭਾਗ ਨੇ ਇਮਾਨਦਾਰੀ ਅਤੇ ਸਾਰੇ ਸਾਧਨਾਂ ਰਾਹੀਂ ਇਨ੍ਹਾਂ ਨੂੰ ਇੱਥੋਂ ਹਟਾਉਂਣਾ ਹੈ ਤਾਂ ਜੋ ਇਸ ਦੀ ਪੁਰਾਣੀ ਦਿਖ ਬਹਾਲ ਹੋ ਸਕੇ। ਜਿਹੜੀਆਂ ਇਮਾਰਤਾਂ ਨੂੰ ਹਟਾਉਂਣਾ ਹੈ, ਉਨ੍ਹਾਂ



ਵਿੱਚ ਨਗਰ ਨਿਗਮ ਦਾ ਐਸ.ਡੀ. ਓ. ਦਫ਼ਤਰ, ਖਾਣ ਪੀਣ ਵਾਲਾ ਖੋਖਾ, ਲਾਅਨ ਟੈਨਿਸ ਤੇ ਸਕੇਟਿੰਗ ਰਿੰਕ ਆਦਿ ਸ਼ਾਮਲ ਹਨ।

ਇਸ ਸਮਝੌਤੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕੌਮੀ ਸਮਾਰਕ ਘੋਸ਼ਿਤ ਕਰਨ ਦੇ ਬਾਵਜੂਦ ਵੀ ਤਿੰਨੇ ਕਲੱਬਾਂ ਅੰਮ੍ਰਿਤਸਰ ਕਲਬ, ਲਮਸਡਨ ਕਲਬ ਤੇ ਸਰਵਿਸ ਕਲਬ ਵੱਲੋਂ ਨਜਾਇਜ਼ ਉਸਾਰੀਆਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਹਟਾਇਆ ਜਾਵੇਗਾ। ਬਾਗ਼ ਅੰਦਰ ਸ਼ਰਾਬ ਦੀ ਵਰਤੋਂ ਕਰਨ ਅਤੇ ਹੋਰ ਵਪਾਰਕ ਕੰਮ ਕਰਨ ਦੀ ਮਨਾਹੀ ਕੀਤੀ ਗਈ ਹੈ। ਸਮਝੋਤੇ ਨੂੰ ਹੋਇਆਂ 20 ਮਹੀਨੇ ਹੋ ਚੁੱਕੇ ਹਨ, ਨਾ ਤਾਂ ਕਲਬਾਂ ਦੀਆਂ ਨਜਾਇਜ਼ ਉਸਾਰੀਆਂ ਢਾਹੀਆਂ ਗਈਆਂ ਹਨ ਤੇ ਨਾ ਹੀ ਐਸ.ਡੀ.ਓ. ਦਫ਼ਤਰ, ਲਾਅਨ ਟੈਨਿਸ, ਸਕੇਟਿੰਗ ਰਿੰਗ ਆਦਿ ਢਾਹੀਆਂ ਗਈਆਂ ਹਨ ਅਤੇ ਨਾ ਹੀ ਸ਼ਰਾਬ ਦੀ ਵਰਤੋਂ ਬੰਦ ਹੋਈ ਹੈ। ਇਨ੍ਹਾਂ ਸਾਰੇ ਕੰਮਾਂ ਦੀ ਜ਼ੁੰਮੇਵਾਰੀ ਨਗਰ ਨਿਗਮ ਦੀ ਹੈ ਪਰ ਨਗਰ ਨਿਗਮ ਅਜੇ ਤੀਕ ਇਨ੍ਹਾਂ ਨੂੰ ਰੋਕਣ ਵਿਚ ਕਾਮਯਾਬ ਨਹੀਂ ਹੋਇਆ। ਜਿੱਥੋਂ ਤੀਕ ਕਲੱਬਾਂ ਦੀ ਲੀਜ਼ ਦਾ ਸਬੰਧ ਹੈ, ਇਸ ਬਾਰੇ ਕਿਹਾ ਗਿਆ ਹੈ ਕਿ ਜੇ ਕਲੱਬਾਂ ਵਾਲੇ ਨਜਾਇਜ਼ ਉਸਾਰੀਆਂ ਢਾਹ ਦੇਂਦੇ ਹਨ ਤੇ ਸ਼ਰਾਬ ਦੀ ਵਰਤੋਂ ਨਹੀਂ ਕਰਦੇ ਤਾਂ ਇਨ੍ਹਾਂ ਦੀ ਲੀਜ਼ ਵੱਧ ਤੋਂ ਵੱਧ ਪੰਜ ਸਾਲ ਵਧਾਈ ਜਾਵੇਗੀ। ਇਸ ਸਮੇਂ ਦੌਰਾਨ ਨਗਰ ਨਿਗਮ ਕਲੱਬਾਂ ਨੂੰ ਪੜਾਅਵਾਰ ਇੱਥੋਂ ਕਿਸੇ ਹੋਰ ਢੁਕਵੀਂ ਜਗਾਹ ਜਿੱਥੇ ਉਹ ਠੀਕ ਸਮਝੇ ਤਬਦੀਲ ਕਰੇਗਾ ਤੇ ਸਮੁਚੇ ਸਮਾਰਕ ਦਾ ਕਬਜਾ ਚੰਗੇ ਪ੍ਰਬੰਧ ਲਈ ਪੁਰਾਤਿਤਵ ਵਿਭਾਗ ਨੂੰ ਦੇ ਦੇਵੇਗਾ। ਸਮਝੌਤੇ ਵਿਚ ਬਾਗ਼ ਅੰਦਰ ਚਾਰ ਪਹੀਆ ਗੱਡੀਆਂ ਤੇ ਭਾਰੀ ਗੱਡੀਆਂ ਦੇ ਦਾਖ਼ਲੇ ਦੀ ਮਨਾਹੀ ਕੀਤੀ ਗਈ ਹੈ, ਜਿਸ ਦੀ ਵੀ ਪਾਲਣਾ ਨਹੀਂ ਹੋ ਰਹੀ।


ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers




We Install
Garage Door Openers

• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



TransExpert NOW HIRING! Skylark LOGISTICS INC.

Highway US Drivers & Owner Operators Wanted

- 2 year experience must
- Drivers paid 60C per mile.
- Midwest runs
- Direct deposit payments .
- Friendly dispatch and flexible schedule.
- Brand new automatic trucks.
- New trailers so no hassle at scales.
- On site fuel and scale.



Also Flatbed owner operators are needed.
Regular flatbed freight.

*Yards located in Milton ON and Puslinch both on Highway 401
Contact 6474064420 or 6479220000
if busy send txt message.



KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6

# ਨਵੇਂ ਪੀਲ ਪੁਲੀਸ ਮੁਖੀ ਦੀ ਨਿਯੁਕਤੀ- ਇੱਕ ਅੱਛਾ ਆਗਾਜ਼


...ਪੰਨਾ 1 ਦਾ ਬਾਕੀ

ਉੱਪਰਲੇ ਕਥਨ ਵਾਸਤੇ ਇੱਕ ਮਿਸਾਲ ਦੇਣੀ ਤਰਕਸੰਗਤ ਹੋਵੇਗੀ। ਕੱਲ ਜਦੋਂ ਨਿਸ਼ਾਨ ਦੁਰਾਈਅੱਪਾ ਨੂੰ ਮੁਖੀ ਵਜੋਂ ਸਹੁੰ ਚੁਕਾਈ ਜਾ ਰਹੀ ਸੀ, ਉਸ ਵੇਲੇ ਇੱਕ ਵਿਅਕਤੀ ਦਾ ਟਵਿੱਟਰ ਅਕਾਊਂਟ ਦੁਹਾਈ ਪਾ ਰਿਹਾ ਸੀ ਕਿ ਜਦੋਂ ਵੀ ਘੱਟ ਗਿਣਤੀ ਦੇ ਲੋਕ ਪੁਲੀਸ ਦੀ ਅਗਵਾਈ ਕਰਦੇ ਹਨ ਤਾਂ ਜੁਰਮ ਵਿੱਚ ਵਾਧਾ ਹੁੰਦਾ ਹੈ। ਇਸ ਟਵਿੱਟਰ ਪੋਸਟ ਦੀ ਫੋਟੋ ਇਸ ਆਰਟੀਕਲ ਦੇ ਹਿੱਸੇ ਵਜੋਂ ਛਾਪੀ ਜਾ ਰਹੀ ਹੈ। ਟਵੀਟ ਕਰਨ ਵਾਲੇ ਨੇ ਟੋਰਾਂਟੋ ਪੁਲੀਸ ਦੇ ਮੁਖੀ ਮਾਰਕ ਸੈਂਡਰਜ਼ ਦਾ ਹਵਾਲਾ ਦਿੱਤਾ ਹੈ ਜੋ ਕਿ ਕਾਲੇ ਭਾਈਚਾਰੇ ਨਾਲ ਸਬੰਧਿਤ ਹੈ। ਦਿਲਚ-ਸਪ ਗੱਲ ਇਹ ਹੈ ਕਿ ਮਾਰਕ ਸੈਂਡਰਜ਼ ਅਤੇ ਨਿਸ਼ਾਨ ਦੁਰਾਈਅੱਪਾ ਦੋਵੇਂ ਅੱਛੇ ਖਾਸੇ ਦੋਸਤ ਹਨ ਅਤੇ ਦੋਵਾਂ ਦਾ ਪਿਛੋਕੜ ਹਾਲਟਨ ਰੀਜਨ ਨਾਲ ਜੁੜਿਆ ਹੈ।

ਨਿਸ਼ਾਨ ਦੁਰਾਈਅੱਪਾ ਦਾ ਨਿਯੁਕਤੀ ਉਸ ਸੁਆਲ ਦਾ ਜਰੂਰ ਹੈ ਜੋ ਪੁਲੀਸ ਸਿਸਟਮ ਦਾ ਹਿੱਸਾ ਬਣੇ ਅਹੁਦੇਦਾਰ ਇਹ ਆਖ ਕੇ ਉਠਾਉਂਦੇ ਹੁੰਦੇ ਸਨ ਕਿ ‘ਰੰਗਦਾਰ ਭਾਈਚਾਰੇ ਦੇ ਅਫ਼ਸਰਾਂ ਵਿੱਚ ਤਰੱਕੀ ਕਰਨ ਵਾਲੀ ਲਿਆਕਤ ਅਤੇ ਗੁਣ ਨਹੀਂ ਪਾਏ ਜਾਂਦੇ’। ਦੁੱਖਦਾਈ ਗੱਲ ਇਹ ਹੈ ਕਿ ਇਹੋ ਜਿਹੀਆਂ ਟਿੱਪਣੀਆਂ ਮੁੱਖ ਧਾਰਾ ਦੇ ਅਫ਼ਸਰਾਂ ਜਾਂ ਅਹੁਦੇਦਾਰਾਂ ਵੱਲੋਂ ਤਾਂ ਕੀਤੀਆਂ ਹੀ ਜਾਂਦੀਆਂ ਸਨ ਸਗੋਂ ਸਾਡੇ ਆਪਣੇ ਨੁਮਾਇੰਦੇ ਵੀ ਲਕੀਰ ਦਾ ਫ਼ਕੀਰ ਬਣਨ ਵਿੱਚ ਝਿਜਕ ਮਹਿਸੂਸ ਨਹੀਂ ਸਨ ਕਰਦੇ।

ਨਿਸ਼ਾਨ ਦੁਰਾਈਅੱਪਾ ਨੂੰ ਉਹਨਾਂ ਸੁਆਲਾਂ ਦਾ ਜਵਾਬ ਵੀ ਬਣਨਾ ਪਵੇਗਾ ਜੋ ਸੇਵਾ ਮੁਕਤ ਹੋਣ ਵਾਲੀ ਪੁਲੀਸ ਮੁਖੀ ਜੈਨੀਫਰ ਐਵਨਜ਼ ਦੇ ਰਾਜਕਾਲ ਦੌਰਾਨ ਉੱਠਦੇ ਰਹੇ ਹਨ। ਮੈਡਮ ਜੈਨੀਫਰ ਨੇ ਪੁਲੀਸ ਸਰਵਿਸਜ਼ ਬੋਰਡ ਦੇ ਸਾਬਕਾ ਮੁਖੀ ਅਮਰੀਕ ਸਿੰਘ ਆਹਲੂਵਾਲੀਆ, ਮਿਸੀਸਾਗਾ ਦੀ ਮੇਅਰ ਬੌਨੀ ਕਰੌਂਬੀ ਨੂੰ ਸਿੱਧੀ ਚੁਣੌਤੀ ਦੇਂਦੇ ਹੋਏ ਕਾਰਡਿੰਗ ਦੀ ਰਿਵਾਇਤ ਨੂੰ ਬੰਦ ਕਰਨੋਂ ਨਾਂਹ ਕਰ ਦਿੱਤੀ ਸੀ।

ਪਰਵਾਸੀ ਭਾਈਚਾਰੇ ਦੀ ਲੀਡਰਸ਼ਿੱਪ ਅਤੇ ਆਮ ਪਬਲਿਕ ਲਈ ਲਾਜ਼ਮੀ ਹੈ ਕਿ ਉਹ ਨਿਸ਼ਾਨ ਦੁਰਾਈਅੱਪਾ ਨੂੰ ਆਪਣੀਆਂ ਖਵਾਹਿਸ਼ਾਂ ਦਾ ਸ਼ਿਕਾਰ ਨਾ ਬਣਾਇਆ ਜਾਵੇ ਸਗੋਂ ਨਤੀਜੇ ਵੇਖਣ ਲਈ ਸਹਿਜ ਅਤੇ ਧਰਵਾਸ ਤੋਂ ਕੰਮ ਲਿਆ ਜਾਵੇ। ਉਸਦੀ ਨਿਯੁਕਤੀ ਸਿਸਟਮ ਵਿੱਚ ਸੁਧਾਰ ਦੀ ਸ਼ੁਰੂਆਤ ਹੈ ਨਾ ਕਿ ਸੁਧਾਰ ਦਾ ਮੁਕੰਮਲ ਹੋਣਾ ਹੈ। ਸਿਸਟਮ ਦਾ ਇਹ ਸੁਧਾਰ ਸਾਬਕਾ ਸਾਰਜੰਟ ਬੀ ਜੇ ਸੰਧੂ ਵਰਗਿਆਂ ਦੀਆਂ ਨਿਧੜਕ ਕੋਸ਼ਿਸ਼ਾਂ ਅਤੇ ਜਦੋਜਹਿਦਾਂ ਨਾਲ ਆਰੰਭ ਹੋਇਆ ਸੀ ਜਿਸਦੇ ਜਾਰੀ ਰਹਿਣ ਨੂੰ ਕਾਫ਼ੀ ਲੰਬਾ ਸਮਾਂ ਲੱਗ ਸਕਦਾ ਹੈ। ਉਸ ਲੰਬੇ ਸਮੇਂ ਦੀ ਯਾਤਰਾ ਉੱਤੇ ਨਿਸ਼ਾਨ ਦੁਰਾਈਅੱਪਾ ਦੀ ਨਿਯੁਕਤੀ ਦਾ ਜਿੰਨਾ ਹੋ ਸਕੇ ਸੁਆਗਤ ਕਰਨਾ ਬਣਦਾ ਹੈ। ਪਬਲਿਕ ਸੁਰੱਖਿਆ ਇੱਕ ਲਗਾਤਾਰ ਚੱਲਣ ਵਾਲੀ ਯਾਤਰਾ ਹੈ ਜਿਸ ਵਿੱਚ ਨਿਸ਼ਾਨ ਦੁਰਾਈਅੱਪਾ ਵਰਗੇ ਕਈ ਅਫ਼ਸਰਾਂ ਦਾ ਆਉਣਾ ਜਾਣਾ ਚੰਗੀ ਨਿਸ਼ਾਨਦੇਹੀ ਹੁੰਦਾ ਹੈ। ਇਹਨਾਂ ਨਿਸ਼ਾਨਦੇਹੀਆਂ ਦੀ ਸਫ਼ਲਤਾ ਦਾ ਮੈਪਾਨਾ ਨਾਪੀਆਂ ਤੋਲੀਆਂ ਪ੍ਰਕਿਰਿਆਵਾਂ ਨਾਲ ਨਹੀਂ ਆਂਕਿਆ ਜਾ ਸਕਦਾ ਸਗੋਂ ਨਿਸ਼ਾਨਦੇਹੀਆਂ ਦੇ ਮਜ਼ਬੂਤ ਹੋਣ ਵਿੱਚ ਹੁੰਦਾ ਹੈ ਕਿ ਕਿਸੇ ਅੱਛੀ ਮੰਜ਼ਲ ਵੱਲ ਕਦਮ ਪੁੱਟੇ ਜਾ ਰਹੇ ਹਨ। ਨਿਸ਼ਾਨ ਦੁਰਾਈਅੱਪਾ ਦੀ ਯਾਤਰਾ ਤੱਸਲੀਪੂਰਣ ਰਹੇ, ਇਸ ਆਸ ਨਾਲ ਸੁਆਗਤ ਹੈ।




## ਬਰੈਂਪਟਨ ਵਾਸੀਆਂ ਨੂੰ ਬਿਹਤਰੀਨ ਹੈਲਥ ਕੇਅਰ ਸਰਵਿਸਿਜ਼ ਮੁਹੱਈਆ ਕਰਾਵੇਗੀ ਐਨਡੀਪੀ



...ਪੰਨਾ 1 ਦਾ ਬਾਕੀ

ਜਿਨ੍ਹਾਂ ਹੈਲਥ ਕੇਅਰ ਸੇਵਾਵਾਂ ਦੀ ਬਰੈਂਪਟਨ ਵਾਸੀਆਂ ਨੂੰ ਫੌਰੀ ਲੋੜ ਹੈ ਉਹ ਉਨ੍ਹਾਂ ਕੋਲ ਨਹੀਂ ਹਨ। ਉਨ੍ਹਾਂ ਆਖਿਆ ਕਿ ਬੜੇ ਸ਼ਰਮ ਵਾਲੀ ਗੱਲ ਹੈ ਕਿ ਕੈਨੇਡਾ ਵਰਗੇ ਦੇਸ਼ ਵਿੱਚ ਲੋਕਾਂ ਦਾ ਇਲਾਜ ਹਸਪਤਾਲਾਂ ਦੇ ਹਾਲਵੇਅਜ਼ ਵਿੱਚ ਕੀਤਾ ਜਾਂਦਾ ਹੈ ਜਾਂ ਡੈਂਟਿਸਟ ਕੋਲ ਜਾਣਾ ਲੋਕਾਂ ਲਈ ਵਾਰਾ ਨਹੀਂ ਖਾਂਦਾ। ਸਰਨਜੀਤ ਨੇ ਆਖਿਆ ਕਿ ਬਰੈਂਪਟਨ ਵਿੱਚ ਲੋਕਾਂ ਲਈ ਹੈਲਥ ਕੇਅਰ ਸਰਵਿਸਿਜ਼ ਵਿੱਚ ਸੁਧਾਰ ਕਰਨ ਲਈ ਐਨਡੀਪੀ ਕੋਲ ਪੂਰੀ ਯੋਜਨਾ ਹੈ। ਕਈ ਸਾਲਾਂ ਤੱਕ ਲਿਬਰਲਾਂ ਤੇ ਕੰਜ਼ਰਵੇਟਿਵਾਂ ਨੇ ਬਰੈਂਪਟਨਵਾਸੀਆਂ ਦੀ ਕੋਈ ਕਦਰ ਨਹੀਂ ਕੀਤੀ ਤੇ ਜਾਂ ਫਿਰ ਅਜਿਹੀਆਂ ਸੇਵਾਵਾਂ ਵਿੱਚ ਕਟੌਤੀ ਕਰ ਦਿੱਤੀ ਜਿਨ੍ਹਾਂ ਦੀ ਲੋਕਾਂ ਨੂੰ ਬਹੁਤ ਲੋੜ ਸੀ। ਉਨ੍ਹਾਂ ਆਖਿਆ ਕਿ ਪਿਛਲੇ ਸਾਲ ਹਾਲਵੇਅ ਵਿੱਚ ਇਲਾਜ ਕੀਤੇ ਜਾਣ ਦੇ ਬਰੈਂਪਟਨ ਵਿੱਚ 4500 ਤੋਂ ਵੀ ਜ਼ਿਆਦਾ ਮਾਮਲੇ ਮਿਲਦੇ ਹਨ। ਜਗਮੀਤ ਸਿੰਘ ਤੇ ਐਨਡੀਪੀ ਵੱਲੋਂ ਬਰੈਂਪਟਨ ਵਿੱਚ ਦੂਜੇ ਹਸਪਤਾਲ ਦਾ ਨਿਰਮਾਣ ਕਰਨ ਤੇ ਪੀਲ ਮੈਮੋਰੀਅਲ ਨੂੰ ਅਪਗ੍ਰੇਡ ਕਰਨ ਦਾ ਤਹੱਈਆ ਪ੍ਰਗਟਾਇਆ ਗਿਆ ਹੈ। ਅਜਿਹਾ ਇਸ ਲਈ ਕੀਤਾ ਗਿਆ ਹੈ ਤਾਂ ਕਿ ਲੋਕਾਂ ਨੂੰ ਆਪਣੀ ਹੀ ਕਮਿਊਨਿਟੀ ਵਿੱਚ ਰਹਿ ਕੇ ਉਹ ਸਾਂਭ ਸੰਭਾਲ ਮਿਲ ਸਕੇ ਜਿਸ ਦੀ ਉਨ੍ਹਾਂ ਨੂੰ ਲੋੜ ਹੈ।

ਬਰੈਂਪਟਨ ਸਾਊਥ ਤੋਂ ਐਨਡੀਪੀ ਉਮੀਦਵਾਰ ਮਨਦੀਪ ਕੌਰ ਦਾ ਕਹਿਣਾ ਹੈ ਕਿ ਬਰੈਂਪਟਨ ਵਾਸੀ ਇਹ ਸਮਝਦੇ ਹਨ ਕਿ ਜਗਮੀਤ ਸਿੰਘ ਇੱਕ ਫਾਈਟਰ ਹਨ। ਇਨ੍ਹਾਂ ਚੋਣਾਂ ਵਿੱਚ ਐਨਡੀਪੀ ਸਾਡੀ ਸਿਟੀ ਲਈ ਕੁੱਝ ਵੱਖਰਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਆਖਿਆ ਕਿ ਐਨਡੀਪੀ ਨੈਸ਼ਨਲ ਮੈਡੀਕਲ ਕਵਰੇਜ ਵਿੱਚ ਡੈਂਟਲ ਕੇਅਰ ਤੇ ਫਰੀ ਪ੍ਰਿਸਕ੍ਰਿਪਸ਼ਨ ਡਰੱਗ ਨੂੰ ਵੀ ਸ਼ਾਮਲ ਕਰੇਗੀ ਤਾਂ ਕਿ ਕਿਸੇ ਵੀ ਬਰੈਂਪਟਨ ਵਾਸੀ ਨੂੰ ਇਲਾਜ ਪੱਖੋਂ ਕੋਈ ਤਕਲੀਫ ਨਾ ਹੋਵੇ। ਇਸ ਤੋਂ ਇਲਾਵਾ ਐਨਡੀਪੀ ਨੈਸ਼ਨਲ ਆਟਿਜ਼ਮ ਸਟਰੈਟੇਜੀ ਲਿਆ ਕੇ ਉਨ੍ਹਾਂ ਪਰਿਵਾਰਾਂ ਨੂੰ ਵੀ ਰਾਹਤ ਦੇਵੇਗੀ ਜਿਹੜੇ ਇਸ ਸਮੱਸਿਆ ਨਾਲ ਜੂਝ ਰਹੇ ਹਨ।

## ਚੀਨ ਨੇ ਨੈਸ਼ਨਲ ਡੇਅ ਪਰੇਡ ਦੌਰਾਨ ਆਪਣੀ ਤਾਕਤ ਵਿਖਾਈ

ਬੀਜਿੰਗ, 1 ਅਕਤੂਬਰ, (ਪੋਸਟ ਬਿਊਰੋ)- ਚੀਨ ਵਿੱਚ ਕਮਿਊਨਿਸਟ ਰਾਜ ਦੀ ਸਥਾਪਨਾ ਦੇ 70 ਸਾਲ ਪੂਰੇ ਹੋਣ ਦੇ ਸੰਬੰਧ ਵਿੱਚ ਬੀਜਿੰਗ ਵਿੱਚ ਮੰਗਲਵਾਰ ਨੂੰ ਜ਼ੋਰ-ਸ਼ੋਰ ਨਾਲ ਜਸ਼ਨ ਮਨਾਇਆ ਗਿਆ। ਇਸ ਮੌਕੇ ਮਿਲਟਰੀ ਪਰੇਡ ਨਾਲ ਚੀਨ ਨੇ ਆਪਣੇ ਖ਼ਤਰਨਾਕ ਹਥਿਆਰਾਂ, ਮਿਜ਼ਾਈਲਾਂ ਦਾ ਪ੍ਰਦਰਸ਼ਨ ਕੀਤਾ ਹੈ।



ਸੰਸਾਰ ਭਰ ਵਿੱਚ ਚੀਨ ਦੀ ਇਸ ਪਰੇਡ ਨੂੰ ਦੁਨੀਆਂ ਅੱਗੇ ਸ਼ਕਤੀ ਪ੍ਰਦਰਸ਼ਨ ਮੰਨਿਆ ਗਿਆ ਅਤੇ ਖ਼ਾਸ ਤੌਰ ਉੱਤੇ ਉਸ ਦੀਆਂ ਮਿਜ਼ਾਈਲਾਂ ਸਭ ਨੂੰ ਹੈਰਾਨ ਕਰ ਰਹੀਆਂ ਹਨ।ਚੀਨ ਨੇ ਜਿਨ੍ਹਾਂ ਮਿਜ਼ਾਈਲਾਂ ਦਾ ਪ੍ਰਦਰਸ਼ਨ ਕੀਤਾ, ਉਨ੍ਹਾਂ ਵਿੱਚ15 ਹਜ਼ਾਰ ਕਿਲੋਮੀਟਰ ਦੂਰ ਤਕ ਨਿਸ਼ਾਨਾ ਲਾ ਸਕਦੀਆਂ ਇੰਟਰਕਾਂਟੀਨੈਂਟਲ ਮਿਜ਼ਾਈਲਾਂ ਡੋਂਗਫੇਂਗ-41 ਅਤੇ ਡੋਂਗਫੇਂਗ-17 ਸ਼ਾਮਲ ਹਨ। ਡੀ ਐਫ-41 ਦੁਨੀਆ ਦੀ ਸਭ ਤੋਂ ਦੂਰ ਨਿਸ਼ਾਨਾ ਲਾਉਣ ਵਾਲੀ ਮਿਜ਼ਾਈਲ ਮੰਨੀ ਜਾਂਦੀ ਹੈ। ਚੀਨ ਨੇ ਪਹਿਲੀ ਵਾਰ ਇਹ ਮਿਜ਼ਾਈਲ ਪਰੇਡ ਵਿੱਚ ਵਿਖਾਈ ਹੈ, ਜੋ ਸਿਰਫ਼ 30 ਮਿੰਟਾਂ ਅੰਦਰ ਚੀਨ ਤੋਂ ਅਮਰੀਕਾ ਦੇ ਕਿਸੇ ਵੀ ਸ਼ਹਿਰ ਨੂੰ ਨਿਸ਼ਾਨਾ ਬਣਾ ਸਕਦੀ ਹੈ।ਫ਼ੌਜੀ ਪਰੇਡ ਵਿੱਚ ਚੀਨ ਵੱਲੋਂ ਵਿਖਾਏ ਗਏ ਹਥਿਆਰਾਂ ਵਿੱਚ ਫ਼ਾਈਟਰ ਪਲੇਨ, ਏਅਰਕ੍ਰਾਫ਼ਟ ਕੈਰੀਅਰ, ਸੁਪਰਸੋਨਿਕ ਮਿਜ਼ਾਈਲ ਅਤੇ ਨਿਊਕਲੀਅਰ ਸਮਰੱਥਾ ਵਾਲੀਆਂ ਪਣਡੁੱਬੀਆਂ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਚੀਨ ਵਿੱਚ ਗ੍ਰਹਿ ਯੁੱਧ ਪਿੱਛੋਂ 1 ਅਕਤੂਬਰ 1949 ਨੂੰ ਮਾਓਤਸੇ ਤੁੰਗ ਨੇ ਪੀਪਲਜ਼ ਰਿਪ-ਬਲਿਕ ਆਫ਼ ਚਾਈਨਾ ਵਜੋਂ ਦੇਸ਼ ਦੇ ਮੌਜੂਦਾ ਪ੍ਰਬੰਧ ਦੀ ਸਥਾਪਨਾ ਦਾ ਐਲਾਨ ਕੀਤਾ ਸੀ।

## ਟੱਕਰ ਮਾਰਨ ਵਾਲੀ ਬੱਸ ਮਿਆਦ ਪੁੱਗੀ ਰਜਿਸ਼ਟ੍ਰੇਸ਼ਨ ’ਤੇ ਚੱਲਦੀ ਰਹੀ

ਮੁਕੇਰੀਆਂ, 1 ਅਕਤੂਬਰ (ਪੋਸਟ ਬਿਊਰੋ)- ਬੀਤੇ ਦਿਨ ਮੁਕੇਰੀਆਂ ਤਲਵਾੜਾ ਮਾਰਗ ’ਤੇ ਪਿੰਡ ਗੇਰਾ ਕੋਲ ਵਾਪਰੇ ਸੜਕ ਹਾਦਸੇ ’ਚ ਕਾਰ ਨੂੰ ਟੱਕਰ ਮਾਰਨ ਵਾਲੀ ਨਰਵਾਲ ਟਰਾਂਸਪੋਰ ਟਕੰਪਨੀ ਦੀ ਬੱਸ ਸਾਲ 2016 ’ਚ ਮਿਆਦ ਪੁਗਾ ਚੁੱਕੇ ਰਜਿਸਟ੍ਰੇਸ਼ਨ ਸਰਟੀਫਿਕੇਟ ’ਤੇ ਚੱਲ ਰਹੀ ਸੀ। ਦਰਜ ਕੀਤੇ ਗਏ ਕੇਸ ’ਚ ਦਰਜ ਅਤੇ ਬੱਸ ਦੇ ਮੂਹਰੇ ਲਿਖਿਆ ਨੰਬਰ ਵਾਹਨ ਐਪ ਵਿੱਚ ਬੁਲੇਟ ਮੋਟਰਸਾਈਕਲ ਦਾ ਨਿਕਲਿਆ ਹੈ। ਬੱਸ ਮਾਲਕਾਂ ਵੱਲੋਂ ਕੋਈ ਅਧਿਕਾਰਤ ਰੂਟ ਵੀ ਹਾਲੇ ਤੱਕ ਪੁਲਸ ਕੋਲ ਪੇਸ਼ ਨਹੀਂ ਕੀਤਾ ਜਾ ਸਕਿਆ। ਹਾਦਸੇ ਮੌਕੇ ਬੱਸ ਤਲਵਾੜਾ ਰੂਟ ’ਤੇ ਚੱਲ ਰਹੀ ਸੀ ਪਰ ਬੋਰਡ ਪਠਾਨਕੋਟ, ਥੀਨ ਡੈਮ ਤੋਂ ਬਸੌਲੀ (ਜੰਮੂ) ਦਾ ਲੱਗਾ ਹੋਇਆ ਸੀ।

ਇਸ ਬੱਸ ਦੇ ਹਾਦਸੇ ’ਚ ਜ਼ਖਮੀ ਹੋਏ ਪੀੜਤਾਂ ਨੇ ਡੀ ਐਸ ਪੀ ਮੁਕੇਰੀਆ ਰਵਿੰ-ਦਰ ਸਿੰਘ ਨੂੰ ਮੰਗ ਪੱਤਰ ਸੌਪ ਕੇ ਬੱਸ ਮਾਲਕਾਂ ਖਿਲਾਫ ਵੱਖਰੇ ਤੌਰ ਉੱਤੇ ਜਾਂਚ ਕਰਨ ਦੀ ਮੰਗ ਕੀਤੀ ਹੈ।ਹਾਦਸੇ ’ਚ ਜ਼ਖਮੀ ਹੋਏ ਪ੍ਰੈਸ ਕਲੱਬ ਦੇ ਪ੍ਰਧਾਨ ਮਨਜੀਤ ਸਿੰਘ ਚੀਮਾ, ਅਕਾਲੀ ਦਲ (ਅ) ਦੇ ਹਲਕਾ ਇੰਚਾਰਜ ਗੁਰਵਤਨ ਸਿੰਘ ਮੁਲਤਾਨੀ ਨੇ ਦੱਸਿਆ ਕਿ ਹਾਦਸੇ ਮੌਕੇ ਬੱਸ ਆਰਜ਼ੀ ਤੇ ਮਿਆਦ ਪੁਗਾ ਚੁੱਕੇ ਰਜਿਸਟ੍ਰੇਸ਼ਨ ਸਰਟੀਫਿਕੇਟ ਅਤੇ ਬਿਨ੍ਹਾਂ ਅਧਿਕਾਰਤ ਬੱਸ ਪਰਮਿਟ ਅਤੇ ਮੋਹਰਲੀ ਨੰਬਰ ਪਲੇਟ ’ਤੇ ਗਲਤ ਨੰਬਰ ਲਾ ਕੇ ਚਲਾਈ ਜਾ ਰਹੀ ਸੀ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਮੁਫਤ ਪਿਕਅਪ ਅਤੇ ਡਰਾਪ ਆਫ਼
ਫ਼ੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ




BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Aikam MEDIA GROUP
Radio Punjab
Aikam TV
Aikam Arts Academy
Learn Indian Classical Music, Instruments, Folk Dances
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟਰੱਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਿਡ ਰਨ ਲਈ ਲੋੜ ਹੈ
647.456.8520 | 416.904.0715

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਗਟ ਦਿਹਾੜੇ ਨੂੰ ਸਮਰਪਿਤ ਦੋ-ਦਿਨਾਂ ਅੰਤਰਰਾਸ਼ਟਰੀ ਕਾਨਫ਼ਰੰਸ

## ਵਡਮੁੱਲੀ ਪੁਸਤਕ 'ਗੁਰੂ ਨਾਨਕ ਦਰਸ਼ਨ: ਰਬਾਬ ਤੋਂ ਨਗਾਰੇ ਤੱਕ' ਰਿਲੀਜ਼ ਕੀਤੀ ਗਈ











ਟੋਰਾਂਟੋ: ਨਾਨਕ ਸਾਹਿਬ ਦੇ 550 ਸਾਲਾ ਪ੍ਰਗਟ ਦਿਹਾੜੇ ਨੂੰ ਸਮਰਪਿਤ ਦੋ-ਦਿਨਾਂ ਅੰਤਰਰਾਸ਼ਟਰੀ ਕਾਨਫ਼ਰੰਸ, ਟੋਰਾਂਟੋ ਕੈਨੇਡਾ, ਸਰੋਤਿਆਂ 'ਤੇ ਅਮਿੱਟ ਪ੍ਰਭਾਵ ਛੱਡਦਿਆਂ, ਸੰਪੂਰਨ ਹੋਈ। ਓਂਟਾਰੀਓ ਖਾਲਸਾ ਦਰਬਾਰ ਵੱਲੋਂ ਡਿਕਸੀ ਰੋਡ ਸਥਿਤ ਗੁਰਦੁਆਰਾ ਸਾਹਿਬ ਦੇ ਮੁੱਖ ਦਰਬਾਰ ਹਾਲ ਅਤੇ ਕਾਨਫਰੰਸ ਹਾਲ ਵਿੱਚ, ਦੋਵੇਂ ਦਿਨ ਵੱਖੋ-ਵੱਖਰੇ ਸਥਾਨਾਂ 'ਤੇ ਇਹ ਕਾਨਫਰੰਸ ਕਰਵਾਈ ਗਈ, ਜਿਸ ਲਈ ਪ੍ਰਬੰਧਕ ਤੇ ਸਮੂਹ ਵਲੰਟੀਅਰ ਵਧਾਈ ਦੇ ਪਾਤਰ ਹਨ। ਵਿਲੱਖਣਤਾ ਇਸ ਗੱਲ ਵਿੱਚ ਸੀ ਕਿ ਇਸ ਅੰਤਰਰਾਸ਼ਟਰੀ ਸ਼ਤਾਬਦੀ ਕਾਨਫਰੰਸ ਵਿੱਚ ਜਿੱਥੇ ਵਿਦਵਾਨਾਂ ਨੇ ਵੱਖ- ਵੱਖ ਵਿਸ਼ਿਆਂ 'ਤੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਵਿਚਾਰ ਸਾਂਝੇ ਕੀਤੇ, ਉੱਥੇ ਇਸ ਮੌਕੇ 'ਤੇ ਰਿਲੀਜ਼ ਕੀਤੀ ਗਈ ਵਡਮੁੱਲੀ ਪੁਸਤਕ 'ਗੁਰੂ ਨਾਨਕ ਦਰਸ਼ਨ: ਰਬਾਬ ਤੋਂ ਨਗਾਰੇ ਤੱਕ' ਹੱਥੋ- ਹੱਥੀਂ ਪਾਠਕ ਕੁਝ ਪਲਾਂ 'ਚ ਹੀ ਲੈ ਗਏ ਅਤੇ ਉਨ੍ਹਾਂ ਇਸ ਧਾਰਨਾ ਨੂੰ ਗ਼ਲਤ ਸਾਬਤ ਕਰ ਦਿੱਤਾ ਕਿ ਪੰਜਾਬੀ ਚੰਗਾ ਸਾਹਿਤ ਪੜ੍ਹਨਾ ਨਹੀਂ ਚਾਹੁੰਦੇ ਜਾਂ ਪੜ੍ਹਦੇ ਨਹੀ। ਇਸ ਕਾਨਫ਼ਰੰਸ ਮੌਕੇ ਪੰਜਾਬ ਤੋਂ ਆਏ ਸਿੱਖ ਵਿਦਵਾਨ ਅਤੇ ਲਿਖਾਰੀ ਰਾਜਵਿੰਦਰ ਸਿੰਘ ਰਾਹੀ ਨੇ 'ਗੁਰੂ ਨਾਨਕ ਸਾਹਿਬ ਦਾ ਮੈਨੀਫੈਸਟੋ' ਵਿਸ਼ੇ 'ਤੇ ਪ੍ਰਭਾਵਸ਼ਾਲੀ ਲੈਕਚਰ ਦਿੱਤਾ, ਜਦਕਿ ਸਿੱਖ ਸਕਾਲਰ ਅਤੇ ਪੱਤਰਕਾਰ ਡਾ ਗੁਰਵਿੰਦਰ ਸਿੰਘ ਵੱਲੋਂ 'ਗੁਰੂ ਨਾਨਕ ਦਰਸ਼ਨ ਰਬਾਬ ਤੋਂ ਨਗਾਰੇ ਤੱਕ' ਵਿਸ਼ੇ 'ਤੇ ਵਿਚਾਰ ਸਾਂਝੇ ਕੀਤੇ ਗਏ। ਨੌਜਵਾਨ ਬੁੱਧੀਜੀਵੀ ਬਲਪ੍ਰੀਤ ਸਿੰਘ ਨੇ ਅੰਗਰੇਜ਼ੀ ਵਿੱਚ 'ਗੁਰੂ ਨਾਨਕ ਸਾਹਿਬ ਦਾ ਇਨਕਲਾਬ' ਵਿਸ਼ਾ ਸਾਂਝਾ ਕੀਤਾ, ਜਦਕਿ ਸਿੱਖ ਵਿਦਵਾਨ ਭਾਈ ਨਛੱਤਰ ਸਿੰਘ ਨੇ 'ਗੁਰੂ ਨਾਨਕ ਸਾਹਿਬ ਦੇ ਜੀਵਨ ਅਤੇ ਬਾਣੀ' ਵਿਸ਼ੇ 'ਤੇ ਸੰਗਤ ਨਾਲ ਵਿਚਾਰ-ਵਟਾਂਦਰਾ ਕੀਤਾ। ਇਸ ਤੋਂ ਮਗਰੋਂ ਸਵਾਲ ਜਵਾਬ ਦੇ ਸੈਸ਼ਨ ਵਿੱਚ ਬੁਲਾਰਿਆਂ ਨੇ ਸਰੋਤਿਆਂ ਦੇ ਵੱਖ- ਵੱਖ ਸਵਾਲਾਂ ਦੇ ਉੱਤਰ ਦਿੱਤੇ।

ਕਾਨਫਰੰਸ ਦੇ ਦੂਸਰੇ ਦਿਨ ਗੁਰਦੁਆਰਾ ਸਾਹਿਬ ਖ਼ਾਲਸਾ ਦਰਬਾਰ ਓਨਟੈਰੀਓ ਦੇ ਮੇਨ ਹਾਲ ਵਿੱਚ ਸਿੱਖ ਵਿਦਵਾਨ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਵੱਲੋਂ ਗੁਰੂ ਨਾਨਕ ਸਾਹਿਬ ਸ਼ਤਾਬਦੀ ਦੇ ਧਾਰਮਿਕ ਮਹੱਤਵ ਨੂੰ ਦਰਸਾਇਆ ਗਿਆ, ਜਦਕਿ ਇਤਿਹਾਸਕਾਰ ਰਾਜਵਿੰਦਰ ਸਿੰਘ ਰਾਹੀ ਨੇ 29 ਸਤੰਬਰ 1914 ਦੇ ਦਿਨ ਵਾਪਰੇ ਕਾਮਾਗਾਟਾ ਮਾਰੂ 'ਗੁਰੂ ਨਾਨਕ ਜਹਾਜ਼' ਨਾਲ ਸੰਬੰਧਤ ਬਜਬਜ ਘਾਟ ਦੇ ਸ਼ਹੀਦੀ ਸਾਕੇ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਤੇ ਡਾ ਗੁਰਵਿੰਦਰ ਸਿੰਘ ਵੱਲੋਂ ਗੁਰੂ ਨਾਨਕ ਸਾਹਿਬ ਦਾ ਚਿੰਤਨ ਬਾਣੀ ਅਤੇ ਮੌਜੂਦਾ ਹਾਲਾਤ ਬਾਰੇ ਕੌਮਾਂਤਰੀ ਮੰਚ 'ਤੇ ਆਮ ਕਰਕੇ ਅਤੇ ਸਿੱਖ ਸਮਾਜ ਬਾਰੇ ਖਾਸ ਕਰਕੇ ਵਿਚਾਰ ਪ੍ਰਗਟਾਏ ਗਏ। ਗੁਰਦੁਆਰਾ ਡਿਕਸੀ ਰੋਡ ਦੀ ਸਟੇਜ ਤੋਂ 1995 ਵਿੱਚ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਵੱਲੋਂ 'ਸ਼ਹੀਦ' ਦੇ ਸੰਕਲਪ ਬਾਰੇ ਦਿੱਤੇ ਯਾਦਗਾਰੀ ਲੈਕਚਰ ਵਿੱਚੋਂ ਹਵਾਲੇ ਸਾਂਝੇ ਕਰਦਿਆਂ, ਮੌਜੂਦਾ ਸਮੇਂ ਦੀਆਂ ਚੁਣੌਤੀਆਂ ਦੇ ਹੱਲ ਕੱਢਣ ਅਤੇ ਇੱਕਮੁਠਤਾ ਦਾ ਮਾਹੌਲ ਸਿਰਜਣ 'ਤੇ ਜ਼ੋਰ ਦਿੱਤਾ ਗਿਆ, ਤਾਂ ਕਿ ਸ਼ਤਾਬਦੀ ਪੁਰਬ ਕੌਮ ਦੇ ਸੁਨਹਿਰੀ ਭਵਿੱਖ ਦਾ ਆਧਾਰ ਬਣ ਸਕਣ। ਦੋ-ਦਿਨਾਂ ਅੰਤਰਰਾਸ਼ਟਰੀ ਕਾਨਫ਼ਰੰਸ ਦੇ ਅਖੀਰ ਵਿੱਚ ਪ੍ਰਬੰਧਕ ਸਹਿਬਾਨ ਵੱਲੋਂ ਬੁਲਾਰਿਆਂ ਨੂੰ ਸਨਮਾਨ ਚਿੰਨ ਭੇਟ ਕਰਦਿਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਸਮਾਗਮਾਂ ਸਬੰਧੀ ਸ਼ਤਾਬਦੀ ਕਮੇਟੀ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਬੱਲ, ਜਨਰਲ ਸਕੱਤਰ ਰਣਜੀਤ ਸਿੰਘ ਦੂਲੇ, ਪਰਮਜੀਤ ਸਿੰਘ ਗਿਲ, ਹਰਪਾਲ ਸਿੰਘ, ਗੁਰਮੇਲ ਸਿੰਘ ਅਤੇ ਹੋਰਨਾਂ ਪ੍ਰਬੰਧਕਾਂ ਤੋਂ ਇਲਾਵਾ, ਸਿੱਖ ਆਗੂਆਂ ਅਜੀਤ ਸਿੰਘ ਸਹੋਤਾ, ਵੈਨਕੂਵਰ ਤੋਂ ਆਏ ਪੰਜਾਬ ਗਾਰਡੀਅਨ ਦੇ ਮੈਨੇਜ਼ਰ ਕੰਵਲਜੀਤ ਸਿੰਘ, ਵਿਨੀਪੈੱਗ ਤੋਂ ਪਹੁੰਚੇ ਪਰਮਜੀਤ ਸਿੰਘ ਗਿੱਲ, ਇੰਦਰਜੀਤ ਸਿੰਘ ਬਲ, ਪੂਨੀਆ ਸਾਹਿਬ, ਮਨਦੀਪ ਸਿੰਘ ਗਿੱਲ, ਡਾ ਕੁਲਜੀਤ ਸਿੰਘ ਜੰਜੂਆ, ਪੰਜਾਬੀ ਭਵਨ ਦੇ ਪ੍ਰਮੁੱਖ ਵਿਪਨ ਸਿੰਘ ਮਹਿਰੋਕ, ਸੁਖਮੰਦਰ ਸਿੰਘ ਹੰਸਰਾ' ਸੁਖਦੇਵ ਸਿੰਘ ਗਿੱਲ, ਕੰਵਲਜੀਤ ਸਿੰਘ ਕੰਵਲ, ਅਮਰਜੀਤ ਸਿੰਘ, ਗੁਰਬਚਨ ਸਿੰਘ, ਮੋਹਨ ਸਿੰਘ ਲੱਖਾ ਧਾਲੀਵਾਲ, ਹਰਮਨ ਸੰਿਘ ਅਤੇ ਪ੍ਰਿੰਸੀਪਲ ਚਰਨ ਸਿੰਘ ਸਮੇਤ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੇ ਵੀ ਸ਼ਮੂਲੀਅਤ ਕੀਤੀ। ਮਿਸੀਸਾਗਾ ਅਤੇ ਬਰੈਮਟਨ ਸ਼ਹਿਰਾਂ ਦੀ ਮੇਅਰ ਸਾਹਿਬਾਨ ਵੱਲੋਂ ਜਿੱਥੇ ਸ਼ਤਾਬਦੀ ਕਾਨਫਰੰਸ 'ਤੇ ਵਧਾਈਆਂ ਦਿੱਤੀਆਂ ਗਈਆਂ, ਉੱਥੇ ਇਸ ਮੌਕੇ ਤੇ 550 ਦਰੱਖਤ ਲਗਾਉਣ ਦੀ ਮੁਹਿੰਮ ਨੂੰ ਵੀ ਉਤਸ਼ਾਹਤ ਕੀਤਾ ਗਿਆ। ਦੋਵੇਂ ਦਿਨਾਂ ਦੇ ਸਮਾਗਮਾਂ ਦਾ ਸਿੱਧਾ ਪ੍ਰਸਾਰਨ ਵੱਖ-ਵਖ ਚੈਨਲ ਰਾਹੀਂ ਲੱਖਾਂ ਸਿੱਖ-ਸੰਗਤਾਂ ਨੇ ਦੇਖਿਆ। ਕੈਨੇਡਾ ਵਿੱਚ ਗੁਰਦੁਆਰਾ ਸਿੰਘ ਸਭਾ ਸਰੀ ਵੱਲੋਂ ਕੀਤੀ ਪਹਿਲੀ ਅੰਤਰਰਾਸ਼ਟਰੀ ਕਾਨਫਰੰਸ ਤੋਂ ਮਗਰੋਂ ਟੋਰਾਂਟੋ ਦੀ ਕਾਨਫਰੰਸ ਦੇ ਉਪਰਾਲੇ ਨੇ ਸਿੱਖ ਜਗਤ ਵਿੱਚ ਸ਼ਤਾਬਦੀਆਂ ਮਨਾਉਣ ਦੇ ਬਿਹਤਰੀਨ ਤਰੀਕੇ ਵਜੋਂ ਸ਼ਬਦ ਗੁਰੂ ਵਿਚਾਰ ਅਤੇ ਗੋਸ਼ਟੀਆਂ ਦੇ ਰੂਪ ਵਿੱਚ ਅਮਿੱਟ ਪ੍ਰਭਾਵ ਸਿਰਜਿਆ।

# ਗੰਭੀਰ ਸਮੱਸਿਆ ਭਾਰਤ 'ਚ ਅਵਾਰਾ ਪਸ਼ੂਆਂ ਦੀ...

ਡਾ. ਸੁਖਦੇਵ ਸਿੰਘ ਝੰਡ
ਫ਼ੋਨ: 647-567-9128





ਭਾਰਤ ਵਿਚ ਅਵਾਰਾ ਪਸ਼ੂਆਂ ਦੁਆਰਾ ਕਿਸਾਨ ਦੀਆਂ ਫ਼ਸਲਾਂ ਨੂੰ ਉਜਾੜਨ ਦੀ ਸਮੱਸਿਆ ਦਿਨੋਂ-ਦਿਨ ਗੰਭੀਰ ਹੁੰਦੀ ਜਾ ਰਹੀ ਹੈ। ਦੇਸ਼ ਦੇ ਕਈ ਸੂਬਿਆਂ ਵਿਚੋਂ ਹਜ਼ਾਰਾਂ ਨਹੀਂ, ਬਲਕਿ ਲੱਖਾਂ ਦੀ ਗਿਣਤੀ ਵਿਚ ਅਵਾਰਾ ਪਸ਼ੂਆਂ ਵੱਲੋਂ ਖੇਤਾਂ ਨੂੰ ਉਜਾੜਨ ਅਤੇ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਇਸ ਬਰਬਾਦੀ ਤੋਂ ਰੋਕਣ ਲਈ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਯਤਨਾਂ ਵਿਰੁੱਧ ਕਥਿਤ 'ਗਊ-ਰੱਖਿਅਕਾਂ' ਤੇ 'ਗਊ-ਸੇਵਕਾਂ' ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋ ਰਹੀਆਂ ਹਨ ਅਤੇ ਇਹ ਖ਼ਬਰਾਂ ਰੇਡੀਓ ਤੇ ਟੈਲੀਵਿਜ਼ਨ 'ਤੇ ਵੀ ਲਗਾਤਾਰ ਆ ਰਹੀਆਂ ਹਨ। ਅਖ਼ਬਾਰ ਦੀ ਇਕ ਖ਼ਬਰ ਅਨੁਸਾਰ ਅਨੁਸਾਰ ਦੇਸ਼ ਵਿਚ ਇਸ ਵੇਲੇ ਅਵਾਰਾ ਪਸ਼ੂਆਂ ਦੀ ਗਿਣਤੀ 50 ਲੱਖ ਹੈ ਅਤੇ ਪੰਜਾਬ ਇਨ੍ਹਾਂ ਦੀ ਗਿਣਤੀ 1.5 ਲੱਖ ਦੇ ਲੱਗਭੱਗ ਕਿਆਸ ਕੀਤੀ ਜਾ ਰਹੀ ਹੈ, ਜਦ ਕਿ ਪ੍ਰਜਾਬ ਦੇ ਪਸ਼ੂ-ਪਾਲਣ ਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵੱਲੋਂ ਦੇਸ਼ ਵਿਚ ਇਨ੍ਹਾਂ ਦੀ ਗਿਣਤੀ ਇਕ ਕਰੋੜ ਤੋਂ ਉੱਪਰ ਦੱਸੀ ਗਈ ਹੈ। ਇਨ੍ਹਾਂ ਅਵਾਰਾ ਪਸ਼ੂਆਂ ਨਾਲ ਸ਼ਹਿਰਾਂ ਵਿਚ ਟਰੈਫ਼ਿਕ ਦੀ ਵੱਡੀ ਸਮੱਸਿਆ ਬਣਦੀ ਜਾ ਰਹੀ ਹੈ ਅਤੇ ਇਹ ਐਕਸੀਡੈਂਟਾਂ ਦਾ ਵੀ ਮੁੱਖ ਕਾਰਨ ਵੀ ਬਣ ਰਹੇ ਹਨ। ਕਈ ਕੇਸਾਂ ਵਿਚ ਅਵਾਰਾ ਢੱਟਿਆਂ ਨੇ ਸਕੂਟਰ ਤੇ ਮੋਟਰਸਾਈਕਲ ਸਵਾਰਾਂ ਨੂੰ ਢੁੱਡਾਂ ਮਾਰ ਕੇ ਡੇਗ ਕੇ ਉਨ੍ਹਾਂ ਨੂੰ ਸੱਟਾਂ ਲਗਾਈਆਂ ਹਨ। ਇਹ ਸਮੱਸਿਆ ਹੁਣ ਦੇਸ਼-ਵਿਆਪੀ ਬਣਦੀ ਜਾ ਰਹੀ ਹੈ ਅਤੇ ਪੰਜਾਬ ਵਿਚ ਵੀ ਬਹੁਤ ਸਾਰੇ ਕੇਸ ਸਾਹਮਣੇ ਆਏ ਹਨ।

ਪਿਛਲੇ ਸਾਲ ਦਸੰਬਰ 2018 ਅਤੇ ਜਨਵਰੀ 2019 ਵਿਚ ਉੱਤਰ ਪ੍ਰਦੇਸ਼ ਵਿਚ ਕਿਸਾਨਾਂ ਨੇ ਅਵਾਰਾ ਪਸ਼ੂਆਂ ਨੂੰ ਸਕੂਲਾਂ ਵਿਚ ਵਾੜ ਕੇ ਇਨ੍ਹਾਂ ਨੂੰ ਡੱਕਣਾ ਸ਼ੁਰੂ ਕਰ ਦਿੱਤਾ ਤਾਂ ਕਿ ਉਹ ਉਨ੍ਹਾਂ ਦੀਆਂ ਫ਼ਸਲਾਂ ਦਾ ਉਜਾੜਾ ਨਾ ਕਰ ਸਕਣ। ਅਲੀਗੜ੍ਹ ਵਿਚ 25 ਦਸੰਬਰ 2018 ਦੀ ਰਾਤ ਨੂੰ ਇਕ ਸਕੂਲ ਵਿਚ 800 ਅਵਾਰਾ ਪਸ਼ੂ ਬੰਦ ਕਰਕੇ ਸਕੂਲ ਦੇ ਗੇਟ ਨੂੰ ਤਾਲਾ ਲਗਾ ਦਿੱਤਾ ਗਿਆ। ਏਸੇ ਤਰ੍ਹਾਂ ਆਗਰਾ ਜ਼ਿਲੇ ਦੇ ਇਕ ਪਿੰਡ ਦੇ ਸਕੂਲ ਵਿਚ ਵੀ ਕਿਸਾਨਾਂ ਵੱਲੋਂ ਅਜਿਹੀ ਕਾਰਵਾਈ ਕੀਤੀ ਗਈ। ਸ਼ਾਹਜਹਾਨਪੁਰ ਵਿਚ 2 ਜਨਵਰੀ 2019 ਨੂੰ ਕਿਸਾਨਾਂ ਵੱਲੋਂ ਅਜਿਹਾ ਕਰਨ ਦੀ ਕੋਸ਼ਿਸ਼ ਕਰ ਰਹੇ 28 ਕਿਸਾਨਾਂ ਨੂੰ ਪੁਲੀਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਜਦੋਂ ਉਹ ਅਵਾਰਾ ਪਸ਼ੂਆਂ ਨੂੰ ਅੰਦਰ ਵਾੜਨ ਲਈ ਸਕੂਲ ਦਾ ਗੇਟ ਖੋਲ੍ਹਣ ਲਈ ਉਸ ਦਾ ਤਾਲਾ ਤੋੜ ਰਹੇ ਸਨ।

ਇਸ ਸਮੱਸਿਆ ਦੀ ਸ਼ੁਰੂਆਤ ਕੇਂਦਰ ਵਿਚ 2014 ਵਿਚ ਬੀ.ਜੇ.ਪੀ. ਸਰਕਾਰ ਬਣਨ ਤੋਂ ਬਾਅਦ ਸ਼ੁਰੂ ਹੋਈ ਜਦੋਂ ਗਊ-ਰੱਖਿਅਕਾਂ ਨੇ 'ਸਲਾਟਰ-ਹਾਊਸਾਂ' (ਬੁੱਚੜ-ਖ਼ਾਨਿਆਂ) ਵੱਲ ਲਿਜਾਈਆਂ ਜਾ ਰਹੀਆਂ ਗਊਆਂ, ਵੱਛੜਿਆਂ ਤੇ ਢੱਟਿਆਂ ਦੇ ਟਰੱਕ-ਡਰਾਈਵਰਾਂ ਅਤੇ ਟਰੱਕਾਂ ਵਿਚ ਬੈਠੇ ਪਸ਼ੂ ਲਿਜਾ ਰਹੇ ਲੋਕਾਂ ਦੀ ਮਾਰ-ਕੁੱਟ ਕੀਤੀ ਅਤੇ ਉਨ੍ਹਾਂ ਨੂੰ ਗੰਭੀਰ ਰੂਪ ਵਿਚ ਜ਼ਖ਼ਮੀ ਕਰ ਦਿੱਤਾ। ਉਨ੍ਹਾਂ ਵਿੱਚੋਂ ਕਈਆਂ ਦੀ ਹਸਪਤਾਲ ਜਾ ਕੇ ਵਿਚ ਮੌਤ ਹੋ ਗਈ। ਕਥਿਤ ਗਊ-ਰੱਖਿਅਕਾਂ ਵੱਲੋਂ ਉਨ੍ਹਾਂ ਅਵਾਰਾ ਪਸ਼ੂਆਂ ਨੂੰ ਫਿਰ ਖੁੱਲ੍ਹਾ ਛੱਡ ਦਿੱਤਾ ਗਿਆ ਅਤੇ ਉਹ ਮੁੜ ਕਿਸਾਨਾਂ ਦੀਆਂ ਫ਼ਸਲਾਂ ਦਾ ਉਜਾੜਾ ਕਰਨ ਲੱਗੇ। ਜਦੋਂ ਕਿਸਾਨ ਇਨ੍ਹਾਂ ਅਵਾਰਾ ਪਸ਼ੂਆਂ ਨੂੰ ਆਪਣੇ ਖੇਤਾਂ ਵਿੱਚੋਂ ਬਾਹਰ ਕੱਢ ਕੇ ਦੂਰ-ਦੁਰਾਢੀਆਂ ਥਾਵਾਂ 'ਤੇ ਪਹੁੰਚਾਉਣ ਦੀ ਕੋਸ਼ਿਸ਼ ਕਰਨ ਲੱਗੇ ਤਾਂ ਗਊ-ਰੱਖਿਅਕਾਂ ਦੀਆਂ ਉਨ੍ਹਾਂ ਨਾਲ ਕਈ ਥਾਂਈਂ ਝੜਪਾਂ ਹੋਈਆਂ ਜਿਨ੍ਹਾਂ ਵਿਚ ਕਈ ਕਿਸਾਨ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਅਤੇ ਉਨ੍ਹਾਂ ਨੂੰ ਹਸਪਤਾਲਾਂ ਵਿਚ ਦਾਖ਼ਲ ਕਰਵਾਉਣਾ ਪਿਆ। ਕੇਂਦਰ ਸਰਕਾਰ ਵੱਲੋਂ ਅਵਾਰਾ ਪਸ਼ੂ ਸਲਾਟਰ-ਹਾਊਸਾਂ ਵਿਚ ਲਿਜਾਣ 'ਤੇ ਪਾਬੰਦੀ ਲਗਾ ਦਿੱਤੀ ਗਈ। ਨਤੀਜੇ ਵਜੋਂ ਬਹੁਤ ਸਾਰੇ ਸਲਾਟਰ-ਹਾਊਸ ਬੰਦ ਹੋ ਗਏ।

ਇਸ ਕਾਰਵਾਈ ਦੀ ਕਈ ਥਾਂਵਾਂ 'ਤੇ ਬੀ.ਜੇ.ਪੀ. ਦੇ ਨੇਤਾਵਾਂ ਵੱਲੋਂ ਵੀ ਗਊ-ਰੱਖਿਅਕਾਂ ਅਤੇ ਕੇਂਦਰ ਸਰਕਾਰ ਦੀ ਨਿਖੇਧੀ ਕੀਤੀ ਗਈ। ਰਾਜਸਥਾਨ ਵਿਚ ਵੀ ਕਈ ਬੀ.ਜੇ.ਪੀ. ਨੇਤਾਵਾਂ ਵੱਲੋਂ ਇਸ ਕਾਰਵਾਈ ਦਾ ਸਖ਼ਤ ਵਿਰੋਧ ਕੀਤਾ ਗਿਆ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਕਾਰਵਾਈ ਨਾਲ ਨਾਲ ਰਾਜਾਂ ਦੀ ਆਮਦਨ ਵਿਚ ਬਹੁਤ ਕਮੀ ਆਈ ਹੈ ਅਤੇ ਇਸ ਦੇ ਕਾਰਨ ਕਈ ਹਿੰਦੀ-ਭਾਸ਼ਾਈ ਰਾਜਾਂ ਵਿਚ ਪਾਰਟੀ ਨੂੰ ਚੋਣਾਂ ਵਿਚ ਖ਼ਾਸਾ ਨੁਕਸਾਨ ਹੋਇਆ ਹੈ।

ਇੱਥੇ ਹੀ ਬੱਸ ਨਹੀਂ, ਬਹੁਤ ਸਾਰੀਆਂ ਥਾਵਾਂ 'ਤੇ ਕਿਸਾਨਾਂ ਅਤੇ ਕਥਿਤ ਗਊ-ਰੱਖਿਅਕਾਂ ਵਿਚਾਰ ਹਿੰਸਕ ਝੜਪਾਂ ਵੀ ਹੋਈਆਂ ਜਿਨ੍ਹਾਂ ਵਿਚ ਕਈ ਕਿਸਾਨਾਂ ਦੀ ਮੌਤ ਹੋ ਗਈ। ਗਊ-ਰੱਖਿਅਕਾਂ ਨੇ ਉਨ੍ਹਾਂ ਨੂੰ ਅਵਾਰਾ ਪਸ਼ੂਆਂ ਨੂੰ ਬੁੱਚੜ-ਖ਼ਾਨਿਆਂ ਵਿਚ ਪਹੁੰਚਾਉਣ ਵਾਲੇ ਵਿਉਪਾਰੀ ਜਾਂ ਦਲਾਲ ਸਮਝ ਕੇ ਉਨ੍ਹਾਂ ਉੱਪਰ ਹਿੰਸਕ ਹਮਲੇ ਕੀਤੇ ਅਤੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। 12 ਸਤੰਬਰ 2019 ਦੀ ਅੰਗਰੇਜ਼ੀ ਅਖ਼ਬਾਰ 'ਹਿੰਦੋਸਤਾਨ ਟਾਈਮਜ਼' ਵਿਚ ਛਪੀ ਇਕ ਖ਼ਬਰ ਅਨੁਸਾਰ 2010 ਤੋਂ ਲੈ ਕੇ ਹੁਣ ਤੀਕ ਅਵਾਰਾ ਪਸ਼ੂਆਂ ਨਾਲ ਸਬੰਧਿਤ ਅਜਿਹੇ ਲੋਕਾਂ ਵਿਚ ਹੋਈਆਂ ਝੜਪਾਂ ਵਿਚ 86% ਮੁਸਲਮਾਨ ਮਾਰੇ ਗਏ ਅਤੇ ਇਨ੍ਹਾਂ ਝੜਪਾਂ ਵਿੱਚੋਂ 97% ਮਈ 2014 ਵਿਚ ਪਹਿਲੀ ਵਾਰ ਬਣੀ ਮੋਦੀ ਸਰਕਾਰ ਦੇ ਕਾਰਜ ਸੰਭਾਲਣ ਤੋਂ ਬਾਅਦ ਹੋਈਆਂ। ਨਿਊਯਾਰਕ ਸਥਿਤ 'ਹਿਊਮਨ ਰਾਈਟਸ ਗਰੁੱਪ' ਦੀ 104 ਪੰਨਿਆਂ ਦੀ ਰਿਪੋਰਟ ਅਨੁਸਾਰ ਭਾਰਤ ਵਿਚ 'ਰੈਡੀਕਲ ਕਾਓ ਪ੍ਰੋਟੈੱਕਸ਼ਨ ਗਰੁੱਪ' ਵੱਲੋਂ ਪਿਛਲੇ ਤਿੰਨ ਸਾਲਾਂ ਦੌਰਾਨ 44 ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਅਤੇ ਇਨ੍ਹਾਂ ਵਿੱਚੋਂ 36 ਮੁਸਲਿਮ ਕਮਿਊਨਿਟੀ ਨਾਲ ਸਬੰਧਿਤ ਸਨ। ਮਈ 2015 ਅਤੇ ਦਸੰਬਰ 2018 ਵਿਚਕਾਰ ਹੋਈਆਂ 100 ਅਜਿਹੀਆਂ ਝੜਪਾਂ ਵਿਚ 280 ਵਿਅੱਕਤੀ ਜ਼ਖ਼ਮੀ ਹੋਏ। ਇਨ੍ਹਾਂ ਝੜਪਾਂ ਵਿਚ ਮੁਸਲਿਮ ਕਮਿਊਨਿਟੀ ਨੂੰ ਵਧੇਰੇ ਨਿਸ਼ਾਨਾ ਬਣਾਇਆ ਗਿਆ। ਕਈ ਥਾਈ ਦਲਿਤ ਅਤੇ ਹੋਰ ਘੱਟ ਗਿਣਤੀਆਂ ਦੇ ਲੋਕ ਇਨ੍ਹਾਂ ਹਿੰਸਕ ਕਾਰਵਾਈਆਂ ਦਾ ਸ਼ਿਕਾਰ ਹੋਏ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਹਿੰਦੂ ਗਊ ਨੂੰ ਪਵਿੱਤਰ ਪਸ਼ੂ ਮੰਨਦੇ ਹਨ। ਉਨ੍ਹਾਂ ਵੱਲੋਂ 'ਨੰਦੀ' ਸ਼ਿਵ ਜੀ ਦੀ ਸਵਾਰੀ ਮੰਨਿਆਂ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਕਪਿਲ ਗਊਆਂ ਭਗਵਾਨ ਕ੍ਰਿਸ਼ਨ ਦੀ ਬੰਸਰੀ ਦੀ ਆਵਾਜ਼ ਸੁਣ ਕੇ ਮੁਗਧ ਹੋ ਜਾਇਆ ਕਰਦੀਆਂ ਸਨ। ਇਸ ਲਈ ਹਿੰਦੂਆਂ ਵਿਚ ਗਊ ਦਾ ਮਾਸ ਖਾਣ ਦੀ ਸਖ਼ਤ ਮਨਾਹੀ ਹੈ। ਹਿੰਦੂ ਬਹੁ-ਗਿਣਤੀ ਵਾਲੇ ਸੂਬਿਆਂ ਵਿਚ ਸਲਾਟਰ-ਹਾਊਸ ਬੰਦ ਕਰ ਦਿੱਤੇ ਗਏ ਹਨ। ਮਈ 2015 ਤੋਂ ਖ਼ਾਸ ਕਰਕੇ ਗਾਂ ਦਾ ਮਾਸ ਖਾਣ ਵਾਲਿਆਂ ਉੱਪਰ ਸਖ਼ਤ ਨਿਗਾਹ ਰੱਖੀ ਜਾ ਰਹੀ ਹੈ ਅਤੇ ਜਿਹੜਾ ਵੀ ਵਿਅੱਕਤੀ ਇਹ ਮਾਸ ਖਾਂਦਾ ਹੋਇਆ ਗਊ-ਰੱਖਿਅਕਾਂ ਦੇ ਕਾਬੂ ਆ ਜਾਂਦਾ ਹੈ, ਉਹ ਉਸ ਨੂੰ ਨਹੀਂ ਬਖ਼ਸ਼ਦੇ। ਆਮ ਤੌਰ 'ਤੇ ਉਨ੍ਹਾਂ ਦੇ ਸ਼ਿਕਾਰ ਮੁਸ-ਮਮਾਨ ਵਧੇਰੇ ਕਰਕੇ ਬਣਦੇ ਹਨ ਕਿਉਂਕਿ ਓਹੀ ਜ਼ਿਆਦਾਤਰ ਗਊ ਦਾ ਮਾਸ ਖਾਂਦੇ ਹਨ। ਇਨ੍ਹਾਂ ਗਊ ਰੱਖਿਅਕਾਂ ਵੱਲੋਂ ਮਈ 2015 ਵਿਚ 10 ਮੁਸਲਮਾਨਾਂ ਨੂੰ ਗਾਂ ਦਾ ਮੀਟ ਖਾਣ ਦੇ ਦੋਸ਼ ਵਿਚ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਜਿਨ੍ਹਾਂ ਵਿਚ ਇਕ 12 ਸਾਲਾਂ ਦਾ ਬੱਚਾ ਵੀ ਸ਼ਾਮਲ ਸੀ। ਜੁਲਾਈ 2016 ਵਿਚ ਗੁਜਰਾਤ ਵਿਚ ਚਾਰ ਦਲਿਤਾਂ ਨੂੰ ਸਲਾਟਰ-ਹਾਊਸ ਦੇ ਕਥਿਤ ਮੁਲਾਜ਼ਮ ਹੋਣ ਦੇ ਦੋਸ਼ ਵਿਚ ਨੰਗਾ ਕਰਕੇ ਇਕ ਕਾਰ ਦੇ ਪਿੱਛੇ ਬੰਨ੍ਹ ਕੇ ਬੈਂਤ ਦੀਆਂ ਸੋਟੀਆਂ ਅਤੇ ਬੈਲਟਾਂ ਨਾਲ ਮਾਰਿਆ ਕੁੱਟਿਆ ਗਿਆ। ਕਈਆਂ ਕੇਸਾਂ ਵਿਚ ਇਨ੍ਹਾਂ ਗਊ ਰੱਖਿਅਕਾਂ ਵੱਲੋਂ ਕਥਿਤ ਦੋਸ਼ੀਆਂ ਦੀ ਨਕਦੀ ਅਤੇ ਸੈੱਲ ਫ਼ੋਨ ਆਦਿ ਲੁੱਟ ਲਏ ਗਏ ਅਤੇ ਡੰਡੇ ਮਾਰ-ਮਾਰ ਕੇ ਉਨ੍ਹਾਂ ਨੂੰ ਭਜਾ ਦਿੱਤਾ ਗਿਆ। 21 ਅਪ੍ਰੈਲ 2017 ਨੂੰ ਜੰਮੂ-ਕਸ਼ਮੀਰ ਸੂਬੇ ਜਿਸ ਨੂੰ ਹੁਣ ਕੇਂਦਰ ਸਰਕਾਰ ਵੱਲੋਂ ਯੂਨੀਅਨ ਟੈਰੀਟਰੀ ਬਣਾ ਦਿੱਤਾ ਗਿਆ ਹੈ, ਦੇ ਇਕ ਪਿੰਡ ਵਿਚ ਗਊ-ਰੱਖਿਅਕਾਂ ਵੱਲੋਂ ਨੋਮਦ ਆਜੜੀ ਪਰਿਵਾਰ ਦੇ ਪੰਜ ਮੈਂਬਰਾਂ ਉਪਰ ਹਮਲਾ ਕਰ ਦਿੱਤਾ ਗਿਆ ਜਿਨ੍ਹਾਂ ਵਿਚ ਇਕ 9 ਸਾਲ ਦੀ ਲੜਕੀ ਵੀ ਸੀ। ਉਨ੍ਹਾਂ ਉੱਪਰ ਇਹ ਦੋਸ਼ ਲਾਇਆ ਗਿਆ ਕਿ ਉਹ ਆਪਣੇ ਪਸ਼ੂ ਸਲਾਟਰ-ਹਾਊਸ ਨੂੰ ਵੇਚਣ ਲਈ ਲੈ ਕੇ ਜਾਣ ਵਾਲੇ ਸਨ, ਹਾਲਾਂਕਿ ਉਹ ਉਨ੍ਹਾਂ ਨੂੰ ਬਾਹਰ ਖੁਲ੍ਹੀ ਥਾਂ 'ਤੇ ਚਰਾਉਣ ਲਈ ਕਿੱਲਿਆਂ ਤੋਂ ਖੋਲ੍ਹ ਰਹੇ ਸਨ। ਗਊ-ਰੱਖਿਅਕਾਂ ਨੇ ਉਨ੍ਹਾਂ ਨੂੰ ਡੰਡਿਆਂ ਨਾਲ ਕੁੱਟਿਆ ਅਤੇ ਫਿਰ ਉਨ੍ਹਾਂ ਦੇ ਘਰ ਨੂੰ ਅੱਗ ਲਗਾ ਦਿੱਤੀ।

ਹੁਣ ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਪੰਜਾਬ ਵਿਚ ਕਿਸਾਨ ਇਨ੍ਹਾਂ ਅਵਾਰਾ ਪਸ਼ੂਆਂ ਤੋਂ ਡਾਹਡੇ ਦੁਖੀ ਹਨ। ਇਹ ਪਸ਼ੂ ਉਨ੍ਹਾਂ ਦੀਆਂ ਫ਼ਸਲਾਂ ਦਾ ਖ਼ੂਬ ਉਜਾੜਾ ਕਰਦੇ ਹਨ। ਕਿਸਾਨ ਉਨ੍ਹਾਂ ਨੂੰ ਆਪਣੇ ਖੇਤਾਂ ਤੋਂ ਦੂਰ ਭਜਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਇਨ੍ਹਾਂ ਦੇ ਸਥਾਈ ਹੱਲ ਲੱਭਣ ਲਈ ਕੋਸ਼ਿਸ਼ ਕਰ ਰਹੇ ਹਨ। 10 ਸਤੰਬਰ ਨੂੰ ਸੰਗਰੂਰ ਵਿਚ ਉਹ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੀ ਅਗਵਾਈ ਹੇਠ ਜ਼ਿਲੇ ਦੇ ਡਿਪਟੀ ਕਮਿਸ਼ਨਰ ਨੂੰ ਮਿਲਕੇ ਉਸ ਦੇ ਕੋਲ ਆਪਣਾ ਦੁੱਖੜਾ ਰੋਇਆ। ਉਨ੍ਹਾਂ ਦਾ ਕਹਿਣਾ ਸੀ ਕਿ ਅਵਾਰਾ ਪਸ਼ੂ ਉਨ੍ਹਾਂ ਦੀਆਂ ਫ਼ਸਲਾਂ ਗੰਨਾ, ਆਲੂ ਤੇ ਹੋਰ ਸਬਜ਼ੀਆਂ, ਕਣਕ, ਕਪਾਹ, ਆਦਿ ਬਰਬਾਦ ਕਰ ਰਹੇ ਹਨ। ਜੇਕਰ ਉਹ ਉਨ੍ਹਾਂ ਨੂੰ ਆਪਣੇ ਖੇਤਾਂ ਵਿੱਚੋਂ ਭਜਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਕਈ ਗਊ-ਰੱਖਿਅਕ ਸੰਸਥਾਵਾਂ ਦੇ ਕਾਰਕੁੰਨ (ਗਊ-ਸੇਵਕ) ਆ ਕੇ ਉਨ੍ਹਾਂ ਦੇ ਨਾਲ ਲੜਦੇ ਝਗੜਦੇ ਹਨ ਅਤੇ ਕਈ ਥਾਵਾਂ 'ਤੇ ਇਨ੍ਹਾਂ ਕਾਰਕੁੰਨਾਂ ਨੇ ਕਿਸਾਨਾਂ ਨੂੰ ਮਾਰਿਆ ਕੁੱਟਿਆ ਵੀ ਹੈ। ਅਜਿਹੀ ਕੁਝ ਘਟਨਾਵਾਂ ਹੁਸ਼ਿਆਰਪੁਰ, ਜਲੰਧਰ ਤੇ ਕਪੂਰਥਲਾ ਜ਼ਿਲਿਆਂ ਦੇ ਪਿੰਡਾਂ ਵਿਚ ਵੀ ਹੋਈਆਂ ਹਨ ਜਿੱਥੇ ਗਊ-ਸੇਵਕਾਂ ਵੱਲੋਂ ਕਿਸਾਨਾਂ ਦੀ ਮਾਰ-ਕੁੱਟ ਕੀਤੀ ਗਈ ਹੈ ਅਤੇ ਬਾਅਦ ਵਿਚ ਸਿਆਸੀ ਮਿਲੀ-ਭੁਗਤ ਨਾਲ ਉਨ੍ਹਾਂ ਉੱਪਰ ਝੂਠੇ ਕੇਸ ਵੀ ਪਾਏ ਗਏ ਹਨ। ਕਿਸਾਨਾਂ ਦੀਆਂ ਹੋਰ ਜੱਥੇਬੰਦੀਆਂ ਵੀ ਅਜਿਹੀਆਂ ਕਾਰਵਾਈਆਂ ਦਾ ਵਿਰੋਧ ਕਰ ਰਹੀਆਂ ਹਨ ਅਤੇ ਇਸ ਬਿਪਤਾ ਦੇ ਹੱਲ ਲਈ ਇਕੱਠੀਆਂ ਹੋ ਰਹੀਆਂ ਹਨ। ਉਹ ਇਸ ਸਮੱਸਿਆ ਦੇ ਹੱਲ ਲਈ ਸਬੰਧਿਤ ਵਿਭਾਗਾਂ ਦੇ ਵੱਖ-ਵੱਖ ਅਫ਼ਸਰਾਂ ਤੀਕ ਪਹੁੰਚ ਕਰ ਰਹੀਆਂ ਹਨ।

ਇਸ ਦੌਰਾਨ ਮਾਨਸਾ ਵਿਚ ਵੀ ਸਤੰਬਰ ਦੇ ਪਹਿਲੇ ਹਫ਼ਤੇ ਹੋਏ ਲੋਕਾਂ ਦੇ ਇਕ ਇਕੱਠ ਨੇ ਜ਼ਿਲਾ ਮੁਖੀ ਨੂੰ ਇਸ ਸਮੱਸਿਆ ਦੇ ਹੱਲ ਬਾਰੇ ਅਰਜ਼ੋਈ ਕੀਤੀ ਹੈ। ਉਨ੍ਹਾਂ ਡਿਪਟੀ ਕਮਿਸ਼ਨਰ ਮਾਨਸਾ ਨੂੰ ਦੱਸਿਆ ਕਿ ਉਸ ਜ਼ਿਲੇ ਦੇ ਪਿੰਡ ਬੀਰ ਖ਼ੁਰਦ ਵਿਚ ਦੋ ਹਫ਼ਤੇ ਪਹਿਲਾਂ ਅਵਾਰਾ ਢੱਟੇ ਦੀ ਮੋਟਰਸਾਈਕਲ ਨਾਲ ਹੋਈ ਟੱਕਰ ਨਾਲ 45 ਸਾਲਾ ਨਵਨੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਉਸ ਤੋਂ 20 ਦਿਨ ਪਹਿਲਾਂ 26 ਸਾਲਾ ਨੌਜੁਆਨ ਧਰਮਪਾਲ ਸਿੰਘ ਦੀ ਢੱਟੇ ਵੱਲੋਂ ਢੁੱਡਾਂ ਮਾਰਨ ਨਾਲ ਮੌਤ ਹੋ ਗਈ ਸੀ। ਉਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਉਨ੍ਹਾਂ ਦੀ ਇਸ ਅਹਿਮ ਮੰਗ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਉਹ ਪੰਜਾਬ ਦੇ ਮੰਤਰੀਆਂ ਦਾ ਪੂਰਨ ਬਾਈਕਾਟ ਕਰਨਗੇ ਅਤੇ ਆਪਣਾ ਸ਼ਾਂਤਮਈ ਅੰਦੋਲਨ ਆਰੰਭ ਕਰਦਿਆਂ ਹੋਇਆਂ ਲੜੀਵਾਰ ਭੁੱਖ-ਹੜਤਾਲ ਵੀ ਸ਼ੁਰੂ ਕਰਨਗੇ। ਮਾਨਸਾ ਦੇ ਜ਼ਿਲਾ ਪ੍ਰਸ਼ਾਸਨ ਅਨੁਸਾਰ ਇਸ ਜ਼ਿਲੇ ਵਿਚ ਘੱਟੋ-ਘੱਟ 5000 ਅਵਾਰਾ ਪਸ਼ੂ ਹਨ ਅਤੇ ਡਿਪਟੀ ਕਮਿਸ਼ਨਰ ਅਪਨੀਤ ਰਿਆਇਤ ਦਾ ਕਹਿਣਾ ਹੈ ਕਿ ਉਨ੍ਹਾਂ ਸੀਮਤ ਸਾਧਨਾਂ ਨਾਲ ਇਸ ਸਮੱਸਿਆ ਉੱਪਰ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ 'ਕਾਓ-ਸੈੱਸ' ਵਿੱਚੋਂ ਉਨ੍ਹਾਂ ਨੂੰ ਸਰਕਾਰ ਵੱਲੋਂ ਇਸ ਦੇ ਲਈ ਕੋਈ ਪੈਸਾ ਨਹੀਂ ਮਿਲ ਰਿਹਾ। ਏਸੇ ਤਰ੍ਹਾਂ ਮੋਗੇ ਜ਼ਿਲੇ ਦੇ ਪਿੰਡਾਂ ਰਉਂਕੇ ਅਤੇ ਬੱਧਨੀ ਕਲਾਂ ਵਿੱਚੋਂ ਵੀ ਅਵਾਰਾ ਪਸ਼ੂਆਂ ਵੱਲੋਂ ਕਿਸਾਨਾਂ ਦੀਆਂ ਖੜੀਆਂ ਫ਼ਸਲਾਂ ਖ਼ਰਾਬ ਕਰਨ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਵੇਖਣ/ਪੜ੍ਹਨ ਨੂੰ ਮਿਲੀਆਂ ਹਨ।

ਪੰਜਾਬ ਵਿਚ ਆਮ ਆਦਮੀ ਪਾਰਟੀ ਭਾਵੇਂ ਪੂਰੀ ਤਰ੍ਹਾਂ ਖਿੱਲਰੀ ਹੋਈ ਹੈ ਪਰ ਫਿਰ ਵੀ ਉਹ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰ ਰਹੀ ਹੈ। ਉਸ ਦੇ ਨੇਤਾ ਹਰਪਾਲ ਸਿੰਘ ਚੀਮਾ ਦਾ ਕਹਿਣਾ ਹੈ ਕਿ ਜੇਕਰ 'ਕਾਓ-ਸੈੱਸ' ਅਧੀਨ ਲੋਕਾਂ ਕੋਲੋਂ ਟੈਕਸ ਲੈ ਰਹੀ ਹੈ ਤਾਂ ਉਸ ਦਾ ਇਨ੍ਹਾਂ ਅਵਾਰਾ ਗਊਆਂ ਤੇ ਢੱਟਿਆਂ ਨੂੰ ਸੰਭਾਲਣ ਦਾ ਵੀ ਫ਼ਰਜ਼ ਬਣਦਾ ਹੈ। ਉਹ ਇਸ ਦੇ ਬਾਰੇ ਪੰਜਾਬ ਅਸੈਂਬਲੀ ਵਿਚ ਬਿੱਲ ਲਿਆਉਣ ਬਾਰੇ ਵੀ ਸੋਚ ਰਹੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਵੀ ਮੰਨਣਾ ਹੈ ਕਿ ਪੰਜਾਬ ਵਿਚ ਅਵਾਰਾ ਪਸ਼ੂਆਂ ਦੀ ਸਮੱਸਿਆ ਦਿਨੋਂ ਦਿਨ ਗੰਭੀਰ ਹੁੰਦੀ ਜਾ ਰਹੀ ਹੈ। ਪੰਜਾਬ ਦੇ ਐਨੀਮਲ ਹਸਬੈਂਡਰੀ ਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕੇਂਦਰ ਸਰਕਾਰ ਅਤੇ ਹਿੰਦੂ ਮਹਾਂਸਭਾ ਤੇ ਸ਼ਿਵ ਸੈਨਾ ਵਰਗੀਆਂ ਹਿੰਦੂ ਸੰਸਥਾਵਾਂ ਕੋਲੋਂ 'ਪਵਿੱਤਰ ਗਊ' ਦੀ ਪ੍ਰੀਭਾਸ਼ਾ ਦੱਸਣ ਦੀ ਮੰਗ ਕੀਤੀ ਹੈ। ਉਨ੍ਹਾਂ ਵੱਲੋਂ ਪੁੱਛਿਆ ਗਿਆ ਹੈ ਕਿਹੜੀ ਕਿਸਮ ਦੀ ਗਾਂ ਨੂੰ ਬਚਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਕ ਕਿਸਮ ਤਾਂ 'ਕਪਿਲ ਗਊ' ਦੀ ਹੈ ਜਿਸ ਨੂੰ ਭਗਵਾਨ ਕ੍ਰਿਸ਼ਨ ਨਾਲ ਜੋੜਿਆ ਜਾਂਦਾ ਹੈ ਅਤੇ ਦੂਸਰੀ ਇਜ਼ਰਾਈਲ ਤੇ ਹੋਰਨਾਂ ਦੇਸ਼ਾਂ ਤੋਂ ਮੰਗਵਾਈਆਂ ਗਈਆਂ 'ਹਾਈਬਰਿਡ ਗਊਆਂ' ਦੀ ਹੈ ਜਿਹੜੀਆਂ ਕਿ 'ਦੁੱਧ ਦੇਣ ਦੀਆਂ ਮਸ਼ੀਨਾਂ' ਹਨ। ਉਨ੍ਹਾਂ ਅਨੁਸਾਰ ਇਸ ਸਮੇਂ ਪੰਜਾਬ ਵਿਚ 21 ਸਰਕਾਰੀ ਅਤੇ 418 ਪ੍ਰਾਈਵੇਟ ਸ਼ੈਲਟਰ 1.82 ਲੱਖ ਪਸ਼ੂ ਰੱਖਣ ਦੇ ਸਮਰੱਥ ਹਨ ਅਤੇ ਬੇ-ਹਿਸਾਬੀਆਂ ਗਾਵਾਂ, ਵੱਛੜੇ, ਢੱਟੇ ਤੇ ਹੋਰ ਅਵਾਰਾ ਪਸ਼ੂ ਜਿਨ੍ਹਾਂ ਦੀ ਗਿਣਤੀ ਇਕ ਕਲੋੜ ਤੋਂ ਵੀ ਵਧੇਰੇ ਹੈ, ਸੜਕਾਂ 'ਤੇ ਅਵਾਰਾ ਤੁਰੇ ਫਿਰਦੇ ਹਨ।

ਇਸ ਸਮੇਂ ਪੰਜਾਬ ਨੂੰ ਨਸ਼ਿਆਂ ਵਾਂਗ ਅਵਾਰਾ ਪਸ਼ੂਆਂ ਨੇ ਬੁਰੀ ਤਰ੍ਹਾਂ ਘੇਰਿਆ ਹੋਇਆ ਹੈ। ਖੇਤਾਂ ਤੋਂ ਬਾਅਦ ਸੜਕਾਂ 'ਤੇ ਹੁਣ ਗਲੀਆਂ-ਮੁਹੱਲਿਆਂ 'ਚ ਅਵਾਰਾ ਪਸ਼ੂ, ਜਿੰਨਾਂ 'ਚ ਗਾਵਾਂ ਅਤੇ ਸਾਨ੍ਹ ਸ਼ਾਮਲ ਹਨ, ਖੁੱਲ੍ਹੇ ਆਮ ਘੁੰਮ ਰਹੇ ਹਨ। ਭੁੱਖ-ਦੁੱਖ ਨਾਲ ਭੂਤਰੇ ਅਵਾਰਾ ਸਾਨ੍ਹ ਇਨਸਾਨਾਂ 'ਤੇ ਹਮਲੇ ਕਰਨ ਲੱਗ ਪਏ ਹਨ। ਸੜਕਾਂ ਤੇ ਘੁੰਮਦੀਆਂ ਅਵਾਰਾਂ ਗਊਆਂ ਕਿਸੇ ਸਮੇਂ ਵੀ ਵੱਡੇ ਹਾਦਸੇ ਦਾ ਕਾਰਣ ਬਣ ਜਾਂਦੀਆਂ ਹਨ ਜਿਨ੍ਹਾਂ ਵਿਚ ਨਹੀਂ ਕਿੰਨੀਆਂ ਮਨੁੱਖੀ ਜਾਨਾਂ ਜਾਂਦੀਆਂ ਹਨ। ਅਖ਼ਬਾਰੀ ਰਿਪੋਰਟਾਂ ਅਨੁਸਾਰ ਪਿਛਲੇ ਚਾਰ ਸਾਲਾਂ ਵਿਚ 400 ਤੋਂ ਉੱਪਰ ਮਨੁੱਖੀ ਜਾਨਾਂ ਇਨ੍ਹਾਂ ਹਾਦਸਿਆਂ ਵਿਚ ਜਾ ਚੁੱਕੀਆਂ ਹਨ। ਅਵਾਰਾਂ ਪਸ਼ੂਆਂ ਦੀ ਸਮੱਸਿਆ ਮੁੱਖ ਰੂਪ 'ਚ ਗਾਵਾਂ ਤੇ ਢੱਟਿਆਂ ਨਾਲ ਜੁੜੀ ਹੋਈ ਹੈ ਅਤੇ ਇਸ ਸਮੇਂ ਦੇਸ਼ ਵਿਚ ਜਨੂੰਨੀ ਹਿੰਦੂਤਵੀਆਂ ਦੀ ਤੂਤੀ ਬੋਲਦੀ ਹੈ। ਸਰਕਾਰ ਨੇ ਇਸ ਸਮੱਸਿਆ ਦੇ ਹੱਲ ਲਈ ਆਮ ਆਦਮੀ ਦੀ ਜੇਬ 'ਤੇ 'ਗਊ ਸੈੱਸ' ਦਾ ਬੋਝ ਪਾ ਦਿੱਤਾ ਹੈ।

'ਦਲ ਖਾਲਸਾ' ਜੱਥੇਬੰਦੀ ਨੇ ਅਵਾਰਾ ਪਸ਼ੂਆਂ ਦੀ ਸਮੱਸਿਆ ਹੱਲ ਕਰਨ ਲਈ ਪੰਜਾਬ ਵਿਚ ਗਊਆਂ ਦੇ ਬੁੱਚੜਖ਼ਾਨੇ ਫਿਰ ਤੋਂ ਖੋਲ੍ਹਣ ਦੀ ਮੰਗ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਕੇਵਲ ਏਹੀ ਇਸ ਸਮੱਸਿਆ ਦਾ ਯੋਗ ਹੱਲ ਹੈ। ਦੂਸਰੇ ਪਾਸੇ ਕਈ ਹਿੰਦੂ ਸੰਸਥਾਵਾਂ ਨੇ ਇਨ੍ਹਾਂ ਲਈ ਪਿੰਡਾਂ ਤੇ ਸ਼ਹਿਰਾਂ ਵਿਚ ਸ਼ੈੱਡ ਬਨਾਉਣ ਲਈ ਸਰਕਾਰ ਨੂੰ ਕਿਹਾ ਹੈ। ਵੇਖੋ! ਕੇਂਦਰ ਤੇ ਪੰਜਾਬ ਸਰਕਾਰ ਇਸ ਸਮੱਸਿਆ ਨੂੰ ਕਿੰਨੀ ਕੁ ਸੁਹਿਰਦਤਾ ਨਾਲ ਲੈਂਦੀ ਹੈ ਅਤੇ ਕਿਸਾਨਾਂ ਦੀਆਂ ਫ਼ਸਲਾਂ ਅਤੇ ਆਮ ਲੋਕਾਂ ਨੂੰ ਇਨ੍ਹਾਂ ਤੋਂ ਬਚਾਉਣ ਲਈ ਕੀ ਕਦਮ ਉਠਾਉਂਦੀ ਹੈ। ਇਸ ਦੇ ਬਾਰੇ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਬਿਊਟੀ ਟਿਪਸ: ਸਿੱਖੋ ਫੇਸ ਮਸਾਜ ਅਤੇ ਫੇਸ ਵਾਸ਼ ਦਾ ਸਹੀ ਤਰੀਕਾ

ਫੇਸ ਮਸਾਜ ਅਤੇ ਫੇਸ ਵਾਸ਼ ਦੋਵਾਂ ਦਾ ਹੀ ਸਲੀਕਾ ਹੁੰਦਾ ਹੈ। ਗਲਤ ਤਰ੍ਹਾਂ ਨਾਲ ਕਰਨ 'ਤੇ ਸਕਿਨ ਢਿੱਲੀ ਹੋ ਜਾਂਦੀ ਹੈ। ਇਨ੍ਹਾਂ ਕਿਸ ਤਰ੍ਹਾਂ ਨਾ ਕਰਨਾ ਹੈ। ਆਓ ਜਾਣਦੇ ਇਸ ਦਾ ਸਹੀ ਤਰੀਕਾ :

ਸਟੈਪ 1-ਫੇਸ ਆਇਲ ਦੀਆਂ ਇੱਕ-ਦੋ ਬੂੰਦਾਂ ਹਥੇਲੀਆਂ ਤੇ ਫੈਲਾ ਕੇ ਚਿਹਰੇ 'ਤੇ ਲਗਾਓ। ਆਇਲ ਸਕਿਨ ਨੂੰ ਕੰਡੀਸ਼ਨ ਕਰਦੇ ਹਨ। ਇਹ ਫਾਈਨ ਲਾਈਨਸ ਅਤੇ ਝੁਰੜੀਆਂ ਨੂੰ ਵੀ ਹਲਕਾ ਕਰਨ ਵਿੱਚ ਮਦਦਗਾਰ ਹੁੰਦੇ ਹਨ।

ਸਟੈਪ 2- ਚਿਹਰੇ ਦੇ ਕੋਨਿਆਂ ਦੇ ਆਸਪਾਸ ਮਾਲਿਸ਼ ਕਰੋ। ਉਨ੍ਹਾਂ ਖੇਤਰਾਂ 'ਤੇ ਧਿਆਨ ਕੇਂਦਰਿਤ ਕਰੋ ਜਿੱਥੇ ਦੀ ਸਕਿਨ ਢਿੱਲੀ ਹੋਵੇ। ਗੋਲਾਕਾਰ ਸਟ੍ਰੋਕਸ ਵਿੱਚ ਮਸਾਜ ਕਰੋ ਅਤੇ ਸਕਿਨ ਨੂੰ ਚੁੱਕਦੇ ਹੋਏ ਉਪਰ ਲੈ ਜਾਓ। ਮਸਾਜ ਨੂੰ ਇੱਕ ਮਿੰਟ ਤੱਕ ਜਾਰੀ ਰੱਖੋ।

ਸਟੈਪ 3-ਫਿਰ ਗੱਲ੍ਹਾਂ ਦੀ ਮਾਲਿਸ਼ ਕਰੋ। ਨੱਕ ਦੇ ਨੇੜਿਉਂ ਉਂਗਲਾਂ ਨੂੰ ਲਿਆਉਂਦੇ ਹੋਏ ਗੱਲ੍ਹਾਂ ਦੇ ਉਪਰਲੇ ਹਿੱਸੇ ਦੀ ਮਸਾਜ ਕਰੋ। ਮਾਲਿਸ਼ ਦੇ ਵਕਤ ਹਲਕਾ ਜਿਹਾ ਦਬਾਅ ਬਣਾਓ। ਚਿਹਰੇ ਦੇ ਕਿਨਾਰਿਆਂ 'ਤੇ ਵੀ ਚਾਰੋਂ ਪਾਸੇ ਚੰਗੀ ਤਰ੍ਹਾਂ ਨਾਲ ਮਾਲਿਸ਼ ਕਰੋ। ਇਸ ਨੂੰ ਵੀ ਇੱਕ ਮਿੰਟ ਤੱਕ ਜਾਰੀ ਰੱਖੋ।

ਸਟੈਪ 4-ਇਸ ਦੇ ਬਾਅਦ ਅੱਖ ਦੇ ਆਸਪਾਸ ਦੇ ਖੇਤਰ ਦੀ ਮਾਲਿਸ਼ ਕਰੋ। ਉਂਗਲੀਆਂ ਨੂੰ ਆਈਬ੍ਰੋਜ਼ 'ਤੇ ਰੱਖੋ, ਫਿਰ ਉਨ੍ਹਾਂ ਨੂੰ ਅੱਖਾਂ ਦੇ ਬਾਹਰੀ ਕੋਨਿਆਂ ਦੇ ਚਾਰੋਂ ਪਾਸੇ ਘੁਮਾਓ। ਹੌਲੀ-ਹੌਲੀ ਅੱਖਾਂ ਦੇ ਹੇਠਾਂ ਲੇ ਜਾਂਦੇ ਹੋਏ ਮਸਾਜ ਕਰੋ। ਇਸ ਪ੍ਰਕਿਰਿਆ ਨੂੰ ਇੱਕ ਮਿੰਟ ਦੇ ਲਈ ਦੁਹਰਾਓ। ਧਿਆਨ ਰੱਖੋ, ਅੱਖਾਂ ਦੇ ਠੀਕ ਹੇਠਾਂ ਨਹੀਂ ਕਰਨਾ ਹੈ।

ਸਟੈਪ 5-ਅੱਖਾਂ ਦੇ ਬਾਅਦ ਮੱਥੇ ਦੀ ਮਾਲਿਸ਼ ਕਰੋ। ਜੇ ਮੱਥੇ 'ਤੇ ਰੇਖਾਵਾਂ ਹਨ, ਜਿਨ੍ਹਾਂ ਨੂੰ ਹਲਕਾ ਕਰਨਾ ਚਾਹੁੰਦੇ ਹੋ ਤਾਂ ਰੇਖਾਵਾਂ ਦੀ ਉਲਟੀ ਦਿਸ਼ਾ ਵਿੱਚ ਮਾਲਿਸ਼ ਕਰੋ। ਗੋਲਾਕਾਰ ਸਟ੍ਰੋਕਸ ਵਿੱਚ ਪੂਰੇ ਮੱਥੇ ਦੀ ਮਾਲਿਸ਼ ਕਰੋ।

ਸਟੈਪ 6-ਆਖਿਰ ਵਿੱਚ ਚਿਹਰੇ ਦੇ ਹਰੇਕ ਹਿੱਸੇ 'ਤੇ ਹੌਲੀ ਹੌਲੀ ਮਾਲਿਸ਼ ਕਰੋ। ਚੰਗੇ ਨਤੀਜਿਆਂ ਦੇ ਲਈ ਰੋਜ਼ ਜਾਂ ਦੋ-ਤਿੰਨ ਦਿਨ ਦੇ ਅੰਤਰ ਵਿੱਚ ਕਰ ਸਕਦੇ ਹੋ।

# ਰਸੋਈ ਲਖਨਵੀ ਪੁਲਾਅ

ਸਮੱਗਰੀ-ਉਬਲੇ ਹੋਏ ਬਾਸਮਤੀ ਚੌਲ 250 ਗਰਾਮ, ਘਿਓ ਇੱਕ ਵੱਡਾ ਚਮਚ, ਉਬਲੇ ਹਰੇ ਮਟਰ, ਅੱਧਾਕੱਪ, ਉਬਲੀ ਕੱਟੀ ਹੋਈ ਗਾਜਰ ਅਤੇ ਫਰੈਂਚਬੀਨ ਦੋ ਵੱਡੇ ਚਮਚ, ਕਾਜੂ, ਬਾਦਾਮ ਅਤੇ ਕਿਸ਼ਮਿਸ-ਇੱਕ ਚੌਥਾ ਕੱਪ, ਪਿਆਜ਼ (ਸਲਾਇਸ) 250 ਗਰਾਮ, ਕਸੂਰੀ ਮੇਥੀ ਇੱਕ ਛੋਟਾ ਚਮਚ, ਜ਼ੀਰਾ ਅੱਧਾ ਛੋਟਾ ਚਮਚ, ਦਾਲਚੀਨੀ ਪਾਊਡਰ ਛੋਟਾ ਅੱਧਾ ਚਮਚ, ਗਰਮ ਮਸਾਲਾ ਇੱਕ ਛੋਟਾ ਚਮਚ, ਪਨੀਰ (ਛੋਟੇ ਟੁਕੜਿਆਂ 'ਚ ਕੱਟਿਆ ਹੋਇਆ) 100 ਗਰਾਮ, ਨਮਕ ਸਵਾਦ ਅਨੁਸਾਰ।

ਬਣਾਉਣ ਦਾ ਤਰੀਕਾ-ਇਸ ਨੂੰ ਬਣਾਉਣ ਲਈ ਤੁਸੀਂ ਸਭ ਤੋਂ ਪਹਿਲਾਂ ਥੋੜਾ ਜਿਹਾ ਘਿਓ ਪਾ ਕੇ ਚਾਵਲ ਉਬਾਲ ਲਓ। ਅਲੱਗ ਅਲੱਗ ਕਰ ਲਓ। ਇਸ ਤੋਂ ਬਾਅਦ ਕੜਾਹੀ ਵਿੱਚ ਘਿਓ ਗਰਮ ਕਰ ਕੇ ਇਸ ਵਿੱਚ ਬਾਦਾਮ, ਕਾਜੂ ਅਤੇ ਕਿਸ਼ਮਿਸ਼ ਭੁੰਨ ਕੇ ਕੱਢ ਲਓ। ਬਚੇ ਹੋਏ ਤੇਲ ਵਿੱਚ ਪਿਆਜ਼ ਪਾਓ ਅਤੇ ਇਸ ਨੂੰ ਸੁਨਹਿਰੀ ਹੋਣ ਤੱਕ ਭੁੰਨੋ। ਬਾਅਦ ਵਿੱਚ ਇਸ 'ਚ ਜ਼ੀਰਾ ਅਤੇ ਦਾਲਚੀਨੀ ਪਾਊਡਰ ਵੀ ਪਾ ਦਿਓ। ਇਸ ਸਭ ਤੋਂ ਬਾਅਦ ਤੁਸੀਂ ਸਾਰੀਆਂ ਸਬਜ਼ੀਆਂ ਅਤੇ ਚਾਵਲ ਪਾ ਕੇ ਕਰੀਬ ਇੱਕ ਮਿੰਟ ਤੱਕ ਪਕਾਓ। ਫਿਰ ਇਸ 'ਚ ਭੁੰਨੇ ਹੋਏ ਕਾਜੂ, ਕਿਸ਼ਮਿਸ਼ ਮਿਲਾ ਕੇ ਅੱਧਾ ਮਿੰਟ ਤੱਕ ਪਕਾਓ। ਹੁਣ ਲਖਨਵੀ ਪੁਲਾਅ ਤਿਆਰ ਹੈ। ਇਸ ਨੂੰ ਦਹੀਂ ਜਾਂ ਫਿਰ ਤੇਜ਼ ਮਿਰਚ ਵਾਲੀ ਚਟਣੀ ਨਾਲ ਸਰਵ ਕਰੋ।

# ਜੰਮੂ-ਕਸ਼ਮੀਰ: ਕੀ ਕੇਂਦਰ ਸਰਕਾਰ ਕੌਮਾਂਤਰੀ ਦਬਾਅ ਦੀ ਉਡੀਕ ਵਿੱਚ ਹੈ

-ਬਲਰਾਮ ਸੈਣੀ-




ਕੇਂਦਰ ਸਰਕਾਰ ਨੇ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਸੂਬੇ ਦਾ ਦਰਜਾ ਦੇਣ ਵਾਲੇ ਭਾਰਤੀ ਸੰਵਿਧਾਨ ਦੇ ਆਰਟੀਕਲ-370 ਦੀਆਂ ਵਿਵਾਦ ਪੂਰਨ ਵਿਵਸਥਾਵਾਂ ਅਤੇ 35 ਏ ਨੂੰ ਬੀਤੀ ਪੰਜ ਅਗਸਤ ਨੂੰ ਹਟਾ ਕੇ ਬੜਾ ਦਲੇਰਾਨਾ, ਇਤਿਹਾਸਕ ਫੈਸਲਾ ਲਿਆ ਸੀ, ਜਿਸ ਦਾ ਦੇਸ਼ ਦੇ ਹੋਰ ਰਾਜਾਂ ਅਤੇ ਦੁਨੀਆ ਦੇ ਕਈ ਦੇਸ਼ਾਂ ਵਿੱਚ ਹੀ ਨਹੀਂ, ਸਗੋਂ ਜੰਮੂ-ਕਸ਼ਮੀਰ ਦੇ ਵੀ ਵੱਡੇ ਹਿੱਸੇ ਵਿੱਚ ਭਰਵਾਂ ਸਵਾਗਤ ਹੋਇਆ। ਇਹ ਸਹੀ ਹੈ ਕਿ ਇੰਨਾ ਵੱਡਾ ਫੈਸਲਾ ਲੈਂਦੇ ਹੋਏ ਸਮੇਂ ਕੇਂਦਰ ਸਰਕਾਰ ਨੇ ਚੌਕਸੀ ਵਜੋਂ ਜੋ ਵਿਆਪਕ ਪਾਬੰਦੀਆਂ ਲਾਈਆਂ ਸਨ, ਉਨ੍ਹਾਂ 'ਚੋਂ ਬਹੁਤੀਆਂ ਨੂੰ ਪੜਾਅ ਵਾਰ ਢੰਗ ਨਾਲ ਹਟਾ ਲਿਆ ਹੈ, ਪਰ ਲਗਭਗ ਦੋ ਮਹੀਨਿਆਂ ਬਾਅਦ ਵੀ ਮੋਬਾਈਲ ਇੰਟਰਨੈਟ ਸਮੇਤ ਸੰਚਾਰ ਮਾਧਿਅਮਾਂ 'ਤੇ ਲਾਈ ਗਈ ਪਾਬੰਦੀ ਨਾ ਸਿਰਫ ਕੌਮਾਂਤਰੀ ਭਾਈਚਾਰੇ ਦਾ ਧਿਆਨ ਖਿੱਚ ਕੇ ਭਾਰਤ ਨੂੰ ਕੂਟਨੀਤਕ ਮੋਰਚੇ 'ਤੇ ਬਚਾਅ ਦੇ ਪੈਂਤੜੇ ਵਿੱਚ ਲਿਆ ਰਹੀ ਹੈ, ਸਗੋਂ ਜੰਮੂ-ਕਸ਼ਮੀਰ, ਖਾਸ ਕਰ ਕੇ ਜੰਮੂ ਡਵੀਜ਼ਨ ਦੀ ਰਾਸ਼ਟਰਵਾਦੀ ਜਨਤਾ ਨੂੰ ਵੀ ਰੜਕਣ ਲੱਗੀ ਹੈ।

ਗਵਰਨਰੀ ਪ੍ਰਸ਼ਾਸਨ ਦੀ ਦਲੀਲ ਹੈ ਕਿ ਇੰਟਰਨੈਟ ਸ਼ੁਰੂ ਹੋਣ ਨਾਲ ਸੋਸ਼ਲ ਮੀਡੀਆ ਤੋਂ ਇਤਰਾਜ਼ ਯੋਗ ਭੜਕਾਊ ਮੈਸੇਜ ਅਤੇ ਵੀਡੀਓ ਵਾਇਰਲ ਹੋਣ ਲੱਗ ਪੈਣਗੇ। ਜੇ ਪ੍ਰਸ਼ਾਸਨ ਨੂੰ ਇਹ ਲੱਗਦਾ ਹੈ ਕਿ ਇੰਟਰਨੈਟ ਸ਼ੁਰੂ ਹੋਣ ਤੋਂ ਬਾਅਦ ਸੋਸ਼ਲ ਮੀਡੀਆ ਦੀ ਦੁਰਵਰਤੋਂ 'ਤੇ ਰੋਕ ਲਾਉਣੀ ਮੁਸ਼ਕਲ ਹੋਵੇਗੀ ਤਾਂ ਵਾਟਸਐਪ, ਟਵਿੱਟਰ, ਫੇਸਬੁਕ ਤੇ ਇੰਸਟਾਗ੍ਰਾਮ ਵਰਗੇ ਮਾਧਿਅਮਾਂ 'ਤੇ ਪਾਬੰਦੀ ਲਾ ਕੇ ਵਿਦਿਆਰਥੀਆਂ ਦੀ ਪੜ੍ਹਾਈ, ਆਨਲਾਈਨ ਇਮਤਿਹਾਨਾਂ, ਰੋਜ਼ਗਾਰ ਖਬਰਾਂ ਅਤੇ ਲੋਕਾਂ ਦੇ ਕਾਰੋਬਾਰ ਵਰਗੇ ਹੋਰਨਾਂ ਕੰਮਾਂ ਲਈ ਇੰਟਰਨੈਟ ਖੋਲ੍ਹਿਆ ਹੀ ਜਾ ਸਕਦਾ ਹੈ।

ਇਨ੍ਹੀਂ ਦਿਨੀਂ ਕਸ਼ਮੀਰ 'ਚ ਵੱਖਵਾਦੀ ਵਿਚਾਰਧਾਰਾ ਵਾਲੇ ਨੇਤਾਵਾਂ, ਪਾਕਿਸਤਾਨ ਤੇ ਹੋਰ ਭਾਰਤ ਵਿਰੋਧੀ ਤਾਕਤਾਂ ਵੱਲੋਂ ਜਿਸ ਤਰ੍ਹਾਂ ਜੰਮੂ-ਕਸ਼ਮੀਰ ਦੇ ਹਾਲਾਤ ਅਤੇ ਸੰਚਾਰ ਮਾਧਿਅਮਾਂ 'ਤੇ ਪਾਬੰਦੀ ਦੇ ਮੁੱਦੇ ਨੇ ਯੂ ਐਨ ਓ ਸਮੇਤ ਸਾਰੇ ਕੌਮਾਂਤਰੀ ਮੰਚਾਂ 'ਤੇ ਉਠਾਇਆ ਜਾ ਰਿਹਾ ਹੈ, ਉਸ ਨਾਲ ਯਕੀਨੀ ਤੌਰ 'ਤੇ ਭਾਰਤ ਦੇ ਵਿਸ਼ਵ ਪੱਧਰੀ ਅਕਸ 'ਤੇ ਉਲਟਾ ਅਸਰ ਪੈਣ ਲੱਗਾ ਹੈ। ਇਹ ਸਹੀ ਹੈ ਕਿ ਦੁਨੀਆ ਦੀਆਂ ਮਹਾਸ਼ਕਤੀਆਂ ਨਾਲ ਭਾਰਤ ਦੇ ਵਪਾਰਕ ਸੰਬੰਧਾਂ ਅਤੇ ਸਾਡੀ ਮਜ਼ਬੂਤ ਕੂਟਨੀਤਕ ਤਾਕਤ ਕਾਰਨ ਹਾਲੇ ਤੱਕ ਪਾਕਿਸਤਾਨ ਹਰੇਕ ਕੌਮਾਂਤਰੀ ਮੰਚ 'ਤੇ ਮੂਧੇ ਮੂੰਹ ਹੀ ਡਿੱਗਿਆ ਹੈ, ਪਰ ਆਪਣੇ ਭਾਰਤ ਵਿਰੋਧੀ ਇੱਕ ਸੂਤਰੀ ਏਜੰਡੇ ਕਾਰਨ ਉਸ ਨੇ ਹਾਰ ਨਹੀਂ ਮੰਨੀ ਹੈ।

ਪਾਕਿਸਤਾਨ ਵਾਰ ਵਾਰ ਯੂ ਐਨ ਓ ਅਤੇ ਅਮਰੀਕਾ ਸਮੇਤ ਸਾਰੇ ਦੇਸ਼ਾਂ ਦੇ ਨੇਤਾਵਾਂ ਸਾਹਮਣੇ ਕਸ਼ਮੀਰ ਮੁੱਦੇ ਨੂੰ ਉਠਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਤੋਂ ਪ੍ਰਭਾਵਤ ਹੋ ਕੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾ ਸਿਰਫ ਕਸ਼ਮੀਰ ਮੁੱਦੇ ਉੱਤੇ ਭਾਰਤ-ਪਾਕਿ ਵਿਚਾਲੇ ਵਿਚੋਲਗੀ ਦੀ ਪੇਸ਼ਕਸ਼ ਕਰ ਚੁੱਕੇ ਹਨ, ਸਗੋਂ ਅਗਲੀਆਂ ਅਮਰੀਕੀ ਚੋਣਾਂ 'ਚ ਵਿਰੋਧੀ ਧਿਰ ਦੇ ਨੇਤਾ ਟਰੰਪ ਪ੍ਰਸ਼ਾਸਨ ਦੀ ਭੂਮਿਕਾ ਨੂੰ ਮੁੱਦਾ ਬਣਾਉਣ ਦੀ ਤਿਆਰੀ ਵਿੱਚ ਹਨ। ਇਸ ਸਥਿਤੀ ਵਿੱਚ ਕੇਂਦਰ ਸਰਕਾਰ ਨੂੰ ਸਮਾਂ ਰਹਿੰਦਿਆਂ ਜੰਮੂ-ਕਸ਼ਮੀਰ ਵਿੱਚ ਸੰਚਾਰ ਮਾਧਿਅਮਾਂ ਉਤੋਂ ਪਾਬੰਦੀ ਹਟਾਉਣ ਦਾ ਕੋਈ ਫੈਸਲਾ ਲੈ ਲੈਣਾ ਚਾਹੀਦਾ ਹੈ, ਨਹੀਂ ਤਾਂ ਜੇ ਅਜਿਹਾ ਫੈਸਲਾ ਕਿਤੇ ਕੌਮਾਂਤਰੀ ਦਬਾਅ ਹੇਠ ਲੈਣਾ ਪਿਆ ਤਾਂ ਪਿਛਲੇ ਕੁਝ ਵਰ੍ਹਿਆਂ ਦੌਰਾਨ ਮਜ਼ਬੂਤ ਹੋਏ ਭਾਰਤ ਦੇ ਵਿਸ਼ਵ ਪੱਧਰੀ ਅਕਸ ਲਈ ਸ਼ੁੱਭ ਸੰਕੇਤ ਨਹੀਂ ਹੋਵੇਗਾ।

ਭਾਰਤ ਦੀ ਏਕਤਾ ਤੇ ਅਖੰਡਤਾ ਦੇ ਪੱਖ ਤੋਂ ਬਿਨਾਂ ਸ਼ੱਕ ਆਰਟੀਕਲ 370 ਦੀਆਂ ਵਿਵਾਦ ਪੂਰਨ ਧਾਰਾਵਾਂ ਅਤੇ 35ਏ ਨੂੰ ਹਟਾਉਣ ਦਾ ਕੇਂਦਰ ਸਰਕਾਰ ਦਾ ਫੈਸਲਾ ਠੀਕ ਹੋਵੇ, ਪਰ ਉਸ ਤੋਂ ਬਾਅਦ ਦੇ ਹਾਲਾਤ ਨੂੰ ਗਵਰਨਰ ਪ੍ਰਸ਼ਾਸਨ ਸਹੀ ਢੰਗ ਨਾਲ ਨਹੀਂ ਸੰਭਾਲ ਸਕਿਆ ਤੇ ਝਟਪਟ ਕੁਝ ਅਜਿਹੇ ਕਦਮ ਚੁੱਕ ਲਏ ਗਏ, ਜਿਨ੍ਹਾਂ ਦੀ ਲੋੜ ਨਹੀਂ ਸੀ। ਸਮਾਂ ਪਾ ਕੇ ਗਵਰਨਰ ਪ੍ਰਸ਼ਾਸਨ ਦੀਆਂ ਇਹ ਗਲਤੀਆਂ ਇਤਿਹਾਸ ਦਾ ਹਿੱਸਾ ਬਣਨਗੀਆਂ ਅਤੇ ਕੁਝ ਨੇਤਾਵਾਂ ਨੂੰ ਬਿਨਾਂ ਕੁਝ ਗੁਆਏ 'ਹੀਰੋ' ਬਣਨ ਦਾ ਮੌਕਾ ਮਿਲ ਜਾਵੇਗਾ। ਖਾਸ ਕਰ ਕੇ ਜੰਮੂ ਡਵੀਜ਼ਨ ਦੇ ਨੇਤਾਵਾਂ ਉੱਤੇ ਤਾਂ ਉਦੋਂ ਤੱਕ ਅਜਿਹੀ ਕਾਰਵਾਈ ਦੀ ਕੋਈ ਲੋੜ ਨਹੀਂ ਸੀ, ਜਦੋਂ ਤੱਕ ਉਹ ਕਾਨੂੰਨ ਤੋੜ ਕੇ ਦੇਸ਼ ਦਾ ਅਕਸ ਵਿਗਾੜਨ ਵਰਗਾ ਕੋਈ ਅਪਰਾਧ ਨਾ ਕਰਦੇ। ਜੰਮੂ-ਕਸ਼ਮੀਰ ਵਿੱਚ ਪਿਛਲੇ ਦੋ ਦਹਾਕਿਆਂ ਦੌਰਾਨ ਨਜ਼ਰਬੰਦ ਕੀਤੇ ਜਾਣ ਦੀਆਂ ਖਬਰਾਂ ਵੱਖਵਾਦੀ ਨੇਤਾਵਾਂ ਨਾਲ ਸੰਬੰਧਤ ਰਹੀਆਂ ਹਨ, ਪਰ ਪੰਜ ਅਗਸਤ ਤੋਂ ਬਾਅਦ ਪ੍ਰਸ਼ਾਸਨ ਵੱਲੋਂ 'ਨਜ਼ਰਬੰਦੀ' ਸ਼ਬਦ ਦਾ ਹੀ ਮਜ਼ਾਕ ਬਣਾ ਦਿੱਤਾ ਗਿਆ। ਗਵਰਨਰ ਪ੍ਰਸ਼ਾਸਨ ਨੇ ਜਿਵੇਂ ਭਾਜਪਾ ਨੂੰ ਛੱਡ ਕੇ ਕਾਂਗਰਸ, ਨੈਸ਼ਨਲ ਕਾਨਫਰੰਸ, ਪੀ ਡੀ ਪੀ ਅਤੇ ਨੈਸ਼ਨਲ ਪੈਂਥਰਜ਼ ਪਾਰਟੀ ਸਮੇਤ ਮੁੱਖ ਧਾਰਾ ਵਾਲੇ ਸੀਨੀਅਰ ਨੇਤਾਵਾਂ ਨੂੰ ਨਜ਼ਰਬੰਦ ਕੀਤਾ ਹੈ, ਉਹ ਆਪਣੇ ਆਪ ਵਿੱਚ ਵਿਚਾਰ ਕਰਨ ਯੋਗ ਹੈ। ਕਈ ਨੇਤਾਵਾਂ ਅਤੇ ਪੱਤਰਕਾਰਾਂ ਵਿਰੁੱਧ ਕੇਸ ਦਰਜ ਕਰ ਲਏ ਗਏ, ਕਈਆਂ ਨਾਲ ਅਪਰਾਧੀਆਂ ਵਰਗਾ ਸਲੂਕ ਕੀਤਾ ਗਿਆ। ਯਕੀਨੀ ਤੌਰ 'ਤੇ ਇਹ ਸਥਿਤੀ ਗਵਰਨਰ ਪ੍ਰਸ਼ਾਸਨ ਦੀ ਕਾਰਜਸ਼ੈਲੀ 'ਤੇ ਸਵਾਲ ਖੜ੍ਹੇ ਕਰਦੀ ਹੈ। ਹੋਣਾ ਤਾਂ ਇਹ ਚਾਹੀਦਾ ਸੀ ਕਿ ਫੈਸਲਾ ਲੈਣ ਤੋਂ ਬਾਅਦ ਹੀ ਸਹੀ, ਮੁੱਖ ਧਾਰਾ ਵਾਲੇ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਵੀ ਭਰੋਸੇ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਜਾਂਦੀ। ਜੇ ਉਹ ਸਹਿਮਤੀ ਨਾ ਦਿਖਾਉਂਦੇ ਤਾਂ ਚੌਕਸੀ ਵਜੋਂ ਸੰਖੇਪ ਨਜ਼ਰਬੰਦੀ ਮਗਰੋਂ ਉਨ੍ਹਾਂ ਨੂੰ ਛੱਡ ਕੇ ਹਾਲਾਤ 'ਤੇ ਤਿੱਖੀ ਨਜ਼ਰ ਰੱਖੀ ਜਾਂਦੀ ਅਤੇ ਜੇ ਉਹ ਨੇਤਾ ਦੇਸ਼ ਦਾ ਅਕਸ ਵਿਗਾੜਨ ਦੀ ਕੋਸ਼ਿਸ਼ ਕਰਦੇ ਤਾਂ ਉਨ੍ਹਾਂ ਵਿਰੁੱਧ ਕਾਨੂੰਨ ਮੁਤਾਬਕ ਕਾਰਵਾਈ ਕੀਤੀ ਜਾਂਦੀ, ਪਰ ਗਵਰਨਰ ਪ੍ਰਸ਼ਾਸਨ ਨੇ ਇਸ ਦੀ ਪਾਲਣਾ ਕਰਨ ਦੀ ਲੋੜ ਨਹੀਂ ਸਮਝੀ। ਸਿੱਟੇ ਵਜੋਂ ਰਾਸ਼ਟਰਵਾਦੀ ਅਤੇ ਨਿਰਪੱਖ ਜਨਤਾ ਦਾ ਵੀ ਸਰਕਾਰ ਤੋਂ ਮੋਹ ਭੰਗ ਹੋਣਾ ਸ਼ੁਰੂ ਹੋ ਗਿਆ।

ਸੱਚਾਈ ਇਹ ਵੀ ਹੈ ਕਿ ਪੰਜ ਅਗਸਤ ਨੂੰ ਜਦੋਂ ਕੇਂਦਰ ਸਰਕਾਰ ਨੇ ਇਹ ਫੈਸਲਾ ਲਿਆ ਤਾਂ ਜੰਮੂ ਡਵੀਜ਼ਨ ਵਿੱਚ ਖਾਸ ਤੌਰ 'ਤੇ ਬਹੁਤੇ ਲੋਕ ਕੇਂਦਰ ਦੇ ਫੈਸਲੇ ਵਿਰੁੱਧ ਗੱਲ ਸੁਣਨ ਦੇ ਮੂਡ ਵਿੱਚ ਹੀ ਨਹੀਂ ਸਨ। ਜੇ ਵਿਰੋਧੀ ਧਿਰ ਦੇ ਨੇਤਾ ਫੈਸਲੇ ਵਿਰੁੱਧ ਗੱਲ ਕਰਦੇ ਤਾਂ ਖੁਦ ਆਮ ਲੋਕਾਂ ਨੇ ਉਨ੍ਹਾਂ ਨੂੰ ਲੰਮੇ ਹੱਥੀਂ ਲੈ ਲੈਣਾ ਸੀ, ਪਰ ਪ੍ਰਸ਼ਾਸਨ ਦੀ ਸਖਤੀ ਕਾਰਨ ਵਿਰੋਧੀ ਧਿਰ ਦੇ ਨੇਤਾ ਵੀ ਲੋਕਾਂ ਦੀ ਹਮਦਰਦੀ ਦੇ ਪਾਤਰ ਬਣਦੇ ਜਾ ਰਹੇ ਹਨ। ਇਸ ਦੇ ਨਾਲ ਹੀ ਕੇਂਦਰ ਸਰਕਾਰ ਵੱਲੋਂ ਜੰਮੂ-ਕਸ਼ਮੀਰ ਤੋਂ ਸੂਬੇ ਦਾ ਦਰਜਾ ਖੋਹ ਕੇ ਇਸ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣ ਦੇ ਫੈਸਲੇ ਅਤੇ ਇੰਟਰਨੈਟ 'ਤੇ ਪਾਬੰਦੀ ਕਾਰਨ ਪ੍ਰਭਾਵਤ ਹੋਈ ਬੱਚਿਆਂ ਦੀ ਪੜ੍ਹਾਈ, ਆਨਲਾਈਨ ਇਮਤਿਹਾਨਾਂ, ਠੱਪ ਹੋਏ ਕਾਰੋਬਾਰ ਅਤੇ ਨਿੱਤ ਦੇ ਕੰਮ-ਕਾਜ ਨੇ ਵੀ ਲੋਕਾਂ ਨੂੰ ਵਿਰੋਧੀ ਧਿਰ ਦੇ ਨੇਤਾਵਾਂ ਦੀ ਗੱਲ ਸੁਣਨ ਲਈ ਮਜਬੂਰ ਕਰ ਦਿੱਤਾ ਹੈ।

ਦਿਲਚਸਪ ਪਹਿਲੂ ਇਹ ਹੈ ਕਿ ਕਸ਼ਮੀਰ ਵਾਦੀ 'ਚ ਤਾਂ ਅਕਸਰ ਅਜਿਹੀਆਂ ਪਾਬੰਦੀਆਂ ਲੱਗਣ ਕਰ ਕੇ ਉਥੋਂ ਦੇ ਲੋਕ ਇਸ ਮਾਹੌਲ ਵਿੱਚ ਰਹਿਣ ਦੇ ਆਦੀ ਸਨ, ਪਰ ਭਾਜਪਾ ਨੂੰ 2014 ਅਤੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਦੋਵੇਂ ਸੀਟਾਂ ਅਤੇ 2014 'ਚ ਹੋਈਆਂ ਵਿਧਾਨ ਸਭਾ ਚੋਣਾਂ 'ਚ 37 'ਚੋਂ 25 ਸੀਟਾਂ ਜਿਤਾਉਣ ਵਾਲੇ ਜੰਮੂ ਡਵੀਜ਼ਨ ਦੇ ਲੋਕਾਂ ਨੂੰ ਇਸ ਦੀ ਬਿਲਕੁਲ ਵੀ ਆਦਤ ਨਹੀਂ। ਇਸ ਲਈ ਕਾਹਲੀ ਵਿੱਚ ਸਖਤੀ ਕਰ ਕੇ ਰਾਜਪਾਲ ਪ੍ਰਸ਼ਾਸਨ ਨੇ ਅਸਿੱਧੇ ਤੌਰ 'ਤੇ ਭਾਜਪਾ ਦਾ ਹੀ ਨੁਕਸਾਨ ਕੀਤਾ ਹੈ।

## ਬਾਬਿਆਂ ਦੀ ਖੁੰਢ-ਚਰਚਾ

# 'ਬਈ, ਮੈਨੂੰ ਤਾਂ ਇਹ ਸਮਝ ਨਹੀਂ ਪਈ ਕਿ ਮਾਂ ਦੇ ਨਾਲੋਂ 'ਮਾਸੀ' ਕਿਵੇਂ ਵਧੇਰੇ ਪਿਆਰੀ ਹੋ ਸਕਦੀ ਏ'

ਡਾ. ਸੁਖਦੇਵ ਸਿੰਘ ਝੰਡ
ਫੋਨ: 647-567-9128



"ਕੁੰਨਣ ਸਿਆਂ, ਆਹ ਗੁਰਦਾਸ ਮਾਨ ਵਾਲਾ ਕੀ ਰੌਲਾ ਜਿਹਾ ਪੈ ਰਿਹੈ ਅੱਜਕੱਲ੍ਹ। ਕਹਿੰਦੇ ਆ, ਉਹਨੇ ਆਪਣੇ ਪ੍ਰੋਗਰਾਮ 'ਚ ਈ ਕਿਸੇ ਨੂੰ ਗਾਲ੍ਹ-ਮੰਦਾ ਕਰ'ਤਾ।" ਬੈਂਚ 'ਤੇ ਬਹਿੰਦਿਆ ਚੰਨਣ ਸਿਹੁੰ ਨੇ ਕਿਹਾ।

"ਆਹੋ, ਸੁਣਿਆਂ ਤਾਂ ਮੈਂ ਵੀ ਆ ਇਹਦੇ ਬਾਰੇ, ਪਰ ਇਹ ਸੱਭ ਹੋ ਕਿੱਦਾਂ ਗਿਆ। ਏਨਾ ਵਧੀਆ ਗਾਇਕ, ਸਿਆਣਾ-ਬਿਆਣਾ ਤੇ ਹੰਢਿਆ-ਵਰਤਿਆ। ਉਹ ਇਹ ਗ਼ਲਤੀ ਕਰ ਕਿਵੇਂ ਗਿਆ? ਕੁੰਨਣ ਸਿੰਘ ਨੇ ਅੱਗੋਂ ਜੁਆਬ ਦਿੱਤਾ।

"ਗੱਲ ਤਾਂ ਤੁਹਾਡੀ ਠੀਕ ਆ ਦੋਹਾਂ ਦੀ, ਪਰ ਜਿਵੇਂ ਕਹਿੰਦੇ ਹੁੰਦੇ ਆ ਪਈ 'ਦੁੱਧ ਤੇ ਬੁੱਧ ਦੇ ਫਟਣ ਦਾ ਪਤਾ ਨਹੀਂ ਲੱਗਦਾ'। ਨਾਲੇ ਜਦੋਂ ਅਮੀਰੀ ਤੇ ਮਸ਼ਹੂਰੀ ਕਿਸੇ ਦੇ ਸਿਰ ਨੂੰ ਚੜ੍ਹ ਜਾਵੇ ਤਾਂ ਉਸ ਦੇ ਕੋਲੋਂ ਇਹੋ ਜਿਹੀਆਂ ਗ਼ਲਤੀਆਂ ਆਪਣੇ ਆਪ ਈ ਹੋ ਜਾਂਦੀਆਂ।" ਲਾਗਲੇ ਬੈਂਚ ਤੋਂ ਨੱਥਾ ਸਿੰਘ ਦੀ ਆਵਾਜ਼ ਆਈ।

"ਪਰ ਇਹ ਵੀ ਵੇਖੋ ਨਾ, ਗੁਰਦਾਸ ਮਾਨ ਉਂਜ ਹੈ ਕਿੰਨਾ ਹਲੀਮੀ ਵਾਲਾ ਬੰਦਾ, ਆਪਣੇ ਨਾਂ ਨਾਲ 'ਨਿਮਾਣਾ', 'ਮਰਜਾਣਾ' ਤੇ 'ਬੇਈਮਾਨ' ਵਰਗੇ ਲਕਬ ਲਗਾਉਂਦਾ ਏ। ਗਾਉਂਦਾ ਵੀ ਏਨਾ ਵਧੀਆ, ਪਰ ਫਿਰ ਉਹਦੇ ਮੂੰਹੋਂ 'ਪੂਣੀ ਬਣਾ ਕੇ...' ਵਾਲੀ ਗੱਲ ਕਿਵੇਂ ਨਿਕਲ ਗਈ?" ਕੋਲੋਂ ਹੀ ਨਾਜਰ ਸਿੰਘ ਨੇ ਤੋੜਾ ਝਾੜਿਆ।

"ਏਹੋ ਤਾਂ ਹੈਰਾਨੀ ਵਾਲੀ ਗੱਲ ਆ, ਨਾਜਰ ਸਿਆਂ। ਪੰਜਾਬ ਅਤੇ ਪੰਜਾਬੀ ਮਾਂ-ਬੋਲੀ ਦੀ ਗੱਲ ਕਰਨ ਵਾਲਾ ਗੁਰਦਾਸ ਮਾਨ, ਇਹ ਖ਼ਤਾ ਕਿਵੇਂ ਖਾ ਗਿਆ। ਬਈ, ਸਹੁੰ ਵੱਡੇ ਮਹਾਰਾਜ ਦੀ, ਮੈਨੂੰ ਤਾਂ ਉਹਦਾ ਗਾਣਾ 'ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ' ਬਹੁਤਾ ਈ ਪਿਆਰਾ ਲੱਗਦੈ।" ਨੱਥਾ ਸਿੰਘ ਨੇ ਕਿਹਾ।

"ਉਹ ਤਾਂ ਤੈਨੂੰ 'ਘਰ ਦੀ ਸ਼ਰਾਬ' ਕਰਕੇ ਪਿਆਰਾ ਲੱਗਦਾ ਹੋਣੈ ਕਿ ਹੋਰ ਵੀ ਆ ਕੋਈ ਗੱਲ ਓਹਦੇ ਵਿਚ? ਨਾਜਰ ਸਿੰਘ ਦਾ ਸੁਆਲ ਸੀ।

"ਨਹੀਂ, ਨਹੀਂ, 'ਘਰ ਦੀ ਸ਼ਰਾਬ' ਵਾਲੀ ਤਾਂ ਉਸ ਗਾਣੇ ਵਿਚ ਅੱਧੀ ਕੁ ਸਤਰ ਈ ਆ। ਉਹਦੇ ਵਿਚ ਜਿਹੜਾ ਉਹਨੇ ਪੰਜਾਬ ਦੇ ਰਹਿਣ-ਸਹਿਣ, ਖਾਣ-ਪੀਣ ਤੇ ਖ਼ਾਸ ਕਰਕੇ ਸਰੋਂ ਦੇ ਸਾਗ ਵਿਚ ਘਿਓ ਤੇ ਮੱਕੀ ਦੀਆਂ ਰੋਟੀਆਂ , ਵਾਣ ਦੇ ਮੰਜੇ, 'ਸੀਪ' ਖੇਡਣ ਵਾਲੀ ਲਾਈਨ ਵਿਚ "ਤਾਰੀ ਨੇ ਬਣਾ'ਤੇ ਤੇਰਾਂ , ਯੱਕਾ ਲਾ ਕੇ ਰਾਣੀ ਨਾਲ", ਟੱਲੀਆਂ ਵਾਲੇ 'ਬੰਮ-ਬੰਮ ਬੋਲੇ ਦੇ ਚੇਲੇ' ਤੇ ਕਈ ਹੋਰ ਗੱਲਾਂ ਦਾ ਜ਼ਿਕਰ ਕੀਤਾ ਆ। ਸਗੋਂ ਮੈਂ ਤਾਂ ਇਹ ਵੀ ਕਹਿਨਾਂ ਪਈ ਪੂਰੇ ਪੰਜਾਬ ਦਾ ਈ ਨਕਸ਼ਾ ਖਿੱਚ ਛੱਡਿਆ ਆ, ਮੈਨੂੰ ਤਾਂ ਅਸਲ 'ਚ ਉਹ ਚੰਗਾ ਲੱਗਦਾ, ਉਹਦੇ ਵਿਚ।" ਨੱਥਾ ਸਿੰਘ ਨੇ ਉਸ ਗਾਣੇ ਦਾ ਪੂਰਾ ਨਿਚੋੜ ਕੱਢ ਦਿੱਤਾ।

"ਆਹੋ, ਇਹ ਗਾਣਾ ਤਾਂ ਵਧੀਆ ਏ ਪਰ ਕਹਿੰਦੇ ਆ ਇਹ ਲਿਖਿਆ ਉਹਦਾ ਆਪਣਾ ਨਹੀਂ, ਭਾਵੇਂ ਇਹਦੇ ਅਖ਼ੀਰ ਵਿਚ ਉਸ ਨੇ ਆਪਣਾ ਨਾਂ 'ਮਾਨ ਮਰਜਾਣਾ' ਵਰਤਿਆ ਏ। ਮੈਨੂੰ ਕਿਸੇ ਨੇ ਦੱਸਿਆ ਸੀ ਪਈ ਇਹ ਤਾਂ ਕਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਰਹਿਣ ਵਾਲੇ ਕਿਸੇ ਮੱਖਣ ਬਰਾੜ ਦਾ ਲਿਖਿਆ ਹੋਇਆ ਏ।" ਇਹ ਕੁੰਨਣ ਸਿੰਘ ਦੀ ਆਵਾਜ਼ ਸੀ।

"ਆਹੋ, ਤੇਰੀ ਗੱਲ ਠੀਕ ਆ, ਬਾਈ ਕੁੰਨਣ ਸਿਆਂ। ਮੈਂ ਵੀ ਸੁਣਿਆਂ ਪਈ ਗਾਣੇ ਦੇ ਪਹਿਲੇ ਤਿੰਨ-ਚਾਰ ਬੰਦ ਮੱਖਣ ਬਰਾੜ ਦੇ ਹਨ ਤੇ ਮਗਰਲੇ ਇਕ-ਦੋ ਗੁਰਦਾਸ ਮਾਨ ਨੇ ਇਸ ਗਾਣੇ ਵਿਚ ਆਪਣੇ ਕੋਲੋਂ ਜੋੜ ਲਏ ਅਤੇ ਅਖ਼ੀਰ ਵਿਚ ਨਾਂ ਫਿਰ ਆਪਣਾ ਦੇ ਦਿੱਤਾ।" ਮਾਸਟਰ ਹਰਬੰਸ ਸਿੰਘ ਨੇ ਆਪਣੀ ਜਾਣਕਾਰੀ ਅਨੁਸਾਰ ਦੱਸਿਆ।

"ਇਹ ਤਾਂ ਫਿਰ ਮਾੜੀ ਗੱਲ ਆ ਨਾ, ਮਾਸਟਰ ਜੀ। ਅਸਲੀ ਗਾਣਾ ਤਾਂ ਫਿਰ ਮੱਖਣ ਬਰਾੜ ਦਾ ਈ ਹੋਇਆ ਨਾ ਅਤੇ ਮੇਰੇ ਹਿਸਾਬ ਨਾਲ ਨਾਂ ਵੀ ਓਸੇ ਦਾ ਈ ਆਉਣਾ ਚਾਹੀਦਾ ਸੀ।" ਕੁੰਨਣ ਸਿੰਘ ਨੇ ਕਿੰਤੂ ਕੀਤਾ।

"ਬਿਲਕੁਲ ਠੀਕ ਕਿਹਾ ਤੁਸੀਂ, ਕੁੰਨਣ ਸਿੰਘ ਜੀ। ਫਰ ਏਨੀ ਕੁ ਹੇਰਾਫੇਰੀ ਤਾਂ ਕਰ ਈ ਲੈਂਦੇ ਆ, ਗਾਉਣ ਲੱਗਿਆਂ ਇਹ ਸਾਡੇ ਗਾਇਕ। ਇਹ ਤਾਂ ਆਮ ਜਿਹੀ ਗੱਲ ਏ।" ਮਾਸਟਰ ਜੀ ਨੇ ਕੁੰਨਣ ਸਿੰਘ ਦੀ ਤਸੱਲੀ ਕਰਾਉਣ ਲਈ ਕਿਹਾ।

"ਹਾਂ ਜੀ, ਇਹ ਤਾਂ ਹੈ। ਫਿਰ ਵੇਖੋ, ਏਸੇ ਗੁਰਦਾਸ ਮਾਨ ਨੇ ਪੰਜਾਬੀ ਬੋਲੀ ਬਾਰੇ ਕਿੰਨਾਂ ਵਧੀਆ ਲਿਖਿਆ ਤੇ ਗਾਇਆ ਏ। ਅਖੇ, 'ਪੰਜਾਬੀਏ ਜ਼ਬਾਨੇ! ਨੀ ਰਕਾਨੇ ਮੇਰੇ ਦੇਸ਼ ਦੀਏ, ਮੱਠੀ ਪੈਗੀ ਚਿਹਰੇ ਦੀ ਨੁਹਾਰ। ਮੀਢੀਆਂ ਖਿਲਾਰੀ ਫਿਰੇਂ, ਬੁੱਲ੍ਹੇ ਦੀਏ ਕਾਫ਼ੀਏ ਨੀ, ਕੀਹਨੇ ਤੇਰਾ ਲਾਹ ਲਿਆ ਸ਼ਿੰਗਾਰ'। ਮੈਨੂੰ ਤਾਂ ਇਹ ਨਹੀਂ ਸਮਝ ਲੱਗਦੀ ਕਿ ਫਿਰ ਗੁਰਦਾਸ ਮਾਨ ਨੂੰ ਆਪਣੀ ਮਾਂ-ਬੋਲੀ ਪੰਜਾਬੀ ਨਾਲੋਂ ਹਿੰਦੀ 'ਮਾਸੀ' ਦਾ ਏਨਾ ਮੋਹ ਤੇ ਹੇਜ ਕਿੱਥੋਂ ਜਾਗ ਪਿਆ?"

"ਵੇਖੋ ਜੀ, ਬੋਲੀ ਜਾਂ ਭਾਸ਼ਾ ਤਾਂ ਕੋਈ ਮਾੜੀ ਨਹੀਂ ਹੁੰਦੀ। ਮੈਂ ਤਾਂ ਕਹਿਨਾਂ ਪਈ ਹਰ ਬੰਦੇ ਨੂੰ ਵੱਧ ਤੋਂ ਵੱਧ ਭਾਸ਼ਾਵਾਂ ਸਿੱਖਣੀਆਂ ਚਾਹੀਦੀਆਂ ਹਨ। ਇਸ ਨਾਲ ਉਸ ਦੇ ਸ਼ਬਦ-ਭੰਡਾਰ ਵਿਚ ਵਾਧਾ ਹੁੰਦਾ ਹੈ ਅਤੇ ਉਸ ਦੀ ਸੋਚ ਦਾ ਦਾਇਰਾ ਵੱਧਦਾ ਹੈ। ਸਾਨੂੰ ਹਰੇਕ ਬੋਲੀ ਦਾ ਮਾਣ-ਸਤਿਕਾਰ ਕਰਨਾ ਚਾਹੀਦਾ ਹੈ ਅਤੇ ਕਿਸੇ ਨੂੰ ਵੀ ਮਾੜਾ ਨਹੀਂ ਕਹਿਣਾ ਚਾਹੀਦਾ। ਪਰ ਮਾਂ-ਬੋਲੀ ਦੀ ਥਾਂ ਹੋਰ ਕੋਈ ਵੀ ਬੋਲੀ ਨਹੀਂ ਲੈ ਸਕਦੀ ਕਿਉਂਕਿ ਮਾਂ ਤਾਂ ਫਿਰ ਮਾਂ ਹੀ ਹੁੰਦੀ ਏ। ਮਾਸੀ ਭਾਵੇਂ ਕਿੰਨੀ ਵੀ ਪਿਆਰ ਕਰਨ ਵਾਲੀ ਹੋਵੇ, ਉਹ ਮਾਂ ਦੇ ਵਰਗੀ ਤਾਂ ਹੋ ਸਕਦੀ ਏ ਪਰ ਉਹ ਮਾਂ ਦੀ ਜਗ੍ਹਾ ਨਹੀਂ ਲੈ ਸਕਦੀ। ਸਾਡਾ ਗੁਰਦਾਸ ਮਾਨ ਵਿਚਾਰਾ 'ਮਾਂ' ਤੇ 'ਮਾਸੀ' ਦੇ ਚੱਕਰ ਵਿਚ ਈ ਫਸ ਗਿਐ। ਹੁਣ ਪਤਾ ਨਹੀਂ ਇਹ ਗੱਲ ਉਸ ਨੇ ਆਪਣੇ ਮਨੋਂ ਕੀਤੀ ਏ ਜਾਂ ਅੱਜਕੱਲ੍ਹ ਰਾਸ਼ਟਰਵਾਦ ਤੇ ਰਾਸ਼ਟਰੀ-ਏਕਤਾ ਦੇ ਵਹਿਣ ਵਿਚ ਵਗ ਕੇ ਭਾਰਤ ਦੇ ਗ੍ਰਿਹ-ਮੰਤਰੀ ਦੇ ਅਮਿਤ ਸ਼ਾਹ ਦੇ ਬਿਆਨ "ਏਕ ਰਾਸ਼ਟਰ, ਏਕ ਭਾਸ਼ਾ" ਦੀ ਪ੍ਰੋੜ੍ਹਤਾ ਕਰਦਿਆਂ ਇਹ ਕਹਿ ਬੈਠਾ ਏ। ਪਰ ਉਸ ਨੇ ਜੋ ਵੀ ਕਿਹਾ ਏ, ਠੀਕ ਨਹੀਂ ਕਿਹਾ।" ਮਾਸਟਰ ਜੀ ਨੇ ਗੱਲ ਮੁਕਾਉਣ ਦੀ ਕੋਸ਼ਿਸ਼ ਕੀਤੀ।

"ਤੁਸੀਂ ਠੀਕ ਆਖਿਆ ਮਾਸਟਰ ਜੀ, ਮਾਂ ਦੀ ਥਾਂ ਹੋਰ ਕੋਈ ਨਹੀਂ ਲੈ ਸਕਦਾ ਇਸ ਦੁਨੀਆਂ 'ਚ। ਮੈਨੂੰ ਤਾਂ ਗੁਰਦਾਸ ਮਾਨ ਕਿਸੇ ਸਿਆਸਤ ਦੇ ਚੱਕਰ ਵਿਚ ਪਿਆ ਲੱਗਦੈ। ਹੋ ਸਕਦੈ, ਇਹ ਸੋਚਦਾ ਹੋਵੇ ਕਿ ਹੁਣ ਅਗਾਂਹ ਹੋਰ ਕਿੰਨਾ ਕੁ ਚਿਰ ਗਾਇਆ ਜਾਣੈ, ਹੰਸ ਰਾਜ ਹੰਸ ਵਾਂਗ ਭਾਰਤ ਦੇ ਕਿਸੇ ਸੂਬੇ ਵਿੱਚੋਂ ਐਮ.ਪੀ. ਦੀ ਟਿਕਟ ਈ ਲੈ ਲਈ ਜਾਵੇ, ਹਿੰਦੀ-ਪ੍ਰੇਮੀਆਂ ਕੋਲੋਂ। ਉਨ੍ਹਾਂ ਨੂੰ ਵੀ ਤਾਂ ਮਸ਼ਹੂਰ-ਮਸ਼ਹੂਰ ਚਿਹਰੇ ਹੀ ਪਸੰਦ ਹਨ, ਉਮੀਦਵਾਰ ਬਨਾਉਣ ਲਈ। ਕੀ ਖ਼ਿਆਲ ਏ, ਤੁਹਾਡਾ ਇਸ ਦੇ ਬਾਰੇ?" ਕੁੰਨਣ ਸਿੰਘ ਨੇ ਕਿਹਾ।

"ਇਹ ਵੀ ਹੋ ਸਕਦਾ ਏ, ਤੁਹਾਡੀ ਗੱਲ ਠੀਕ ਹੋਵੇ। ਗਾਇਕੀ ਦੇ ਖ਼ੇਤਰ ਵਿਚ ਬਥੇਰੀ ਸੇਵਾ ਕਰ ਲਈ ਏ ਅਤੇ ਨਾਂ ਵੀ ਵਧੀਆ ਬਣਾ ਲਿਆ ਏ। ਇਸ ਵਿਚ ਬਣਿਆਂ ਨਾਮ ਤੇ ਪੈਸਾ ਦੋਵੇਂ ਈ ਬਥੇਰੇ ਨੇ। ਕਿਉਂ ਨਾ ਹੁਣ 'ਨੇਤਾ ਜੀ' ਬਣ ਕੇ ਜਨਤਾ ਦੀ 'ਸੇਵਾ' ਕੀਤੀ ਜਾਵੇ।" ਮਾਸਟਰ ਜੀ ਦਾ ਸੁਭਾਵਕ ਜੁਆਬ ਸੀ।

"ਪਰ ਉਹਨੂੰ ਇਹ ਵੀ ਤਾਂ ਸੋਚਣਾ ਚਾਹੀਦਾ ਏ ਕਿ ਪੰਜਾਬੀ ਬੋਲੀ ਵਿਚ ਗਾ ਕੇ ਉਸ ਨੇ ਆਪਣਾ ਨਾਂ ਤੇ ਪੈਸਾ ਬਣਾਇਆ ਤੇ ਹੁਣ ਓਸੇ ਨੂੰ ਛੁਟਿਆ ਕੇ ਹਿੰਦੀ ਦੇ ਗੁਣ-ਗਾਨ ਕਰਨ ਲੱਗ ਪਿਆ ਏ।"

"ਬਿਲਕੁਲ, ਕੁੰਦਨ ਸਿੰਘ ਜੀ, ਇਸ ਨੂੰ 'ਅਕ੍ਰਿਤਘਣਤਾ' ਦਾ ਨਾਂ ਦਿੱਤਾ ਜਾਂਦਾ ਏ, ਸਾਡੇ ਸੱਭਿਆਚਾਰ ਵਿਚ। ਇਹ ਮਾਂ-ਬੋਲੀ ਪ੍ਰਤੀ ਨਿਰਦਰ ਤੇ ਅਕ੍ਰਿਤਘਣਤਾ ਵਾਲੀ ਗੱਲ ਹੈ ਅਤੇ ਅਜਿਹੀ ਗੱਲ ਕਰਨ ਤੋਂ ਪਹਿਲਾਂ ਮਾਨ ਸਾਹਿਬ ਨੂੰ ਸੌ ਵਾਰੀ ਸੋਚਣਾ ਚਾਹੀਦਾ ਸੀ ਕਿ ਸਾਰੇ ਪੰਜਾਬੀ ਉਸ ਨੂੰ ਕਿੰਨਾ ਮਾਣ ਦਿੰਦੇ ਨੇ। ਉਨ੍ਹਾਂ ਨੇ ਉਸ ਨੂੰ ਪੰਜਾਬੀ ਗਾਇਕੀ ਦਾ 'ਬਾਬਾ-ਬੋਹੜ' ਤੱਕ ਦਾ ਖ਼ਿਤਾਬ ਦੇ ਦਿੱਤਾ ਪਰ ਉਸ ਨੇ ਮਾਂ ਨੂੰ ਛੱਡ ਨੇ 'ਮਾਸੀ' ਜਾ ਜੱਫੀ ਪਾਈ ਹੈ। ਤਾਂ ਹੀ ਉਸ ਦੇ ਖ਼ਿਲਾਫ਼ ਵੈਨਕੂਵਰ ਵਿਚ ਲੋਕਾਂ ਵੱਲੋਂ ਰੋਸ-ਮੁਜ਼ਾਹਰੇ ਕੀਤੇ ਗਏ ਅਤੇ ਉਸ ਦੇ ਚੱਲਦੇ ਪ੍ਰੋਗਰਾਮ ਵਿਚ ਕਿਸੇ ਨੇ ਉਸ ਨੂੰ ਰੋਸ ਭਰਿਆ ਪੋਸਟਰ ਵੀ ਵਿਖਾਇਆ ਜਿਸ ਤੋਂ ਗੁੱਸੇ ਵਿਚ ਆ ਕੇ ਉਸ ਨੇ ਉਸ ਨੂੰ ਉਹ 'ਪੂਣੀ' ਵਾਲੀ ਗਾਲ' ਵੀ ਕੱਢ ਮਾਰੀ, ਹਾਲਾਂ ਕਿ ਅਜਿਹੇ ਵੱਡੇ ਕਲਾਕਾਰ ਦੇ ਮੂੰਹੋਂ ਨਿਕਲੀ ਇਹ ਬਹੁਤ ਹੀ ਘਟੀਆ ਗੱਲ ਸੀ ਅਤੇ ਇਹ ਉਸ ਨੂੰ ਸੋਭਦੀ ਨਹੀਂ ਸੀ।।" ਮਾਸਟਰ ਜੀ ਨੇ ਹੋਰ ਕਿਹਾ।

"ਹਾਂ ਜੀ, ਮਾਸਟਰ ਜੀ। ਇਹ ਤਾਂ ਬਹੁਤ ਘਟੀਆ ਕੰਮ ਕੀਤਾ ਏ, ਮਾਨ ਨੇ। ਪੰਜਾਬੀ ਬੋਲੀ ਦੇ ਸਿਰ 'ਤੇ ਏਨੇ ਸਾਲਾਂ ਦੀ ਕਮਾਇਆ ਹੋਇਆ ਇਜ਼ਤ ਅਤੇ ਮਾਣ ਖੂਹ 'ਚ ਪਾ ਦਿੱਤਾ ਏ। ਚਲੋ, ਛੱਡੋ ਜੀ, ਆਪਣੀ ਕੀਤੀ ਆਪੇ ਭਰੂ, ਸਾਨੂੰ ਕੀ।" ਕਹਿੰਦਿਆਂ ਸਾਰੇ ਉੱਠ ਕੇ ਆਪੋ ਆਪਣੇ ਘਰਾਂ ਨੂੰ ਚੱਲ ਪਏ।

# ਲੋਪ ਹੋਏ ਟੱਪਾ ਨੁਮਾ ਲੋਕ ਗੀਤ

-ਗੁਰਸ਼ਰਨ ਕੌਰ ਮੋਗਾ

ਪਿਛਲੇ ਸਮੇਂ ਪਿੰਡਾਂ ਦੇ ਰੀਤੀ ਰਿਵਾਜ ਸਾਂਝੇ ਤੌਰ 'ਤੇ ਮਨਾਏ ਜਾਂਦੇ ਸਨ। ਸਾਡੇ ਮਾਲਵੇ ਵਿੱਚ ਵੀ ਇਸੇ ਤਰ੍ਹਾਂ ਹੁੰਦਾ ਸੀ। ਕਿਸੇ ਦੇ ਘਰ ਲੜਕਾ ਪੈਦਾ ਹੁੰਦਾ, ਕਿਸੇ ਦੇ ਮੁੰਡੇ ਦਾ ਮੰਗਣਾ ਹੁੰਦਾ, ਕਿਸੇ ਦੇ ਮੁੰਡੇ ਜਾਂ ਕੁੜੀ ਦਾ ਵਿਆਹ ਹੁੰਦਾ ਤਾਂ ਉਸ ਪਿੱਛੋਂ ਪਿੰਡ ਵਿੱਚ ਮਠਿਆਈ ਵੰਡੀ ਜਾਂਦੀ ਜਿਸ ਨੂੰ ਘਰ ਸੰਭਾਲਣਾ ਕਿਹਾ ਜਾਂਦਾ ਸੀ। ਸ਼ਰੀਕੇ ਦੀਆਂ ਕੁੜੀਆਂ ਮਿਲ ਕੇ ਇਹ ਮਠਿਆਈ ਜਾਂ ਭਾਜੀ ਵੰਡਦੀਆਂ ਸਨ। ਨਾਲ ਦੀ ਨਾਲ ਉਹ ਟੱਪੇ ਨੁਮਾ ਗੀਤ ਵੀ ਗਾਉਂਦੀਆਂ ਸਨ।

ਪੱਕੀ ਸੜਕ 'ਤੇ ਫੀਤਾ
ਬਈ ਮੈਂ ਘਰ ਮਾਪਿਆਂ ਦੇ
ਦੁੱਧ ਸੋਨੇ ਦੇ ਕੌਲ ਵਿੱਚ ਪੀਤਾ

ਉਹ ਕੁੜੀਆਂ ਘੱਟ ਪੜ੍ਹੀਆਂ ਲਿਖੀਆਂ ਹੁੰਦੀਆਂ, ਪਰ ਗੀਤ ਬੜੇ ਕਮਾਲ ਦੇ ਗਾਉਂਦੀਆਂ:

ਸ਼ਿੰਦਰ ਭਾਬੀ ਗੁੜ ਦੀ ਡਲੀ
ਚਾਹ ਦੀ ਪੱਤੀ ਵਿੱਚ ਦੁੱਧ ਬੱਤਖਾਂ ਦਾ ਪਾ ਦੇ
ਨੀਂ ਅਸੀਂ ਕਿਹੜਾ ਰੋਜ਼ ਆਉਣਾ
ਸਾਨੂੰ ਚਾਹ ਦੀ ਘੁੱਟ ਪਿਆ ਦੇ

ਉਨ੍ਹਾਂ ਨੇ ਬੋਲ ਬੜੇ ਹੀ ਮਿੱਠੇ ਅਤੇ ਦਿਲ ਨੂੰ ਛੂਹ ਲੈਣ ਵਾਲੇ ਹੁੰਦੇ ਸਨ। ਕਦੇ ਹਾਸਾ ਵੀ ਆਉਣਾ ਕਿ ਇਨ੍ਹਾਂ ਵਿੱਚ ਕਿਹੜੀ ਸੋਨੇ ਦੇ ਕੌਲ ਵਿੱਚ ਦੁੱਧ ਪੀਂਦੀ ਹੈ ਜਾਂ ਬੱਤਖਾਂ ਦਾ ਦੁੱਧ ਭਾਬੀ ਕਿੱਥੋਂ ਲੈ ਕੇ ਆਵੇਗੀ? ਗੀਤ ਗਾਉਂਦੀਆਂ ਕੁੜੀਆਂ ਗੁੱਸੇ ਵਿੱਚ ਕਹਿੰਦੀਆਂ, 'ਇਨ੍ਹਾਂ ਪੜ੍ਹੀਆਂ ਲਿਖੀਆਂ ਦਾ ਦਿਮਾਗ ਖਰਾਬ ਈ ਹੁੰਦਾ, ਸਾਰਾ ਤਾਂ ਕਿਤਾਬਾਂ ਖਾ ਗਈਆਂ'। ਅਸੀਂ ਹੱਸ ਛੱਡਣਾ, ਪਰ ਇਨ੍ਹਾਂ ਗੀਤਾਂ ਨਾਲ ਬੜਾ ਮਨ ਖੁਸ਼ ਹੁੰਦਾ ਅਤੇ ਇਹ ਗੀਤ ਉਦੋਂ ਤੋਂ ਮੇਰੇ ਜ਼ਿਹਨ ਵਿੱਚ ਬੈਠੇ ਹੋਏ ਹਨ। ਇਹ ਗੀਤ ਨਾ ਤਾਂ ਟੱਪਿਆਂ ਦੀ ਤਰ੍ਹਾਂ ਗਾਏ ਜਾਂਦੇ ਹਨ ਅਤੇ ਨਾ ਵੱਡੇ ਹੇਕ ਵਾਲੇ ਗੀਤਾਂ ਦੀ ਤਰ੍ਹਾਂ ਗਾਏ ਜਾਂਦੇ ਹਨ। ਇਹ ਇਨ੍ਹਾਂ ਦਾ ਵਿਚਕਾਰਲਾ ਰੂਪ ਹੈ ਅਤੇ ਇਨ੍ਹਾਂ ਦੇ ਗਾਉਣ ਦਾ ਵੀ ਖਾਸ ਢੰਗ ਹੈ। ਪਹਿਲੀ ਲਾਈਨ ਲਮਕਾ ਕੇ ਗਾਈ ਜਾਂਦੀ ਹੈ ਅਤੇ ਦੂਜੀ ਲਾਈਨ ਦੇ ਅੱਗੇ ਕੋਈ ਯੋਜਕ ਜਿਵੇਂ 'ਬਈ' ਜਾਂ 'ਨੀਂ' ਆਦਿ ਲਾ ਕੇ ਗਾਇਆ ਜਾਂਦਾ ਹੈ। ਫਿਰ ਤੀਜੀ ਲਾਈਨ ਗਾਈ ਜਾਂਦੀ ਹੈ ਅਤੇ ਦੂਜੀ ਲਾਈਨ ਦੁਹਰਾਈ ਜਾਂਦੀ ਹੈ। ਇਸ ਤਰ੍ਹਾਂ ਇਹ ਗੀਤ ਪੂਰਾ ਹੁੰਦਾ ਹੈ। ਗੀਤ ਗਾਉਣ ਵਾਲੀਆਂ ਕੁੜੀਆਂ ਥਾਂ ਤੇ ਮੌਕਾ ਦੇਖ ਕੇ ਗੀਤ ਛੋਹਦੀਆਂ, ਜੇ ਨੇੜੇ ਮੁੰਡੇ ਖੜੇ ਹੁੰਦੇ ਤਾਂ ਉਹ ਗਾਉਂਦੀਆਂ:

ਚੁੱਕ ਲਿਆ ਸੜਕ ਤੋਂ ਫੀਤਾ
ਵੇ ਮੈਂ ਕੀ ਤੈਨੂੰ ਬੋਲੀ ਵੀਰਨਾ
ਕਿਹੜੀ ਗੱਲ ਤੋਂ ਸੰਧਾਰਾ ਬੰਦ ਕੀਤਾ।

ਜੇ ਸੱਥ ਕੋਲੋਂ ਲੰਘਦੀਆਂ ਤਾਂ ਉਹ ਗਾਉਂਦੀਆਂ:

ਰੱਤੜਾ ਪਲੰਘ ਰੰਗੀਲੇ ਪਾਵੇ
ਨੀਂ ਵੀਰ ਘਰ ਪੁੱਤ ਜੰਮਿਆ
ਬਾਪੂ ਮੱਝੀਆਂ ਦੇ ਸੰਗਲ ਫੜਾਵੇ।

ਚੱਕ ਚਰਖਾ ਪਰ੍ਹਾਂ ਕਰ ਪੀੜ੍ਹੀ
ਬਈ ਆਪੇ ਮਾਪੇ ਦਾਜ ਦੇਣਗੇ
ਜਿਹੜੇ ਹੋਣਗੇ ਦੁਖਾਂ ਦੇ ਸੀਰੀ

ਕਦੀ-ਕਦੀ ਉਹ ਵੈਰਾਗਮਈ ਧੁਨ ਵਿੱਚ ਗਾਉਣ ਲੱਗ ਜਾਂਦੀਆਂ:

ਸੱਜਰੇ ਗੁੜ ਦੀ ਭੇਲੀ
ਭੈਣਾਂ ਨੂੰ ਭਾਈ ਨਿੱਤ ਮਿਲਦੇ
ਕਦੇ ਵਿੱਛੜੀ ਨਾ ਮਿਲਦੀ ਸਹੇਲੀ

ਉਦੋਂ ਪਿੰਡ ਵਿੱਚ ਆਇਆ ਨਾਨਕਾ ਮੇਲ ਬੜੀਆਂ ਰੌਣਕਾਂ ਲਾਉਂਦਾ ਸੀ। ਮੇਲਣਾਂ ਦੇ ਗਾਏ ਗੀਤ ਵੀ ਬਹੁਤ ਰੌਚਕ ਹੁੰਦੇ ਸਨ। ਕਿਸੇ ਘਰ ਮੂਹਰੇ ਬੈਠੇ ਬਜ਼ੁਰਗ ਨੂੰ ਦੇਖ ਕੇ ਤੋੜਾ ਝਾੜਦੀਆਂ। ਬਜ਼ੁਰਗ ਵਿਚਾਰਾ ਬੁੜ-ਬੁੜ ਕਰਦਾ ਅੰਦਰ ਚਲਿਆ ਜਾਂਦਾ ਤੇ ਮੇਲਣਾਂ ਹੱਸ-ਹੱਸ ਦੂਹਰੀਆਂ ਹੋ ਜਾਂਦੀਆਂ। ਫਿਰ ਉਹ ਕਿਸੇ ਬਾਣੀਏ ਦੀ ਹੱਟੀ ਮੱਲ ਬਹਿੰਦੀਆਂ। ਇਕ ਦੋ ਚੀਜ਼ਾਂ ਸਾਬਣ, ਨਹੁੰ ਪਾਲਿਸ਼ ਆਦਿ ਲੈ ਕੇ ਰਾਹ ਪੈ ਜਾਂਦੀਆਂ ਅਤੇ ਗੀਤ ਗਾਉਂਦੀਆਂ:

ਸੂਤ ਦੇ ਮੰਜੇ 'ਤੇ ਵਿਛਾਈਆਂ
ਨੀਂ ਇਥੋਂ ਦੇ ਮਲੰਗ ਬਾਣੀਏ
ਸਾਨੂੰ ਯੰਗ ਹਰੜਾਂ ਨਾ ਥਿਆਈਆਂ

ਉਦੋਂ ਔਰਤਾਂ ਬਾਰਾਤ ਨਹੀਂ ਜਾਂਦੀਆਂ ਸਨ। ਉਹ ਵਿਆਹ ਵਾਲੇ ਘਰ ਵਿੱਚ ਤੇ ਪਿੰਡ ਵਿੱਚ ਸਾਧ ਸਾਧਣੀਆਂ ਦਾ ਭੇਸ ਧਾਰ ਕੇ ਜੀਅ ਖੁਸ਼ ਕਰ ਲੈਂਦੀਆਂ ਸਨ। ਰਾਤ ਨੂੰ ਜਾਗੋ ਕੱਢ ਕੇ ਲੋਕਾਂ ਦੇ ਪਰਨ-ਾਲੇ ਪੁੱਟ ਕੇ ਅਤੇ ਅਮਲੀਆਂ ਦੀਆਂ ਮੰਜੀਆਂ ਟੇਢੀਆਂ ਕਰਕੇ ਧਮੱਚੜ ਪੁੱਟਦੀਆਂ ਹੋਈਆਂ ਦਰਸ਼ਕਾਂ ਨੂੰ ਦੇਖ ਕੇ ਮੱਛਰ ਜਾਂਦੀਆਂ:

ਖਲੋਤੀ ਕੁੜੀ ਦੇ ਚੀਕਣੀ ਮਿੱਟੀ ਦੇ ਹਾਰੇ
ਬਈ ਦੁੱਧ ਦਾ ਗਲਾਸ ਡੁੱਲ੍ਹ ਗਿਆ
ਸਾਰਾ ਟੱਬਰ ਚਿੰਘਿਆੜਾਂ ਮਾਰੇ

ਉਸ ਸਮੇਂ ਰਿਵਾਜ ਸੀ ਕਿ ਜੇ ਮੇਲਣਾਂ ਦੇ ਪਿੰਡ ਦੀ ਕੁੜੀ ਵਿਆਹ ਵਾਲੇ ਪਿੰਡ ਕਿਸੇ ਘਰ ਵਿਆਹੀ ਹੁੰਦੀ ਤਾਂ ਉਹ ਉਸ ਕੁੜੀ ਨੂੰ ਵਿਆਹ ਵਾਲੇ ਘਰੋਂ ਕੁਝ ਮਠਿਆਈ, ਜਿਸ ਨੂੰ 'ਪੱਤਲ' ਕਿਹਾ ਜਾਂਦਾ ਸੀ, ਦੇ ਕੇ ਆਉਂਦੀਆਂ ਅਤੇ ਨਾਲ ਇਹ ਵੀ ਗਾਉਂਦੀਆਂ:

ਰਗ ਵੱਢ ਘੋਟਣਾ ਬਣਾ ਦਾਰੀਏ
ਸਾਡੇ ਆਉਂਦੀਆਂ ਦੇ
ਸਾਡੇ ਆਉਂਦੀਆਂ ਦੇ ਸ਼ਗਨ ਮਨਾ ਦਾਰੀਏ

ਗੱਲ ਕੀ, ਇਕ ਘਰ ਦੀ ਖੁਸ਼ੀ ਵਿੱਚ ਸਾਰਾ ਪਿੰਡ ਸ਼ਾਮਲ ਹੁੰਦਾ ਸੀ। ਅੱਜ ਕੱਲ੍ਹ ਪਿੰਡਾਂ ਵਿੱਚੋਂ ਸਾਰੀਆਂ ਰੌਣਕਾਂ ਗਾਇਬ ਹੋ ਗਈਆਂ ਹਨ। ਇਹ ਟੱਪੇ ਨੁਮਾ ਗੀਤ ਲੋਪ ਹੋ ਗਏ ਹਨ। ਪੈਲੇਸਾਂ ਦੇ ਵਿਆਹਾਂ ਨੇ ਸੱਭਿਆਚਾਰ ਨੂੰ ਬਹੁਤ ਖੋਰਾ ਲਾਇਆ ਹੈ। ਅੱਜ ਕੱਲ੍ਹ ਕਿਸੇ ਪਿੰਡ ਦੇ ਘਰੋਂ ਸਪੀਕਰ ਵਿੱਚੋਂ ਇਹ ਆਵਾਜ਼ ਨਹੀਂ ਆਉਂਦੀ, 'ਫਲਾਣਾ ਸਿਹੁੰ ਦੇ ਮੁੰਡੇ ਦੇ ਮੰਗਣੇ ਦੀ ਰੋਪਣਾ ਪੈਣ ਲੱਗੀ ਹੈ, ਸਾਰੇ ਮਾਈ ਭਾਈ ਵੇਲੇ ਸਿਰ ਪਹੁੰਚ ਜਾਵੋ।' ਨਾ ਹੀ ਕੁੜੀਆਂ ਗਾਉਂਦੀਆਂ ਹਨ:


ਸੋਨੇ ਦੀ ਕਨਸ ਬਣੀ ਝਾਲਰ ਲੱਗੀਆਂ ਚੁਫੇਰੇ
ਮੰਗਣੇ ਦੀ ਬਣਤ ਬਣੀ ਮੇਰੇ ਬਾਬਲ ਦੇ ਵਿਹੜੇ

ਮੰਗਣੇ ਦੀ ਥਾਂ ਅੱਜ ਕੱਲ੍ਹ 'ਰਿੰਗ ਸੈਰੇਮਨੀ' ਕੀਤੀ ਜਾਂਦੀ ਹੈ ਅਤੇ ਡੀ ਜੇ ਦੇ ਸ਼ੋਰ ਵਿੱਚ ਨੱਚ ਟੱਪ ਕੇ ਸਾਰ ਲਿਆ ਜਾਂਦਾ ਹੈ। ਵਿਆਹ ਪੈਲੇਸ ਵਿੱਚ ਹੋ ਜਾਂਦਾ ਹੈ ਅਤੇ ਸਾਰੇ ਪ੍ਰਾਹੁਣੇ ਉਥੇ ਹੀ ਪਹੁੰਚਦੇ ਹਨ। ਸਾਧ ਸਾਧਣੀਆਂ ਦੀ ਕਲਾ ਖਤਮ ਹੋ ਚੁੱਕੀ ਹੈ। ਜਾਗੋ ਵੀ ਬਿਜਲੀ ਦੇ ਬੱਲਬ ਜਗਾ ਕੇ ਕੱਢੀ ਜਾਂਦੀ ਹੈ। ਸਭ ਕੁਝ ਬਦਲ ਗਿਆ ਹੈ। ਸ਼ਾਇਦ ਸਾਡੇ ਪਿੰਡ ਵਿੱਚ ਮਾਘੀ ਵਾਲੇ ਦਿਨ ਲੱਗਦੇ ਮੇਲੇ ਵਿੱਚ ਮੇਰੀ ਮਰਹੂਮ ਬੀਬੀ ਅਤੇ ਤਾਈ ਦੀ ਜੋੜੀ ਵਾਂਗ ਘੱਗਰੇ ਪਾ ਕੇ ਜਾਂਦੀਆਂ ਤੇ ਗੀਤ ਗਾਉਂਦੀਆਂ ਔਰਤਾਂ ਇਹ ਗੀਤ ਅੱਜ ਵੀ ਗਾਉਂਦੀਆਂ ਹੋਣ:

ਕੱਚੀ ਕੰਧ 'ਤੇ ਘੁਕਦੀ ਊਰੀ
ਬਈ ਮਿੱਟੀ ਕੱਢ ਬਾਬੇ ਦੀ
ਤੇਰੀ ਕਰੂਗਾ ਤ੍ਰਿਸ਼ਨਾ ਪੂਰੀ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?


ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



## ਚਾਰ ਉੱਪ ਚੋਣਾਂ ਲਈ ਕੁੱਲ 48 ਨਾਮਜ਼ਦਗੀ ਕਾਗਜ਼ ਦਾਖਲ




ਚੰਡੀਗੜ੍ਹ, 1 ਅਕਤੂਬਰ (ਪੋਸਟ ਬਿਊਰੋ)- ਵਿਧਾਨ ਸਭਾ ਹਲਕਾ ਫਗਵਾੜਾ, ਮੁਕੇਰੀਆਂ, ਦਾਖਾ ਤੇ ਜਲਾਲਾਬਾਦ ਲਈ ਹੋ ਰਹੀਆਂ ਉੱਪ ਚੋਣਾਂ ਲਈ ਨਾਮਜ਼ਦਗੀ ਕਾਗਜ਼ ਦਾਖਲ ਕਰਨ ਦੇ ਆਖਰੀ ਦਿਨ 48 ਉਮੀਦਵਾਰ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ। ਮੁੱਖ ਚੋਣ ਅਧਿਕਾਰੀ ਪੰਜਾਬ ਦੇ ਬੁਲਾਰੇ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ ਨੰਬਰ ਮੁਕੇਰੀਆਂ ਲਈ 11 ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ।

ਇਸ ਸੰਬੰਧ ਵਿੱਚ ਚੋਣ ਕਮਿਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ ਨੰਬਰ ਦਾਖਾ ਲਈ ਕੱਲ 11 ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਆਖਰੀ ਦਿਨ ਦਾਖਲ ਕੀਤੇ ਹਨ ਅਤੇ ਪੰਜ ਜਣਿਆਂ ਨੇ ਪਹਿਲਾਂ ਦਾਖਲ ਕੀਤੇ ਸਨ। ਇਸ ਵਿਧਾਨ ਸਭਾ ਹਲਕੇ ਲਈ ਕੁੱਲ 16 ਨਾਮਜ਼ਦਗੀ ਪੱਤਰ ਦਾਖਲ ਹੋਏ ਹਨ। ਵਿਧਾਨ ਸਭਾ ਹਲਕਾ ਨੰਬਰ ਜਲਾਲਾਬਾਦ ਲਈ ਕੱਲ੍ਹ 10 ਨਾਮਜ਼ਦਗੀ ਪੱਤਰ ਦਾਖਲ ਹੋਏ, ਜਦ ਕਿ ਨਾਮਜ਼ਦਗੀ ਪੱਤਰ ਦਾਖਲ ਕਰਨ ਦੇ ਪਹਿਲੇ ਦਿਨਾਂ ਦੌਰਾਨ ਕੋਈ ਨਹੀਂ ਹੋਇਆ ਸੀ। ਇਸ ਤਰ੍ਹਾਂ ਚਾਰ ਵਿਧਾਨ ਸਭਾ ਹਲਕਿਆ ਲਈ ਕੁੱਲ 54 ਉਮੀਦਵਾਰਾਂ ਵੱਲੋਂ ਨਾਮਦਗੀ ਪੱਤਰ ਦਾਖਲ ਕੀਤੇ ਗਏ ਹਨ।

## ਭਾਖੜਾ ਬੋਰਡ ਨੇ ਵਿਧਵਾ ਨੂੰ ਮਿਲਦੀ ਪੈਨਸ਼ਨ ਵਿਆਜ ਸਣੇ ਵਾਪਸ ਮੁੜਵਾਈ

### * ਕੋਰਟ ਵੱਲੋਂ ਪੀੜਤ ਕੋਲੋਂ ਮੁੜਵਾਏ ਪੈਸੇ ਵਾਪਸ ਦੇਣ ਦੇ ਹੁਕਮ

ਚੰਡੀਗੜ੍ਹ, 1 ਅਕਤੂਬਰ (ਪੋਸਟ ਬਿਊਰੋ)- ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐੱਮ ਬੀ) ਨੇ ਆਪਣੇ ਇੱਕ ਮਰ ਚੁੱਕੇ ਮੁਲਾਜ਼ਮ ਦੀ ਵਿਧਵਾ ਨੂੰ ਮਿਲਦੀ ਵਿਸ਼ੇਸ਼ ਪਰਵਾਰਕ ਪੈਨਸ਼ਨ 11 ਫੀਸਦੀ ਸਾਧਾਰਨ ਵਿਆਜ ਸਣੇ ਮੋੜਨ ਨੂੰ ਕਿਹਾ ਸੀ। ਇਸ ਦਾ ਕਾਰਨ ਮਰ ਚੁੱਕੇ ਮੁਲਾਜ਼ਮ ਦੀ ਧੀ ਨੂੰ ਤਰਸ ਆਧਾਰਤ ਨੌਕਰੀ ਮਿਲਣਾ ਦੱਸਿਆ ਸੀ। ਹਾਈ ਕੋਰਟ ਨੇ ਬੀ ਬੀ ਐੱਮ ਬੀ ਦੇ ਇਸ ਫੈਸਲੇ ਨੂੰ ਬੜਾ ਨਿੰਦਣ ਯੋਗ ਤੇ ਬੇਲੋੜਾ ਕਰਾਰ ਦਿੱਤਾ ਹੈ।




ਵਰਨਣ ਯੋਗ ਹੈ ਕਿ ਬੀ ਬੀ ਐੱਮ ਬੀ ਵਿੱਚ ਇਲੈਕਟ੍ਰੀਸ਼ੀਅਨ ਗ੍ਰੇਡ-1 ਤਿਲਕ ਰਾਜ ਦੀ 27 ਜੁਲਾਈ 2010 ਨੂੰ ਡਿਊਟੀ ਦੌਰਾਨ ਮੌਤ ਹੋ ਜਾਣ ਤੋਂ ਬਾਅਦ ਉਸ ਦੀ ਵਿਧਵਾ ਗੋਲਡੀ ਦੇਵੀ ਨੂੰ ਇਹ ਸਪੈਸ਼ਲ ਪਰਵਾਰਕ ਪੈਨਸ਼ਨ ਮਿਲਦੀ ਆ ਰਹੀ ਸੀ। ਉਸ ਨੂੰ ਉਸ ਵੇਲੇ ਬੀ ਬੀ ਐੱਮ ਬੀ ਵਿੱਚ ਤਰਸ ਦੇ ਆਧਾਰ 'ਤੇ ਨੌਕਰੀ ਦੇਣ ਦੀ ਵਿਵਸਥਾ ਨਾ ਹੋਣ ਵਜੋਂ ਤਿੰਨ ਲੱਖ ਰੁਪਏ ਦਾ ਮੁਆਵਜ਼ਾ ਵੀ ਮਿਲਿਆ ਸੀ। ਫਿਰ ਮਈ 2014 ਵਿੱਚ ਬੀ ਬੀ ਐੱਮ ਬੀ ਨੇ ਤਰਸ ਦੇ ਆਧਾਰ 'ਤੇ ਨੌਕਰੀ ਦੇਣ ਦੀ ਵਿਵਸਥਾ ਲਿਆਂਦੀ ਗਈ, ਜੋ 16 ਅਪ੍ਰੈਲ 2010 ਤੋਂ ਲਾਗੂ ਮੰਨੀ ਗਈ ਅਤੇ ਗੋਲਡੀ ਦੇਵੀ ਨੂੰ ਉਸ ਦੀ ਬੇਟੀ ਰਵਿਤਾ ਨੂੰ ਕਲਰਕ ਵਜੋਂ ਤਰਸ ਦੇ ਆਧਾਰ 'ਤੇ ਨੌਕਰੀ ਦੇਣ ਦੀ ਪੇਸ਼ਕਸ਼ ਕੀਤੀ ਗਈ, ਪਰ ਨਾਲ ਸ਼ਰਤ ਲਾ ਦਿੱਤੀ ਕਿ ਉਸ ਨੂੰ ਮਿਲਦੀ ਰਹੀ ਵਿਸ਼ੇਸ਼ ਪਰਵਾਰਕ ਪੈਨਸ਼ਨ ਸਣੇ ਵਿਆਜ ਮੋੜਨੀ ਹੋਵੇਗੀ। ਗੋਲਡੀ ਦੇਵੀ ਨੇ ਪੰਜ ਜਨਵਰੀ 2015 ਨੂੰ ਆਪਣੀ ਧੀ ਨੂੰ ਕਲਰਕ ਦੀ ਨੌਕਰੀ ਦਿਵਾਉਣ ਲਈ 13 ਲੱਖ 29 ਹਜ਼ਾਰ ਰੁਪਏ ਵਿਸ਼ੇਸ਼ ਪਰਵਾਰਕ ਪੈਨਸ਼ਨ ਦੇ ਅਤੇ ਤਿੰਨ ਲੱਖ 54 ਹਜ਼ਾਰ ਰੁਪਏ ਮੁਆਵਜ਼ੇ ਸਣੇ ਵਿਆਜ ਵਾਪਸ ਕਰ ਦਿੱਤੇ। ਇਸ ਦੇ ਨਾਲ ਹੀ ਉਨ੍ਹਾਂ 2016 ਵਿੱਚ ਐਡਵੋਕੇਟ ਹਰੀ ਚੰਦ ਅਰੋੜਾ ਰਾਹੀਂ ਹਾਈ ਕੋਰਟ ਵਿੱਚ ਬੀ ਬੀ ਐਮ ਬੀ ਵਿਰੁੱਧ ਸਿਵਲ ਰਿਟ ਦਾਇਰ ਕਰ ਕੇ ਇਹ ਪੈਸੇ ਫਿਰ ਵਾਪਸ ਮੁੜਵਾਉਣ ਦੀ ਮੰਗ ਰੱਖ ਦਿੱਤੀ। ਹਾਈ ਕੋਰਟ ਦੇ ਜਸਟਿਸ ਅਰੁਣ ਮੌਂਗਾ ਦੇ ਬੈਂਚ ਨੇ ਮਾਮਲੇ ਦਾ ਨਿਪਟਾਰਾ ਕਰਦੇ ਹੋਏ ਬੀ ਬੀ ਐਮ ਬੀ ਨੂੰ ਇਹ ਸਾਰਾ ਪੈਸਾ ਮੋੜਨ ਦੇ ਹੁਕਮ ਜਾਰੀ ਕੀਤੇ ਅਤੇ ਨਾਲ ਬੈਂਚ ਨੇ ਕਿਹਾ ਕਿ ਮਰ ਚੁੱਕੇ ਕਰਮਚਾਰੀ ਦੇ ਵਾਰਸਾਂ ਵੱਲੋਂ ਵਿਸ਼ੇਸ਼ ਪਰਵਾਰਕ ਪੈਨਸ਼ਨ ਵਜੋਂ ਹਾਸਲ ਕੀਤਾ ਗਿਆ ਪੈਸਾ ਵਰਤਿਆ ਜਾਣ ਤੋਂ ਬਾਅਦ ਉਨ੍ਹਾਂ ਤੋਂ ਵਾਪਸ ਮੰਗਣਾ ਇਹ ਬੀ ਬੀ ਐੱਮ ਬੀ ਦੇ ਪੱਖ ਤੋਂ ਬੜਾ ਹੀ ਸ਼ਰਮਨਾਕ ਹੈ।

## ਮਹਿਲਾ ਪ੍ਰੋਫੈਸਰ ਨੇ ਟ੍ਰੇਨੀ ਥਾਣੇਦਾਰ ਉੱਤੇ ਬਲਾਤਕਾਰ ਤੇ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਲਾਏ

ਚੰਡੀਗੜ੍ਹ, 1 ਅਕਤੂਬਰ (ਪੋਸਟ ਬਿਊਰੋ)- ਪੰਜਾਬ ਯੂਨੀਵਰਸਿਟੀ ਦੇ ਹੁਸ਼ਿਆਰਪੁਰ ਵਾਲੇ ਰੀਜ਼ਨਲ ਸੈਂਟਰ ਵਿੱਚ ਕਾਨੂੰਨ ਵਿਭਾਗ ਦੀ ਮਹਿਲਾ ਪ੍ਰੋਫੈਸਰ ਵੱਲੋਂ ਪੰਜਾਬ ਪੁਲਸ ਦੇ ਇੱਕ ਟ੍ਰੇਨੀ ਸਬ ਇੰਸਪੈਕਟਰ ਉੱਤੇ ਲਾਏ ਸੰਗੀਨ ਦੋਸ਼ਾਂ ਦਾ ਕੇਸ ਹਾਈ ਕੋਰਟ ਪਹੁੰਚ ਗਿਆ ਹੈ। ਪੰਜਾਬ ਪੁਲਸ ਦੇ ਸਾਬਕਾ ਏ ਡੀ ਜੀ ਪੀ ਈਸ਼ਵਰ ਸ਼ਰਮਾ ਦੇ ਪੁੱਤਰ ਇਸ ਟਰੇਨੀ ਸਬ ਇੰਸਪੈਕਟਰ ਅਦਿਤਿਆ ਸ਼ਰਮਾ ਉੱਤੇ ਮਹਿਲਾ ਪ੍ਰੋਫੈਸਰ ਨੇ ਬਲਾਤਕਾਰ ਅਤੇ ਜਬਰੀ ਘਰ ਵਿੱਚ ਵੜ ਕੇ ਕਤਲ ਕਰਨ ਦੀ ਕੋਸ਼ਿਸ਼ ਦੇ ਦੋਸ਼ ਲਾਏ ਹਨ। ਇਸ ਦੇ ਨਾਲ ਜਲੰਧਰ ਦੇ ਡੀ ਸੀ ਪੀ ਟਰੈਫਿਕ ਨਰੇਸ਼ ਡੋਗਰਾ ਵਿਰੁੱਧ ਸ਼ਿਕਾਇਤ ਕੀਤੀ ਗਈ ਹੈ। ਇਸ ਵਿਵਾਦ ਬਾਰੇ ਇੱਕ ਸ਼ਿਕਾਇਤ ਕੁਝ ਦਿਨ ਪਹਿਲਾਂ ਹੁਸ਼ਿਆਰਪੁਰ ਪੁਲਸ ਨੇ ਦਰਜ ਕੀਤੀ ਸੀ। ਇਹ ਕੇਸ ਪੰਜਾਬ ਰਾਜ ਮਹਿਲਾ ਕਮਿਸ਼ਨ ਅਤੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਵੀ ਗੰਭੀਰਤਾ ਨਾਲ ਲਿਆ ਜਾ ਚੁੱਕਾ ਹੈ, ਪਰ ਮਹਿਲਾ ਪ੍ਰੋਫੈਸਰ ਨੇ ਹਾਈ ਕੋਰਟ ਕੋਲ ਪਹੁੰਚ ਕਰ ਕੇ ਕਿਹਾ ਹੈ ਕਿ ਉਸ ਨੇ ਆਪਣੀ ਸ਼ਿਕਾਇਤ ਵਿੱਚ ਉਸ ਨਾਲ ਬਲਾਤਕਾਰ ਹੋਣ ਅਤੇ ਉਸ ਦੇ ਘਰ ਵਿੱਚ ਜਬਰੀ ਵੜ ਕੇ ਉਸ ਦੀ ਹੱਤਿਆ ਦੀ ਕੋਸ਼ਿਸ਼ ਕਰਨ ਦੇ ਦੋਸ਼ ਲਾਏ ਸਨ। ਪੁਲਸ ਨੇ ਸ਼ਿਕਾਇਤ ਦਰਜ ਕਰਨ ਵੇਲੇ ਇਸ ਨੂੰ ਅਣਗੌਲਿਆ ਕੀਤਾ ਹੈ।

ਜਸਟਿਸ ਗੁਰਵਿੰਦਰ ਸਿੰਘ ਗਿੱਲ ਨੇ ਇਸ ਕੇਸ ਦੀ ਸੁਣਵਾਈ ਕਰਦੇ ਹੋਏ ਐੱਸ ਐੱਸ ਪੀ ਹੁਸ਼ਿਆਰਪੁਰ ਨੂੰ ਇਸ ਕੇਸ ਵਿੱਚ ਪੀੜਤ ਦੀ ਸ਼ਿਕਾਇਤ ਨੂੰ ਮੁੜ ਘੋਖਣ ਅਤੇ ਤੈਅ ਕਾਨੂੰਨ ਮੁਤਾ-ਬਕ ਬਣਦੀਆਂ ਧਾਰਾਵਾਂ (376/ ਬਲਾਤਕਾਰ, 307/ ਹੱਤਿਆ ਦੀ ਕੋਸ਼ਿਸ਼) ਬਾਰੇ ਫੈਸਲਾ ਲੈਣ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਮਹਿਲਾ ਪ੍ਰੋਫੈਸਰ ਨੂੰ ਖੁੱਲ੍ਹ ਦਿੱਤੀ ਹੈ ਕਿ ਜੇ ਉਸ ਨੂੰ ਕਿਸੇ ਤੋਂ ਜਾਨ ਮਾਲ ਦਾ ਖਤਰਾ ਮਹਿਸੂਸ ਹੋਵੇ ਤਾਂ ਉਹ ਐਸ ਐਸ ਪੀ ਹੁਸ਼ਿਆਰਪੁਰ ਕੋਲ ਪਹੁੰਚ ਕਰੇ ਤੇ ਐੱਸ ਐੱਸ ਪੀ ਉਸ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਪਾਬੰਦ ਹੈ। ਵਰਨਣ ਯੋਗ ਹੈ ਕਿ 12 ਸਤੰਬਰ 2019 ਨੂੰ ਇਸ ਮਹਿਲਾ ਪ੍ਰੋਫੈਸਰ ਨੇ ਥਾਣਾ ਸਦਰ ਹੁਸ਼ਿਆਰਪੁਰ ਨੂੰ ਸ਼ਿਕਾਇਤ ਦਿੱਤੀ ਸੀ, ਜਿਸ ਵਿੱਚ ਅਦਿਤਿਆ ਸ਼ਰਮਾ ਅਤੇ ਡੀ ਸੀ ਪੀ ਨਰੇਸ਼ ਡੋਗਰਾ ਉੱਤੇ ਗੰਭੀਰ ਦੋਸ਼ ਲਾਏ ਤੇ ਕਿਹਾ ਗਿਆ ਸੀ ਕਿ ਅਦਿਤਿਆ ਸ਼ਰਮਾ ਨੇ ਕਾਲਜ ਵਿੱਚ ਆ ਕੇ ਉਸ ਦਾ ਗਲਾ ਦਬਾ ਕੇ ਮਾਰਨ ਦੀ ਕੋਸ਼ਿਸ਼ ਕੀਤੀ ਤੇ ਕੁੱਟਮਾਰ ਕੀਤੀ ਸੀ। ਜਿਸ ਪਿੱਛੋਂ ਅਦਿੱਤਿਆ ਸ਼ਰਮਾ ਅਤੇ ਡੀ ਸੀ ਪੀ ਨਰੇਸ਼ ਡੋਗਰਾ ਨੇ ਜਬਰੀ ਉਸ ਦੇ ਘਰ ਆ ਕੇ ਇਸ ਬਾਰੇ ਪੁਲਸ ਕੋਲ ਸ਼ਿਕਾਇਤ ਨਾ ਕਰਨ ਬਾਰੇ ਧਮਕਾਇਆ ਸੀ। ਜਦੋਂ ਉਸ ਨੇ ਸ਼ਿਕਾਇਤ ਕੀਤੀ ਤਾਂ ਪੁਲਸ ਨੇ 354ਏ, 323, 509 ਅਤੇ 427 ਆਦਿ ਮਾਮੂਲੀ ਧਾਰਾਵਾਂ ਲਾਈਆਂ ਸਨ।

## ਕੀਮਤਾਂ ਡਿਗਣ ਕਰਕੇ ਪਾਵਰਕਾਮ ਨੂੰ ਬਿਜਲੀ ਵੇਚਣ 'ਚ ਮੁਸ਼ਕਿਲ ਆਉਣ ਲੱਗੀ

ਜਲੰਧਰ, 1 ਅਕਤੂਬਰ (ਪੋਸਟ ਬਿਊਰੋ)- ਭਾਰਤ ਵਿੱਚ ਬਿਜਲੀ ਦੀਆਂ ਕੀਮਤਾਂ ਕਾਫੀ ਹੇਠਾਂ ਡਿੱਗਣ ਕਰਕੇ ਪਾਵਰਕਾਮ ਨੂੰ ਆਪਣੀ ਵਾਧੂ ਬਿਜਲੀ ਵੇਚਣੀ ਔਖੀ ਹੋ ਰਹੀ ਹੈ। ਪੰਜਾਬ 'ਚ ਮੀਂਹ ਪੈਣ ਕਰਕੇ ਬਿਜਲੀ ਦੀ ਮੰਗ 6000 ਮੈਗਾਵਾਟ ਰਹਿ ਗਈ ਹੈ। ਅਕਤੂਬਰ 'ਚ ਪਾਵਰਕਾਮ ਕੋਲ 4000 ਮੈਗਾਵਾਟ ਦੇ ਕਰੀਬ ਬਿਜਲੀ ਵਾਧੂ ਹੋ ਜਾਵੇਗੀ। ਪਹਿਲਾਂ ਇਸ ਨੂੰ ਵੇਚ ਦਿੱਤਾ ਜਾਂਦਾ ਸੀ, ਪਰ ਇਸ ਵਾਰੀ ਵੇਚ ਸਕਣਾ ਵੀ ਮੁਸ਼ਕਲ ਲੱਗਦਾ ਹੈ। ਇਸ ਸੰਬੰਧ ਵਿੱਚ ਪਾਵਰਕਾਮ ਦੇ ਸੂਤਰਾਂ ਦਾ ਕਹਿਣਾ ਹੈ ਕਿ ਉਹ ਆਪਣੀ ਵਾਧੂ ਬਿਜਲੀ ਵੇਚਣ ਲਈ ਬਿਜਲੀ ਮਾਰਕੀਟ ਵਿੱਚ ਕਾਫੀ ਜ਼ੋਰ ਲਾ ਚੁੱਕਾ ਹੈ, ਪਰ ਬਿਜਲੀ ਐਨੀ ਜ਼ਿਆਦਾ ਸਸਤੀ ਹੋ ਗਈ ਹੈ ਕਿ ਪਾਵਰਕਾਮ ਐਨੀ ਸਸਤੀ ਬਿਜਲੀ ਨਹੀਂ ਵੇਚ ਸਕਦਾ। ਲੋਕ ਸਭਾ ਚੋਣਾਂ ਤੋਂ ਪਹਿਲਾਂ ਮੱਧ ਪ੍ਰਦੇਸ਼, ਰਾਜਸਥਾਨ ਅਤੇ ਹੋਰ ਰਾਜਾਂ ਨੂੰ ਮਹਿੰਗੀ ਬਿਜਲੀ ਸਪਲਾਈ ਕੀਤੀ ਗਈ ਸੀ ਕਿਉਂਕਿ ਓਦੋਂ ਬਿਜਲੀ ਦੀ ਮੰਗ ਕਾਫੀ ਜ਼ਿਆਦਾ ਸੀ, ਪਰ ਇਸ ਵੇਲੇ ਬਿਜਲੀ ਦੀ ਮੰਗ ਬਹੁਤੇ ਰਾਜਾਂ 'ਚ ਨਹੀਂ। ਦਿੱਲੀ, ਹਰਿਆਣਾ 'ਚ ਵੀ ਵਾਧੂ ਬਿਜਲੀ ਹੈ, ਜਿਸ ਕਰਕੇ ਪਾਵਰਕਾਮ ਨੂੰ ਵਾਧੂ ਬਿਜਲੀ ਵੇਚਣ ਲਈ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ਾਮ ਸਮੇਂ ਬਿਜਲੀ ਮਾਰਕੀਟ ਵਿੱਚ ਬਿਜਲੀ ਦੀ ਕੀਮਤ 3.70 ਰੁਪਏ ਪ੍ਰਤੀ ਯੂਨਿਟ ਆ ਰਹੀ ਹੈ। ਪਾਵਰਕਾਮ ਨੂੰ ਐਨੀ ਸਸਤੀ ਬਿਜਲੀ ਵੇਚਣ ਨਾਲ ਨੁਕਸਾਨ ਹੁੰਦਾ ਹੈ ਕਿਉਂਕਿ ਉਸ ਨੂੰ ਬਿਜਲੀ 4.25 ਰੁਪਏ ਪ੍ਰਤੀ ਯੂਨਿਟ ਤੋਂ ਲੈ ਕੇ 4.50 ਰੁਪਏ ਪ੍ਰਤੀ ਯੂਨਿਟ ਖੁਦ ਪੈਂਦੀ ਹੈ। ਕੋਲਾ ਮਹਿੰਗਾ ਹੋਣ ਕਾਰਨ ਪਾਵਰਕਾਮ ਨੂੰ ਬਿਜਲੀ ਮਹਿੰਗ ਪੈਂਦੀ ਹੈ। ਪਾਵਰਕਾਮ ਨੇ ਆਪਣੀ ਵਾਧੂ ਹੋਣ ਵਾਲੀ ਬਿਜਲੀ ਵੇਚਣ ਦਾ ਕਾਫੀ ਯਤਨ ਕੀਤਾ ਸੀ, ਪਰ ਮੰਡੀ 'ਚ ਲਗਾਤਾਰ ਘਟਦੀਆਂ ਕੀਮਤਾਂ ਕਰਕੇ ਉਸਨੇ ਆਪਣੇ ਪੈਰ ਪਿੱਛੇ ਕਰ ਲਏ ਹਨ।

### ਜਸਟਿਸ ਰਣਜੀਤ ਸਿੰਘ ਕੇਸ

## ਕੋਰਟ ਵਿੱਚ ਸੁਖਬੀਰ ਤੇ ਮਜੀਠੀਆ ਵਿਰੁੱਧ ਅਗਲਾ ਦਾਅਵਾ ਪੇਸ਼

ਚੰਡੀਗੜ੍ਹ, 1 ਅਕਤੂਬਰ (ਪੋਸਟ ਬਿਊਰੋ)- ਸਾਲ 2015 ਦੇ ਬੇਅਦਬੀ ਅਤੇ ਗੋਲੀ ਕਾਂਡ ਕੇਸਾਂ ਦੀ ਜਾਂਚ ਲਈ ਪੰਜਾਬ ਸਰਕਾਰ ਵੱਲੋਂ ਬਣੇ ਕਮਿਸ਼ਨ ਦੇ ਮੁਖੀ ਰਹੇ ਸੇਵਾ ਮੁਕਤ ਜਸਟਿਸ ਰਣਜੀਤ ਸਿੰਘ ਦੇ ਵਕੀਲ ਨੇ ਕੱਲ੍ਹ ਹਾਈ ਕੋਰਟ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਵਿਰੁੱਧ ਆਪਣੀ ਸ਼ਿਕਾਇਤ ਮੇਂਟੇਨੇਬਲ (ਭਾਵ ਇਸ ਸ਼ਿਕਾਇਤ ਉੱਤੇ ਕੇਸ ਲੜਿਆ ਜਾਣਾ ਬਣਦਾ ਹੈ) ਹੋਣ ਦਾ ਦਾਅਵਾ ਕੀਤਾ ਹੈ। ਸਾਬਕਾ ਜੱਜ ਵੱਲੋਂ ਪੇਸ਼ ਹੋਏ ਸੀਨੀਅਰ ਏ ਪੀ ਐੱਸ ਦਿਓਲ ਨੇ ਇਹ ਦਾਅਵਾ ਮਜੀਠੀਆ ਦੇ ਵਕੀਲ ਵੱਲੋਂ ਪਿਛਲੀ ਤਰੀਕ ਦੌਰਾਨ ਇਹ ਕਹਿਣ ਦੇ ਖਿਲਾਫ ਕੀਤਾ ਹੈ ਕਿ ਜਾਂਚ ਕਮਿਸ਼ਨ ਐਕਟ ਦੀਆਂ ਧਾਰਾਵਾਂ ਹੇਠ ਸਿਰਫ



ਕਮਿਸ਼ਨ ਦੇ ਚੇਅਰਮੈਨ ਜਾਂ ਮੈਂਬਰ ਵੱਲੋਂ ਸ਼ਿਕਾਇਤ ਕੀਤੀ ਜਾ ਸਕਦੀ ਹੈ, ਪਰ ਜਦੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਸ਼ਿਕਾਇਤ ਦਾਇਰ ਕੀਤੀ ਸੀ, ਉਸ ਵੇਲੇ ਕਮਿਸ਼ਨ ਤੋਂ ਉਨ੍ਹਾਂ ਦੀ ਟਰਮ ਖਤਮ ਹੋ ਚੁੱਕੀ ਸੀ। ਸੀਨੀਅਰ ਐਡਵੋਕੇਟ ਪੁਨੀਤ ਬਾਲੀ ਨੇ ਪਿਛਲੀ ਤਰੀਕ ਮੌਕੇ ਇਹ ਦਾਅਵਾ ਕਰਦੇ ਤੱਥ ਰੱਖੇ ਸਨ ਕਿ ਕਮਿਸ਼ਨ 31 ਅਗਸਤ 2018 ਨੂੰ ਬੰਦ ਹੋ ਚੁੱਕਾ ਹੈ, ਸ਼ਿਕਾਇਤ ਇਸ ਸਾਲ ਜਨਵਰੀ ਵਿੱਚ ਆਈ, ਜਦੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੇ ਚੇਅਰਮੈਨ ਨਹੀਂ ਸੀ ਰਹਿ ਗਏ। ਕਿਹਾ ਗਿਆ ਕਿ ਜਨ ਸੇਵਕ ਹੋਣ ਵਜੋਂ ਹੀ ਜਸਟਿਸ ਰਣਜੀਤ ਸਿੰਘ ਨੂੰ ਕੋਈ ਰਾਹਤ ਮਿਲ ਸਕਦੀ ਹੈ। ਬੈਂਚ ਨੂੰ ਕਿਹਾ ਗਿਆ ਕਿ ਜਨ ਸੇਵਕ ਨੂੰ ਇੱਕ ਮੈਜਿਸਟਰੇਟ ਦੇ ਸਾਹਮਣੇ ਸਬੂਤ ਪੇਸ਼ ਕਰਨ ਦੀ ਲੋੜ ਨਹੀਂ ਹੁੰਦੀ, ਇਸ ਦਾ ਸਿੱਧਾ ਨੋਟਿਸ ਲਿਆ ਜਾ ਸਕਦਾ ਹੈ, ਪਰ ਜਸਟਿਸ ਰਣਜੀਤ ਸਿੰਘ ਇੱਕ ਸਾਬਕਾ ਮੈਂਬਰ ਹੋਣ ਵਜੋਂ ਕਮਿਸ਼ਨ ਦੀ ਮਿਆਦ ਮੁੱਕ ਚੁੱਕੀ ਹੋਣ ਕਰ ਕੇ ਜਨ ਸੇਵਕ ਨਹੀਂ ਹਨ। ਇਸ ਕਰ ਕੇ ਜ਼ਰੂਰਤ ਸੀ ਕਿ ਸੁਖਬੀਰ ਤੇ ਮਜੀਠੀਆ ਨੂੰ ਸੰਮਨ ਕਰਨ ਤੋਂ ਪਹਿਲਾਂ ਜਸਟਿਸ ਰਣਜੀਤ ਸਿੰਘ ਦੇ ਬਿਆਨ ਦਰਜ ਕੀਤੇ ਜਾਂਦੇ।

ਸੰਘੀ ਚੋਣ / ਸੋਮਵਾਰ, 21 ਅਕਤੂਬਰ

#ItsOurVote



It's Our Vote

ਕੀ ਤੁਸੀਂ ਵੋਟ ਦੇਣ ਲਈ ਪੰਜੀਕਿਰਤ ਹੋ?

ਕੀ ਤੁਸੀਂ ਪਹਿਲੀ ਵਾਰ ਵੋਟ ਦੇ ਰਹੇ ਹੋ? ਕੀ ਤੁਸੀਂ ਹਾਲੀਆ ਸਮੇਂ ਵਿੱਚ ਘਰ ਬਦਲਿਆ ਹੈ?
ਯਕੀਨੀ ਬਣਾਓ ਕਿ ਤੁਹਾਡਾ ਪੰਜੀਕਰਨ ਨਵੀਨਤਮ ਹੋਵੇ।

ਡਾਕ ਵਿੱਚ ਆਪਣੇ ਵੋਟਰ ਜਾਣਕਾਰੀ ਕਾਰਡ ਵਾਸਤੇ ਦੇਖਦੇ ਰਹੋ

ਇਹ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਕਿੱਥੇ ਅਤੇ ਕਦੋਂ ਵੋਟ ਕਰ ਸਕਦੇ ਹੋ
ਇਲੈਕਸ਼ਨਜ਼ ਕੈਨੇਡਾ ਨਾਲ ਸੰਪਰਕ ਕਰੋ ਜੇ ਤੁਹਾਡਾ ਵੋਟਰ ਜਾਣਕਾਰੀ ਕਾਰਡ

- ਗਲਤ ਜਾਣਕਾਰੀ ਦਿਖਾਉਂਦਾ ਹੈ
- 3 ਅਕਤੂਬਰ ਤੱਕ ਨਹੀਂ ਪਹੁੰਚਿਆ


ਵੋਟ ਪਾਉਣ ਲਈ ਲੋੜੀਂਦੀ ਅਧਿਕਾਰਿਤ ਜਾਣਕਾਰੀ ਵਾਸਤੇ elections.ca ਦੇਖੋ

1-800-463-6868 / elections.ca / TTY 1-800-361-8935

Elections Canada



# ਫਾਰੂਕ ਨੂੰ ਪੇਸ਼ ਕਰਨ ਦੀ ਅਰਜ਼ੀ ਉੱਤੇ ਵਿਚਾਰ ਕਰਨ ਤੋਂ ਸੁਪਰੀਮ ਕੋਰਟ ਦਾ ਇਨਕਾਰ



ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੂੰ ਸੁਪਰੀਮ ਕੋਰਟ ਵਿੱਚ ਪੇਸ਼ ਕਰਨ ਦੀ ਦਾਇਰ ਅਰਜ਼ੀ 'ਤੇ ਅੱਗੇ ਵਿਚਾਰ ਕਰਨ ਤੋਂ ਕੋਰਟ ਨੇ ਇਨਕਾਰ ਕਰ ਦਿੱਤਾ ਅਤੇ ਐੱਮ ਡੀ ਐੱਮ ਦੇ ਨੇਤਾ ਵਾਈਕੋ ਨੂੰ ਕਿਹਾ ਕਿ ਉਨ੍ਹਾਂ ਨੂੰ ਜਨਤਕ ਸੁਰੱਖਿਆ ਕਾਨੂੰਨ ਹੇਠ ਅਬਦੁੱਲਾ ਨੂੰ ਹਿਰਾਸਤ ਦੇ ਹੁਕਮ ਵਿਰੁੱਧ ਚੁਣੌਤੀ ਦੇਣੀ ਹੋਵੇਗੀ। ਇਸ ਦੇ ਨਾਲ ਅਰਜ਼ੀ ਰੱਦ ਹੋ ਗਈ ਹੈ।

ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਐੱਸ ਏ ਬੋਬੜੇ ਅਤੇ ਜਸਟਿਸ ਐੱਸ ਅਬਦੁੱਲ ਨਜ਼ੀਰ ਦੀ ਬੈਂਚ ਨੇ ਤਾਮਿਲ ਨਾਡੂ ਦੇ ਨੇਤਾ ਵਾਈਕੋ ਦੇ ਵਕੀਲ ਨੂੰ ਕਿਹਾ ਕਿ ਫਾਰੂਕ ਅਬਦੁੱਲਾ ਜਨਤਕ ਸੁਰੱਖਿਆ ਕਾਨੂੰਨ ਤਹਿਤ ਹਿਰਾਸਤ ਵਿੱਚ ਹਨ। ਵਾਈਕੋ ਦੇ ਵਕੀਲ ਨੇ ਜੰਮੂ-ਕਸ਼ਮੀਰ ਪ੍ਰਸ਼ਾਸਨ ਦੇ ਰਵੱਈਏ 'ਤੇ ਸਵਾਲ ਉਠਾਇਆ ਅਤੇ ਦਾਅਵਾ ਕੀਤਾ ਕਿ 16 ਸਤੰਬਰ ਨੂੰ ਸੁਪਰੀਮ ਕੋਰਟ ਵਿੱਚ ਇਸ ਕੇਸ ਦੀ ਸੁਣਵਾਈ ਤੋਂ ਕੁਝ ਮਿੰਟ ਪਹਿਲਾਂ ਅਬਦੁੱਲਾ ਨੂੰ ਸੂਬੇ ਦੇ ਜਨਤਕ ਸੁਰੱਖਿਆ ਕਾਨੂੰਨ ਦੇ ਤਹਿਤ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਅਦਾਲਤ ਨੇ ਕਿਹਾ ਕਿ ਪਟੀਸ਼ਨ ਕਰਨ ਵਾਲੀ ਧਿਰ ਜੰਮੂ-ਕਸ਼ਮੀਰ ਜਨਤਕ ਸੁਰੱਖਿਆ ਕਾਨੂੰਨ ਹੇਠ ਅਬਦੁੱਲਾ ਨੂੰ ਹਿਰਾਸਤ ਵਿੱਚ ਰੱਖਣ ਦੇ ਹੁਕਮ ਨੂੰ ਉਚਿਤ ਟ੍ਰਿਬਿਊਨਲ ਦੇ ਸਾਹਮਣੇ ਚੁਣੌਤੀ ਦੇ ਸਕਦੀ ਹੈ। ਕੋਰਟ ਨੇ 16 ਸਤੰਬਰ ਨੂੰ ਕੇਂਦਰ ਅਤੇ ਜੰਮੂ-ਕਸ਼ਮੀਰ ਪ੍ਰਸ਼ਾਸਨ ਨੂੰ ਵਾਈਕੋ ਦੀ ਅਰਜ਼ੀ 'ਤੇ ਜਵਾਬ ਦੇਣ ਦਾ ਹੁਕਮ ਦਿੱਤਾ ਸੀ। ਨੈਸ਼ਨਲ ਕਾਨਫਰੰਸ ਦੇ 81 ਸਾਲਾ ਨੇਤਾ ਫਾਰੂਕ ਅਬਦੁੱਲਾ ਇਸ ਸਮੇਂ ਜਨਤਕ ਸੁਰੱਖਿਆ ਕਾਨੂੰਨ ਦੇ ਤਹਿਤ ਹਿਰਾਸਤ ਵਿੱਚ ਹਨ।

# ਗੁਜਰਾਤ ਦੇ ਬਨਾਸਕਾਂਠਾ ਵਿੱਚ ਬਸ ਪਲਟਣ ਨਾਲ 21 ਮੌਤਾਂ



ਅਹਿਮਦਾਬਾਦ, 1 ਅਕਤੂਬਰ (ਪੋਸਟ ਬਿਊਰੋ)- ਗੁਜਰਾਤ ਦੇ ਬਨਾਸਕਾਂਠਾ ਵਿੱਚ ਬਸ ਪਲਟਣ ਨਾਲ 21 ਲੋਕਾਂ ਦੀ ਮੌਤ ਹੋ ਗਈ। ਇਹ ਦੁਰਘਟਨਾ ਅੰਬਾਜੀ ਵਿੱਚ ਤ੍ਰਿਸ਼ੂਲੀਆ ਘਾਟ ਦੇ ਨੇੜੇ ਹੋਈ, ਜਿਸ ਵਿੱਚ ਕਰੀਬ 50 ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਮੁੱਖ ਮੰਤਰੀ ਵਿਜੇ ਰੁਪਾਣੀ ਨੇ ਹਾਦਸੇ ਉੱਤੇ ਗਹਿਰਾ ਦੁੱਖ ਜ਼ਾਹਰ ਕਰਦੇ ਹੋਏ ਜ਼ਿਲ੍ਹੇ ਦੇ ਕੁਲੈਕਟਰ ਤੋਂ ਜ਼ਖਮੀਆਂ ਦੇ ਇਲਾਜ ਦੇ ਬਾਰੇ ਵਿੱਚ ਜਾਣਕਾਰੀ ਲਈ।

ਬਨਾਸਕਾਂਠਾ ਜ਼ਿਲ੍ਹੇ ਦੇ ਐੱਸ ਪੀ ਅਜੀਤ ਰਾਇਜਨ ਨੇ ਦੱਸਿਆ ਕਿ ਸ਼ਾਮ ਕਰੀਬ 70 ਯਾਤਰੀਆਂ ਨੂੰ ਲੈ ਕੇ ਜਾਂਦੀ ਪ੍ਰਾਈਵੇਟ ਲਗਜਰੀ ਬਸ ਹਾਦਸੇ ਦਾ ਸ਼ਿਕਾਰ ਹੋ ਗਈ। ਇਥੇ ਭਾਰੀ ਬਾਰਿਸ ਕਾਰਨ ਡਰਾਈਵਰ ਤੋਂ ਬਸ ਬੇਕਾਬੂ ਹੋ ਗਈ ਸੀ। ਤ੍ਰਿਸ਼ੂਲੀਆ ਘਾਟ ਅੰਬਾਜੀ ਕਸਬੇ ਦੇ ਨੇੜੇ ਅੰਬਾਜੀ-ਦਾਂਤਾ ਰੋਡ 'ਤੇ ਪਹਾੜੀ ਇਲਾਕਾ ਹੈ। ਮੋੜ ਲੈਂਦੇ ਸਮੇਂ ਇਹ ਹਾਦਸਾ ਹੋਇਆ, ਜਿਸ ਵਿੱਚ ਕਈ ਲੋਕਾਂ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਘਟਨਾ 'ਤੇ ਦੁੱਖ ਜ਼ਾਹਰ ਕੀਤਾ ਹੈ। ਉਨ੍ਹਾਂ ਨੇ ਟਵੀਟ ਕੀਤਾ, ਬਨਾਸਕਾਂਠਾ ਤੋਂ ਦਿਲ ਕੰਬਾ ਦੇਣ ਵਾਲੀ ਖਬਰ ਆਈ ਹੈ। ਹਾਦਸੇ ਵਿੱਚ ਲੋਕਾਂ ਦੀ ਮੌਤ ਦਾ ਮੈਨੂੰ ਗਹਿਰਾ ਦੁੱਖ ਹੈ। ਦੁੱਖ ਦੀ ਇਸ ਘੜੀ ਵਿੱਚ ਮੇਰੀ ਹਮਦਰਦੀ ਪੀੜਤ ਪਰਵਾਰਾਂ ਦੇ ਨਾਲ ਹੈ।

# ਮਾਰੂਤੀ ਵੱਲੋਂ 'ਐਸ-ਪ੍ਰੈਸੋ' ਕਾਰ ਕੱਢਣ ਦੇ ਨਾਲ ਮੰਦੀ ਟਾਲਣ ਦੀ ਕੋਸ਼ਿਸ਼

ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਆਟੋਮੋਬਾਈਲ ਸੈਕਟਰ ਦੀ ਮੰਦੀ ਨੇ ਦੇਸ਼ ਦੀ ਕਾਰ ਕੰਪਨੀ ਮਾਰੂਤੀ ਸਜ਼ੂਕੀ ਨੇ ਇੱਕ ਵਾਰ ਫਿਰ 'ਮਾਸ ਮਾਰਕੀਟ' ਵੱਲ ਮੁੜ ਮੁੜਨ ਦਾ ਯਤਨ ਸ਼ੁਰੂ ਕੀਤਾ ਹੈ। ਕੰਪਨੀ ਨੇ ਕੱਲ੍ਹ ਐਸ-ਪ੍ਰੈਸ ਨਾਂ ਨਾਲ ਨਵੀਂ ਕਾਰ ਬਾਜ਼ਾਰ ਵਿਚ ਲਿਆਂਦੀ ਹੈ, ਜਿਸ ਨੂੰ ਛੋਟੀ ਕਾਰ ਅਤੇ ਸਸਤੇ ਐਸ ਯੂ ਵੀ ਵਿਚਾਲੇ ਰੱਖਣ ਦੀ ਕੋਸ਼ਿਸ਼ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ। ਇਸ ਨੂੰ ਮਿੰਨੀ ਐਸ ਯੂ ਵੀ ਸੈਗਮੈਂਟ ਵਿੱਚ ਰੱਖਿਆ ਗਿਆ ਹੈ ਤੇ ਵੱਧ ਤੋਂ ਵੱਧ ਕੀਮਤ (ਏ ਐਮ ਟੀ ਵਰਜਨ 'ਚ) 4.91 ਲੱਖ ਰੁਪਏ ਹੈ। ਪਿਛਲੇ ਦੋ ਮਹੀਨਿਆਂ ਵਿੱਚ ਕੰਪਨੀ ਦੀ ਇਹ ਦੂਜੀ ਲਾਂਚਿੰਗ (ਪਹਿਲੀ ਐਕਸ ਐਲ-6) ਹੈ, ਇਸ ਬਦੌਲਤ ਤਿਉਹਾਰ ਸੀਜ਼ਨ ਵਿੱਚ ਵਿਕਰੀ ਵਧਣ ਦੇ ਅਨੁਸਾਰ ਹਨ।

ਐਸ-ਪ੍ਰੈਸੋ ਵਿੱਚ ਮਾਰੂਤੀ ਕੰਪਨੀ ਦੀ ਨਵੀਂ ਇੱਕ ਲੀਟਰ ਸਮਰੱਥਾ ਦਾ ਇੰਜਣ ਹਾਰਟੇਕਟ ਪਲੇਟਫਾਰਮ ਲਾਇਆ ਹੈ ਅਤੇ ਕੰਪਨੀ ਦਾ ਦਾਅਵਾ ਹੈ ਕਿ ਇਸ ਦੀ ਮਾਈਲੇਜ 21.7 ਕਿਲੋਮੀਟਰ ਹੈ। ਇਹ ਪੂਰੀ ਤਰ੍ਹਾਂ ਬੀ ਐਸ-6 ਮਾਡਲ ਹੈ। ਪਿਛਲੇ ਕਈ ਸਾਲਾਂ ਤੋਂ ਇੰਟਰ ਲੇਵਲ ਕਾਰ ਬਾਜ਼ਾਰ ਨੂੰ ਮਾਰੂਤੀ ਸੁਜ਼ੂਕੀ ਖਾਸ ਤਵੱਜੋ ਨਹੀਂ ਦੇ ਰਹੀ ਸੀ। ਇਸ ਦਾ ਕਾਰਨ ਕੰਪਨੀ ਦੇ ਐਮ ਡੀ ਅਤੇ ਸੀ ਈ ਓ ਨੇ ਇਹ ਦੱਸਿਆ ਕਿ 'ਪਿਛਲੇ ਕਈ ਸਾਲਾਂ ਤੋਂ ਇੰਟਰੀ ਲੇਵਲ ਕਾਰ ਬਾਜ਼ਾਰ ਬਾਰੇ ਕੁਝ ਨਹੀਂ ਕੀਤਾ ਗਿਆ। ਸਾਰੇ ਕਾਰ ਬਾਜ਼ਾਰਾਂ ਵਿੱਚ ਬਹੁਤ ਕੁਝ ਨਵਾਂ ਹੋ ਰਿਹਾ ਹੈ ਤਾਂ ਅਜਿਹੇ ਵਿੱਚ ਅਸੀਂ ਐਸ-ਪ੍ਰੈਸੋ ਨੂੰ ਨਵੇਂ ਕੰਸਪਟ ਨਾਲ ਤਿਆਰ ਕੀਤਾ ਹੈ।'

ਅਸਲ ਵਿੱਚ ਮਾਰੂਤੀ ਸੁਜ਼ੂਕੀ ਨੇ ਪਿਛਲੇ ਦਿਨਾਂ ਵਿੱਚ ਪ੍ਰੀਮੀਅਮ ਵਰਗ ਤੇ ਛੋਟੇ ਕਾਰ ਬਾਜ਼ਾਰ 'ਤੇ ਵੱਧ ਧਿਆਨ ਦੇਣਾ ਸ਼ੁਰੂ ਕੀਤਾ ਸੀ। ਦੂਜੇ ਪਾਸੇ ਰੇਨੋ ਵਰਗੀ ਨਵੀਂ ਕੰਪਨੀ ਨੇ ਇੰਟਰੀ ਲੇਵਲ ਬਾਜ਼ਾਰ ਵਿੱਚ ਗਲਬਾ ਬਣਾ ਲਿਆ ਹੈ। ਰੇਨੋ ਨੂੰ ਦੇਖ ਕੇ ਹੁੰਡਈ ਨੇ ਵੀ ਆਪਣੀ ਪੁਰਾਣੀ ਸੈਂਟਰੋ ਨੂੰ ਨਵੇਂ ਰੰਗ ਰੂਪ ਵਿੱਚ ਰੀ-ਲਾਂਚ ਕੀਤਾ। ਦੂਜੇ ਪਾਸੇ ਕੰਪਨੀ ਦੀ ਇੰਟਰੀ ਲੇਵਲ ਮਾਡਲ ਦੇ 10 ਤੇ ਅਲਟੋ ਦੀ ਵਿਕਰੀ ਕੰਪਨੀ ਦੀ ਏਰੇਨਾ ਨਾਂ ਨਾਲ ਬਣੇ ਵਿਕਰੀ ਕੇਂਦਰਾਂ ਰਾਹੀ ਹੋਵੇਗੀ। ਕੰਪਨੀ ਦੇ ਐਮ ਡੀ ਅਤੇ ਸੀ ਈ ਓ ਦਾ ਕਹਿਣਾ ਹੈ ਕਿ ਭਾਰਤੀ ਕਾਰ ਬਾਜ਼ਾਰ ਦੀ ਮੰਦੀ ਬਹੁਤੇ ਦਿਨ ਨਹੀਂ ਰਹੇਗੀ।

## ਜਦ ਗਾਂਧੀ ਨੂੰ ਵਲੈਤ ਜਾਣ ਕਾਰਨ ਮੰਦਰ ਵਿੱਚ ਦਾਖਲੇ ਤੋਂ ਰੋਕਿਆ ਗਿਆ

ਤਿਰੂਵਨੰਤਪੁਰਮ, 1 ਅਕਤੂਬਰ (ਪੋਸਟ ਬਿਊਰੋ)- ਹਿੰਦੂ ਮੰਦਰਾਂ ਵਿੱਚ ਸਮਾਨਤਾ ਅਤੇ ਹੇਠਲੀਆਂ ਜਾਤਾਂ ਨੂੰ ਮੰਦਰ ਵਿੱਚ ਦਾਖਲਾ ਦਿਵਾਉਣ ਲਈ ਅੰਦੋਲਨ ਕਰ ਚੁੱਕੇ ਮਹਾਤਮਾ ਗਾਂਧੀ ਨੂੰ ਖੁਦ ਕੰਨਿਆ ਕੁਮਾਰੀ ਦੇ ਇਕ ਮੰਦਰ ਵਿੱਚ ਦਾਖਲ ਹੋਣ ਤੋਂ ਮਨ੍ਹਾ ਕਰ ਦਿੱਤਾ ਗਿਆ ਸੀ। ਇਸ ਦੇ ਪਿੱਛੇ ਕਾਰਨ ਉਨ੍ਹਾਂ ਦਾ ਧਰਮ ਜਾਂ ਜਾਤੀ ਨਹੀਂ, ਬਲਕਿ ਉਨ੍ਹਾਂ ਦਾ ਸੱਤ ਸਮੁੰਦਰ ਪਾਰ ਵਲੈਤ (ਇੰਗਲੈਂਡ) ਯਾਤਰਾ ਉੱਤੇ ਜਾਣਾ ਸੀ। ਮਹਾਤਮਾ ਗਾਂਧੀ ਨੂੰ 1925 ਵਿੱਚ ਕੰਨਿਆ ਕੁਮਾਰੀ ਭਗਵਤੀ ਅੰਮਾਨ ਮੰਦਰ ਵਿੱਚ ਦਾਖਲੇ ਦੀ ਆਗਿਆ ਦੇਣ ਤੋਂ ਮਨ੍ਹਾ ਕਰ ਦਿੱਤਾ ਗਿਆ ਸੀ। ਮੰਦਰ ਦੇ ਰਿਕਾਰਡ ਤੋਂ ਇਹ ਗੱਲ ਪਤਾ ਲੱਗੀ ਹੈ ਕਿ ਗਾਂਧੀ ਨੇ ਮੰਦਰ ਦੇ ਬਾਹਰ ਹੀ ਖੜ੍ਹੇ ਹੋ ਕੇ ਪੂਜਾ ਅਰਚਨਾ ਕੀਤੀ ਸੀ। ਓਦੋਂ ਗਾਂਧੀ ਤ੍ਰਿਵਣਾਕੋਰ ਰਿਆਸਤ ਗਏ ਹੋਏ ਸਨ। ਗਾਂਧੀ ਨੇ ਕਿਹਾ ਕਿ ਉਨ੍ਹਾਂ ਨੂੰ ਮੰਦਰ ਦੀ ਪਰਿਕ੍ਰਮਾ ਕਰਨ ਦੀ ਆਗਿਆ ਤਾਂ ਦਿੱਤੀ ਗਈ, ਪਰ ਉਸ ਦੇ ਅੱਗੇ ਵਧਣ ਤੋਂ ਮੰਦਰ ਦੇ ਇੰਚਾਰਜ ਨੇ ਮਨ੍ਹਾ ਕਰ ਦਿੱਤਾ। 'ਕੰਨਿਆ ਕੁਮਾਰੀ ਦੇ ਦਰਸ਼ਨ' ਸਿਰਲੇਖ ਵਾਲੇ ਲੇਖ ਵਿੱਚ ਉਨ੍ਹਾਂ ਨੇ ਕਿਹਾ ਕਿ ਉਥੇ ਵੀ ਮੇਰੇ ਦੁੱਖ ਦਾ ਕੋਈ ਪ੍ਰਭਾਵ ਨਹੀਂ ਪਿਆ। ਗਾਂਧੀ ਦਾ ਇਹ ਲੇਖ 29 ਮਾਰਚ 1929 ਨੂੰ ਛਪਿਆ ਸੀ। ਓਦੋਂ ਭਾਰਤੀ ਹਿੰਦੂ ਸਮਾਜ ਵਿੱਚ ਸਮੁੰਦਰ ਪਾਰ ਕਰਨਾ ਤੇ ਵਿਦੇਸ਼ ਜਾਣਾ ਗਲਤ ਮੰਨਿਆ ਜਾਂਦਾ ਸੀ।

# ਹਰੀਸ਼ ਰਾਵਤ ਦੇ ਸਟਿੰਗ ਬਾਰੇ ਸੀ ਬੀ ਆਈ ਨੂੰ ਕੇਸ ਦਰਜ ਕਰਨ ਦੀ ਛੋਟ




ਨੈਨੀਤਾਲ, 1 ਅਕਤੂਬਰ (ਪੋਸਟ ਬਿਊਰੋ)- ਉਤਰਾਖੰਡ ਦੀ ਨੈਨੀਤਾਲ ਹਾਈ ਕੋਰਟ ਨੇ ਏਥੋਂ ਦੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਦੇ ਵਿਧਾਇਕਾਂ ਦੀ ਖਰੀਦ-ਫਰੋਖਤ ਨਾਲ ਸੰਬੰਧਤ ਸਟਿੰਗ ਬਾਰੇ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੂੰ ਜਾਂਚ ਜਾਰੀ ਰੱਖਣ ਜਾਂ ਕੇਸ ਦਰਜ ਕਰਨ ਦੀ ਛੋਟ ਦੇ ਦਿੱਤੀ ਹੈ। ਕੋਰਟ ਨੇ ਕਿਹਾ ਕਿ ਜਾਂਚ ਏਜੰਸੀ ਨੂੰ ਸਾਬਕਾ ਮੁੱਖ ਮੰਤਰੀ ਦੇ ਖਿਲਾਫ ਅਗਲੇਰੀ ਕਾਰਵਾਈ ਲਈ ਕੋਰਟ ਤੋਂ ਮਨਜ਼ੂਰੀ ਲੈਣੀ ਪਵੇਗੀ।

ਸੀ ਬੀ ਆਈ ਦੇ ਲਈ ਸਭ ਤੋਂ ਵੱਡੀ ਰਾਹਤ ਇਹ ਹੈ ਕਿ ਉਸ ਵੱਲੋਂ ਇਸ ਕੇਸ ਦੀ ਕੀਤੀ ਗਈ ਸ਼ੁਰੂਆਤੀ ਜਾਂਚ ਰਿਪੋਰਟ ਦਾ ਕੋਰਟ ਨੋਟਿਸ ਲੈ ਚੁੱਕੀ ਹੈ। 16 ਮਾਰਚ 2016 ਨੂੰ ਕਾਂਗਰਸ ਦੇ ਵਿਧਾਇਕਾਂ ਨੇ ਵਿਧਾਨ ਸਭਾ ਸੈਸ਼ਨ ਦੌਰਾਨ ਵਿੱਤ ਬਿੱਲ 'ਤੇ ਚਰਚਾ ਦੇ ਬਾਅਦ ਬਗਾਵਤ ਕਰ ਦਿੱਤੀ ਤਾਂ ਸਰਕਾਰ ਘੱਟ ਗਿਣਤੀ ਵਿੱਚ ਆ ਗਈ ਸੀ। ਸਿਆਸਤ ਅੱਗੇ ਵਧੀ ਤਾਂ ਗਵਰਨਰ ਨੇ ਸਰਕਾਰ ਨੂੰ ਬਹੁਮਤ ਸਾਬਤ ਕਰਨ ਨੂੰ ਕਿਹਾ। ਇਸੇ ਦੌਰਾਨ 26 ਮਾਰਚ ਨੂੰ ਇੱਕ ਨਿਊਜ਼ ਚੈਨਲ ਨੇ ਸਟਿੰਗ ਜਾਰੀ ਕੀਤਾ। ਇਸ ਵਿੱਚ ਤਤਕਾਲੀ ਮੁੱਖ ਮੰਤਰੀ ਹਰੀਸ਼ ਰਾਵਤ ਨੂੰ ਸਰਕਾਰ ਬਚਾਉਣ ਲਈ ਵਿਧਾਇਕਾਂ ਦੀ ਖਰੀਦ-ਫਰੋਖਤ ਕਰਦੇ ਸੁਣਨ ਦੀ ਗੱਲ ਸਾਹਮਣੇ ਆਈ। ਓਧਰ 31 ਮਾਰਚ 2016 ਨੂੰ ਰਾਜਪਾਲ ਨੇ ਸਟਿੰਗ ਕੇਸ ਦੀ ਸੀ ਬੀ ਆਈ ਜਾਂਚ ਦੀ ਪੁਸ਼ਟੀ ਕੇਂਦਰ ਸਰਕਾਰ ਨੂੰ ਕਰ ਦਿੱਤੀ ਤਾਂ ਦੋ ਅਪ੍ਰੈਲ ਨੂੰ ਕੇਂਦਰ ਨੇ ਇਸ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ। ਇਸ ਦੌਰਾਨ ਸੁਪਰੀਮ ਕੋਰਟ ਤੋਂ ਰਾਹਤ ਨਾਲ ਸਰਕਾਰ ਬਹਾਲ ਹੋ ਗਈ ਤਾਂ 15 ਮਈ ਨੂੰ ਮੁੱਖ ਮੰਤਰੀ ਦੀ ਗੈਰ ਮੌਜੂਦਗੀ ਵਿੱਚ ਸੀਨੀਅਰ ਮੰਤਰੀ ਡਾਕਟਰ ਇੰਦਰਾ ਹਿਰਦੇਸ਼ ਦੀ ਅਗਵਾਈ ਵਿੱਚ ਕੈਬਨਿਟ ਬੈਠਕ ਹੋਈ। ਇਸ ਵਿੱਚ ਸਟਿੰਗ ਮਾਮਲੇ ਦੀ ਸੀ ਬੀ ਆਈ ਜਾਂਚ ਦਾ ਫੈਸਲਾ ਵਾਪਸ ਲੈ ਕੇ ਐਸ ਆਈ ਟੀ ਜਾਂਚ ਦਾ ਫੈਸਲਾ ਲਿਆ ਗਿਆ।

### ਗਡਕਰੀ ਦਾ ਦਾਅਵਾ

# ਦਿੱਲੀ ਤੋਂ ਮੁੰਬਈ ਦਾ ਸਫਰ 4 ਘੰਟੇ ਵਿੱਚ ਪੂਰਾ ਹੋਵੇਗਾ



ਹਾਪੁੜ, 1 ਅਕਤੂਬਰ (ਪੋਸਟ ਬਿਊਰੋ)- ਭਾਰਤ ਮਾਲਾ ਯੋਜਨਾ ਹੇਠ ਕੌਮੀ ਰਾਜਦਾਨੀ ਦਿੱਲੀ ਤੋਂ ਮੁੰਬਈ ਤੱਕ ਦੀ ਯਾਤਰਾ ਸੜਕ ਮਾਰਗ ਤੋਂ ਕੇਵਲ 14 ਘੰਟੇ ਵਿੱਚ ਤੈਅ ਹੋ ਸਕੇਗੀ। ਗੁਰੂਗਰਾਮ ਤੋਂ ਮੁੰਬਈ ਤੱਕ ਵੱਖ-ਵੱਖ ਰਾਜਾਂ ਨੂੰ ਜੋੜਦੇ ਹੋਏ ਭਾਰਤ ਸਰਕਾਰ ਅੱਠ ਲੇਨ ਦਿੱਲੀ-ਮੁੰਬਈ ਗ੍ਰੀਨ ਐਕਸਪ੍ਰੈਸ ਵੇਅ ਬਣਾ ਰਹੀ ਹੈ। 2022 ਵਿੱਚ ਇਹ ਐਕਸਪ੍ਰੈਸ ਵੇਅ ਰਾਸ਼ਟਰ ਨੂੰ ਸਮਰਪਿਤ ਕੀਤਾ ਜਾਏਗਾ ਅਤੇ ਇਹ ਹਰਿਆਲੀ ਦੇ ਨਾਲ ਆਧੁਨਿਕ ਸਹੂਲਤਾਂ ਨਾਲ ਲੈਸ ਹੋਵੇਗਾ। ਹਾਪੁੜ ਤੋਂ ਕਾਨਪੁਰ ਤੱਕ ਦੇ ਨੈਸ਼ਨਲ ਹਾਈਵੇ ਦਾ ਕੰਮ ਸ਼ੁਰੂ ਕਰਾਇਆ ਜਾਏਗਾ। ਇਸ ਯੋਜਨਾ ਦਾ ਡੀ ਪੀ ਆਰ ਤਿਆਰ ਹੋ ਚੁੱਕਾ ਹੈ। ਦਿੱਲੀ-ਮੇਰਠ ਐਕਸਪ੍ਰੈਸ ਵੇ ਦਾ ਨਿਰਮਾਣ ਵੀ ਜਨਵਰੀ ਤੱਕ ਪੂਰਾ ਕਰ ਦਿੱਤਾ ਜਾਏਗਾ।

ਕੱਲ੍ਹ ਕੇਂਦਰੀ ਸੜਕ ਟਰਾਂਸਪੋਰਟ ਅਤੇ ਹਾਈਵੇਜ਼ ਮੰਤਰੀ ਨਿਤਿਨ ਗਡਕਰੀ, ਕੇਂਦਰੀ ਰਾਜ ਮੰਤਰੀ ਜਨਰਲ ਵੀ ਕੇ ਸਿੰਘ, ਉੱਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਨੇ ਰਾਜਪੂਤਾਨਾ ਰੈਜੀਮੈਂਟ ਇੰਟਰ ਕਾਲਜ ਵਿੱਚ ਬਟਨ ਦੱਬ ਕੇ ਗਾਜੀਆਬਾਦ ਦੇ ਡਾਸਨਾ ਤੋਂ ਹਾਪੁੜ ਤੱਕ ਦਿੱਲੀ- ਮੇਰਠ ਐਕਸਪ੍ਰੈਸ ਵੇਅ ਦੇ ਇਸ ਤੀਸਰੇ ਪੜਾਅ ਦਾ ਉਦਘਾਟਨ ਕੀਤਾ। ਇਸ ਮੌਕੇ ਸਭਾ ਨੂੰ ਸੰਬੋਧਨ ਕਰਦੇ ਹੋਏ ਗਡਕਰੀ ਨੇ ਕਿਹਾ ਕਿ ਇਹ ਐਕਸਪ੍ਰੈਸ ਵੇਅ ਵੈਸਟਰਨ ਡੈਡੀਕੇਟਿਡ ਫ੍ਰੇਟ ਕਾਰੀਡੋਰ ਦੇ ਨਾਲ ਦਿੱਲੀ-ਮੁੰਏਬੀ ਇੰਡਸਟਰੀਅਲ ਕਾਰੀਡੋਰ ਦਾ ਮਹੱਤਵ ਪੂਰਨ ਕੇਂਦਰ ਹੋਵੇਗਾ। ਗੁਰੂਗਰਾਮ ਤੋਂ ਮੁੰਬਈ ਤੱਕ 1250 ਕਿਲੋਮੀਟਰ ਐਕਸਪ੍ਰੈਸ ਵੇਅ ਦਿੱਲੀ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਗੁਜਰਾਤ ਹੁੰਦੇ ਹੋਏ ਮੁੰਬਈ ਪਹੁੰਚੇਗਾ। ਇਸ ਐਕਸਪ੍ਰੈਸ ਵੇਅ ਵਿੱਚ ਕੁਝ ਹਿੱਸਾ ਉੱਤਰ ਪ੍ਰਦੇਸ਼ ਦਾ ਵੀ ਸ਼ਾਮਲ ਹੋਵੇਗਾ। ਇਸ ਮਾਰਗ ਤੋਂ ਦਿੱਲੀ ਤੋਂ ਮੁੰਬਈ ਦੀ ਯਾਤਰਾ ਕਰੀਬ 240 ਕਿਲੋਮਟੀਰ ਘੱਟ ਹੋ ਜਾਏਗੀ।

# ਕੁੱਤੇ ਦੇ ਏ ਸੀ ਵਾਸਤੇ ਬਿਜਲੀ ਚੋਰੀ ਦੇ ਦੋਸ਼ ਹੇਠ ਤ੍ਰਿਣਮੂਲ ਨੇਤਾ ਬੀਬੀ ਨੂੰ ਅੱਠ ਲੱਖ ਜੁਰਮਾਨਾ




ਕੋਲਕਾਤਾ, 1 ਅਕਤੂਬਰ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਬਿਜਲੀ ਚੋਰੀ ਦਾ ਅਨੋਖਾ ਕੇਸ ਪਤਾ ਲੱਗਾ ਹੈ। ਇਥੇ ਬਿਜਲੀ ਦੀ ਚੋਰੀ ਕਰ ਕੇ ਪਾਲਤੂ ਕੁੱਤੇ ਦੇ ਲਈ ਏ ਸੀ ਚਲਾਉਣ ਵਾਲੀ ਇੱਕ ਤ੍ਰਿਣਮੂਲ ਨੇਤਰੀ 'ਤੇ ਅੱਠ ਲੱਖ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਹੈ ਅਤੇ ਇਸ ਦੀ ਹਰ ਪਾਸੇ ਚਰਚਾ ਹੈ। ਤ੍ਰਿਣਮੂਲ ਕਾਂਗਰਸ ਪਾਰਟੀ ਦੀ ਨੇਤਰੀ ਇਲਾ ਬਾਗਚੀ ਦੇ ਘਰ ਸਾਲਾਂ ਤੋਂ ਬੇਹੱਦ ਘੱਟ ਆ ਰਹੇ ਬਿਜਲੀ ਬਿੱਲ ਦੇਖ ਕੇ ਬਿਜਲੀ ਮੁਲਾਜ਼ਮਾਂ ਨੂੰ ਸ਼ੱਕ ਹੋਇਆ ਸੀ। ਉਨ੍ਹਾਂ ਨੇ ਠਾਕੁਰ ਨਗਰ ਦੇ ਬਿਜਲੀ ਦਫਤਰ ਨੂੰ ਇਸ ਦੀ ਜਾਣਕਾਰੀ ਦਿੱਤੀ। ਉਥੋਂ ਅਧਿਕਾਰੀ ਜਦ ਇਲਾ ਦੇ ਘਰ ਗਏ ਤਾਂ ਹੈਰਾਨ ਰਹਿ ਗਏ। ਉਨ੍ਹਾਂ ਨੇ ਦੇਖਿਆ ਕਿ ਘਰ ਵਿੱਚ ਟੀ ਵੀ, ਪੱਖੇ, ਟਿਊਬ ਲਾਈਟ, ਬਲਬ, ਵਾਸ਼ਿੰਗ ਮਸ਼ੀਨ, ਏ ਸੀ ਤੋਂ ਲੈ ਕੇ ਬਿਜਲੀ ਨਾਲ ਚੱਲਣ ਵਾਲਾ ਸਾਰਾ ਕੁਝ ਚੋਰੀ ਦੀ ਬਿਜਲੀ ਨਾਲ ਚੱਲ ਰਿਹਾ ਸੀ। ਏਥੋਂ ਤੱਕ ਕਿ ਪਾਲਤੂ ਕੁੱਤੇ ਦੇ ਲਈ ਵੱਖਰਾ ਲਾਇਆ ਗਿਆ ਇੱਕ ਏ ਸੀ ਚੋਰੀ ਦੀ ਬਿਜਲੀ ਨਾਲ ਚੱਲ ਰਿਹਾ ਸੀ। ਸਥਾਨਕ ਲੋਕਾਂ ਨੂੰ ਇਸ ਦਾ ਪਤਾ ਸੀ, ਪਰ ਇਲਾ ਦੇ ਸੱਤਾਧਾਰੀ ਦਲ ਦੀ ਪ੍ਰਭਾਵਸ਼ਾਲੀ ਨੇਤਾ ਹੋਣ ਕਾਰਨ ਕਿਸੇ ਨੇ ਇਸ ਖਿਲਾਫ ਸ਼ਿਕਾਇਤ ਕਰਨ ਦੀ ਹਿੰਮਤ ਨਹੀਂ ਦਿਖਾਈ। ਇਲਾ ਦੇ ਪਤੀ ਨੇ ਜੁਰਮਾਨੇ ਦੀ ਰਾਸ਼ੀ ਭਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਇਲਾ ਦੇ ਘਰ ਵਿੱਚ ਪਿਛਲੇ ਅੱਠ-ਨੌਂ ਸਾਲਾਂ ਤੋਂ ਬਿਜਲੀ ਚੋਰੀ ਚੱਲ ਰਹੀ ਸੀ। ਘਰ ਵਿੱਚ ਬਿਜਲੀ ਦਾ ਮੀਟਰ ਬਸ ਦਿਖਾਉਣ ਲਈ ਲੱਗਾ ਸੀ। ਬਿਜਲੀ ਦਾ ਬਿੱਲ ਬਹੁਤ ਘੱਟ ਹੁੰਦਾ ਸੀ। ਠਾਕਰ ਨਗਰ ਦੇ ਬਿਜਲੀ ਕੇਂਦਰ ਦੇ ਸਟੇਸ਼ਨ ਮੈਨੇਜਰ ਨੇ ਇਸ ਦਾ ਪਤਾ ਲੱਗਣ ਪਿੱਛੋਂ ਸਥਾਨਕ ਥਾਣੇ ਵਿੱਚ ਮਾਮਲਾ ਦਰਜ ਕਰਾਇਆ, ਜਿਸ ਦੇ ਬਾਅਦ ਇਲਾ ਦੇ ਪਤੀ ਨੇ ਜੁਰਮਾਨੇ ਦੇ ਤੌਰ 'ਤੇ 8,13,831 ਰੁਪਏ ਜਮ੍ਹਾ ਕਰਾਏ।

# ਚਿਨਮਇਆਨੰਦ ਤੇ ਵਿਦਿਆਰਥਣ ਦੋਵਾਂ ਦੀ ਜ਼ਮਾਨਤ ਅਰਜ਼ੀ ਰੱਦ



ਸ਼ਾਹਜਹਾਂਪੁਰ, 1 ਅਕਤੂਬਰ (ਪੋਸਟ ਬਿਊਰੋ)- ਬਲਾਤਕਾਰ ਦੇ ਦੋਸ਼ ਵਿੱਚ ਫਸੇ ਸਾਬਕਾ ਕੇਂਦਰੀ ਮੰਤਰੀ ਅਤੇ ਭਾਜਪਾ ਆਗੂ ਚਿਨਮਇਆਨੰਦ ਤੇ ਉਸ ਤੋਂ ਰੰਗਦਾਰੀ ਮੰਗਣ ਦੀ ਦੋਸ਼ੀ ਵਿਦਿਆਰਥਣ ਦੀ ਜ਼ਮਾਨਤ ਅਰਜ਼ੀ ਕੱਲ੍ਹ ਰੱਦ ਹੋ ਗਈ। ਦੋਵਾਂ ਧਿਰਾਂ ਦੇ ਵਕੀਲਾਂ ਦੀ ਬਹਿਸ ਸੁਣਨ ਪਿੱਛੋਂ ਦੇਰ ਸ਼ਾਮ ਜ਼ਿਲ੍ਹਾ ਜੱਜ ਰਾਮਬਾਬੂ ਸ਼ਰਮਾ ਨੇ ਫੈਸਲਾ ਦਿੱਤਾ। ਦੋਵੇਂ ਧਿਰਾਂ ਇਸ ਤੋਂ ਅੱਗੋਂ ਹਾਈ ਕੋਰਟ ਨੂੰ ਅਪੀਲ ਕਰ ਸਕਦੀਆਂ ਹਨ।

ਕੱਲ੍ਹ ਦੁਪਹਿਰ ਇਸ ਕੇਸ ਵਿੱਚ ਵਿਦਿਆਰਥਣ ਦੀ ਜ਼ਮਾਨਤ ਅਰਜ਼ੀ ਉੱਤੇ ਸੁਣਵਾਈ ਸ਼ੁਰੂ ਹੋਈ। ਉਸ ਦੇ ਵਕੀਲ ਅਨੂਪ ਤ੍ਰਿਵੇਦੀ ਨੇ ਕਿਹਾ ਕਿ ਚਿਨਮਇਆਨੰਦ ਵੱਲੋਂ ਦਬਾਅ ਬਣਾਉਣ ਲਈ ਰੰਗਦਾਰੀ ਦਾ ਮੁਕੱਦਮਾ ਵਿਦਿਆਰਥਣ 'ਤੇ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ 26 ਸਤੰਬਰ ਨੂੰ ਵਾਇਰਲ ਹੋਇਆ ਇੱਕ ਵੀਡੀਓ ਰੰਗਦਾਰੀ ਮਾਮਲੇ ਨਾਲ ਜੁੜਿਆ ਦੱਸਿਆ ਜਾ ਰਿਹਾ ਸੀ, ਇਸ ਤੋਂ ਪਹਿਲਾਂ 10 ਦਸੰਬਰ ਨੂੰ ਵੀ ਇੱਕ ਵੀਡੀਓ ਵਾਇਰਲ ਹੋਇਆ ਸੀ। ਦੋਵੇਂ ਵਾਇਰਲ ਵੀਡੀਓ ਇੱਕੋ ਵੀਡੀਓ ਦਾ ਹਿੱਸਾ ਹਨ। ਜਦ ਰੰਗਦਾਰੀ ਦੇ ਸਾਰੇ ਦੋਸ਼ੀ ਜੇਲ੍ਹ ਵਿੱਚ ਹਨ ਤਾਂ ਵੀਡੀਓ ਕੌਣ ਵਾਇਰਲ ਕਰ ਰਿਹਾ ਹੈ। ਇਹ ਵਿਦਿਆਰਥਣ ਦੇ ਖਿਲਾਫ ਸਾਜ਼ਿਸ ਹੋ ਰਹੀ ਹੈ। ਇਸ ਉਤੇ ਐੱਸ ਆਈ ਟੀ ਵੱਲੋਂ ਜ਼ਿਲ੍ਹਾ ਵਕੀਲ ਅਨੁਜ ਸਿੰਘ ਨੇ ਵਿਦਿਆਰਥਣ ਦੀ ਚਿਨਮਇਆਨੰਦ ਅਤੇ ਸੰਜੇ ਸਿੰਘ ਨਾਲ ਗੱਲਬਾਤ ਦਾ ਹਵਾਲਾ ਦਿੱਤਾ ਤੇ ਕਿਹਾ ਕਿ ਰੰਗਦਾਰੀ ਦੇ ਇੱਕ ਹੋਰ ਦੋਸ਼ੀ ਸੰਜੇ ਨੂੰ ਕੀਤੀਈਆਂ 4200 ਕਾਲ ਤੋਂ ਲੱਗਦਾ ਹੈ ਕਿ ਰੰਗਦਾਰੀ ਯੋਜਨਾ ਬਣਾ ਕੇ ਮੰਗੀ ਗਈ।

## 8 ਸਾਲ ਦੇ ਬੱਚੇ ਨੇ ਮੋਟਰ ਸਾਈਕਲ ਚਲਾਇਆ ਤਾਂ ਪਿਤਾ ਨੂੰ 30 ਹਜ਼ਾਰ ਰੁਪਏ ਜੁਰਮਾਨਾ ਲੱਗਾ

ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਮਿਥੀ ਗਈ ਉਮਰ ਤੋਂ ਘੱਟ ਉਮਰ ਵਿੱਚ ਡਰਾਈਵਿੰਗ ਕਰਨਾ ਭਾਰਤ ਵਿੱਚ ਜਨਤਕ ਸੜਕਾਂ ਉੱਤੇ ਵੱਡੇ ਖ਼ਤਰਿਆਂ ਵਿੱਚੋਂ ਇਕ ਹੈ। ਕਈ ਵਾਰ ਖ਼ਬਰਾਂ ਆਈਆਂ ਹਨ, ਜਿਨ੍ਹਾਂ ਵਿੱਚ ਘੱਟ ਉਮਰ ਦੇ ਡਰਾਈਵਰ ਹਾਦਸੇ ਵਿੱਚ ਸ਼ਾਮਲ ਰਹੇ ਹਨ। ਨਵੇਂ ਮੋਟਰ ਵਹੀਕਲ ਦੇ ਨਾਲ ਇਹ ਘਟਨਾਵਾਂ ਨਹੀਂ ਰੁਕੀਆਂ। ਤਾਜ਼ਾ ਘਟਨਾ ਲਖਨਊ ਦੇ ਕਾਕੋਰੀ ਪੁਲਿਸ ਸਟੇਸ਼ਨ ਹੇਠ ਹੋਈ ਹੈ, ਜਿੱਥੇ ਬੱਚੇ ਦੀ ਪਛਾਣ 8 ਸਾਲ ਦੇ ਸ਼ਾਨੂ ਵਜੋਂ ਕੀਤੀ ਗਈ ਹੈ। ਬੱਚੇ ਦਾ ਕੱਦ ਇੰਨਾ ਛੋਟਾ ਹੈ ਕਿ ਮੋਟਰਸਾਈਕਲ ਉੱਤੇ ਬੈਠ ਕੇ ਉਸ ਦੇ ਪੈਰ ਜ਼ਮੀਨ ਉੱਤੇ ਨਹੀਂ ਸਨ ਲਗਦੇ। ਡਰਾਈਵਿੰਗ ਕਰਦੇ ਸਮੇਂ ਸ਼ਾਨੂ ਨਾਲ ਕੋਈ ਹਾਦਸਾ ਹੋ ਸਕਦਾ ਸੀ। ਉਸ ਦਾ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉੱਤੇ ਵਾਇਰਲ ਕੀਤਾ ਗਿਆ ਤਾਂ ਪੁਲਿਸ ਨੇ ਮੋਟਰਸਾਈਕਲ ਦਾ ਨੰਬਰ ਪਤਾ ਲਾਉਣ ਤੋਂ ਬਾਅਦ ਇਸ ਵਾਹਨ ਦੇ ਮਾਲਕ ਨੂੰ ਫੜ ਲਿਆ। ਪੁਲਿਸ ਦੇ ਇਕ ਅਧਿਕਾਰੀ ਨੇ ਇਸ ਬਾਰੇ ਦੱਸਿਆ ਕਿ ਬਾਈਕ ਮਾਲਕ ਉੱਤੇ ਪਹਿਲਾਂ ਨਵੇਂ ਐਕਟ ਹੇਠ ਕੇਸ ਦਰਜ ਕਰ ਲਿਆ ਹੈ। ਨਵਾਂ ਮੋਟਰ ਵਹੀਕਲ ਐਕਟ ਲਾਗੂ ਹੋਣ ਨਾਲ ਘੱਟ ਉਮਰ ਵਿੱਚ ਡਰਾਈਵਿੰਗ ਲਈ ਜੁਰਮਾਨਾ 500 ਰੁਪਏ ਤੋਂ 25,000 ਰੁਪਏ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਮਾਂ-ਬਾਪ ਨੂੰ ਆਪਣੇ ਬੱਚੇ ਨੂੰ ਵਾਹਨ ਚਲਾਉਣ ਦੇਣ ਲਈ ਵਾਧੂ 5,000 ਰੁਪਏ ਦਾ ਜੁਰਮਾਨਾ ਲਾਇਆ ਗਿਆ ਹੈ।

### ਨਵਾਂ ਨੁਕਤਾ ਪੇਸ਼:

# ਬਾਬਰ ਦੇ ਕੀਤੇ ਦੀ ਜਾਂਚ ਅੱਜ ਦੀ ਅਦਾਲਤ ਨਹੀਂ ਕਰ ਸਕਦੀ

ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਅਯੁੱਧਿਆ ਵਿੱਚਰਾਮ ਜਨਮ ਭੂਮੀ ਵਾਲੇ ਥਾਂ ਮਸਜਿਦ ਹੋਣ ਦਾ ਦਾਅਵਾ ਕਰਨ ਅਤੇ ਮਾਲਕਾਨਾ ਹੱਕ ਮੰਗ ਰਹੀ ਮੁਸਲਿਮ ਧਿਰ ਨੇ ਕੱਲ੍ਹ ਕਿਹਾ ਕਿ 500 ਸਾਲ ਪਹਿਲਾਂ ਬਾਦਸ਼ਾਹ ਬਾਬਰ ਨੇ ਜੋ ਕੀਤਾ, ਉਸ ਨੂੰ ਅੱਜ ਅਦਾਲਤ ਨਹੀਂ ਜਾਂਚ ਪਰਖ ਸਕਦੀ। ਬਾਬਰ ਪ੍ਰਭੂਸੱਤਾ ਵਾਲਾ ਸ਼ਾਸਕ ਸੀ ਤੇ ਪ੍ਰਭੂਸੱਤਾ ਵਾਲਾ ਸ਼ਾਸਕ ਜ਼ਮੀਨ ਦਾ ਮਾਲਕ ਹੁੰਦਾ ਹੈ। ਇਸ ਲਈ ਉਸ ਦੇ ਕਿਸੇ ਕੰਮ ਨੂੰ ਗੈਰਕਾਨੂੰਨੀ ਨਹੀਂ ਕਿਹਾ ਜਾ ਸਕਦਾ। ਉਸ ਕੰਮ ਨੂੰ ਉਸ ਸਮੇਂ ਲਾਗੂ ਕਾਨੂੰਨ ਦੀ ਨਜ਼ਰ ਨਾਲ ਦੇਖਿਆ ਜਾਵੇਗਾ। ਭਾਵੇਂ ਉਸ ਨੇ ਜ਼ਬਰਦਸਤੀ ਜ਼ਮੀਨ 'ਤੇ ਕਬਜ਼ਾ ਕਰਕੇ ਪਾਪ ਕੀਤਾ ਹੋਵੇ, ਪਰ ਉਹ ਮਾਮਲਾ ਕੋਰਟ ਦੇ ਤੈਅ ਕਰਨ ਦੇ ਅਧਿਕਾਰ ਖੇਤਰ 'ਚ ਨਹੀਂ ਆਉਂਦਾ।

ਮੁਸਲਿਮ ਧਿਰ ਮਿਬਾਹੁਦੀਨ ਅਤੇ ਹਾਜ਼ੀ ਮਹਿਮੂਦ ਵੱਲੋਂ ਇਹ ਦਲੀਲਾਂ ਹਿੰਦੂ ਧਿਰ ਦੇ ਉਸ ਦਾਅਵੇ ਦਾ ਵਿਰੋਧ ਕਰਦੇ ਹੋਏ ਦਿੱਤੀਆਂ ਗਈਆਂ, ਜਿਸ ਵਿੱਚ ਹਿੰਦੂ ਧਿਰ ਨੇ ਕਿਹਾ ਸੀ ਕਿ ਬਾਬਰ ਨੇ ਅਯੁੱਧਿਆਂ ਵਿੱਚ ਰਾਮ ਜਨਮ ਸਥਾਨ ਉੱਤੇ ਮੰਦਰ ਤੋੜ ਕੇ ਮਸਜਿਦ ਬਣਾਈ ਸੀ। ਉਹ ਮਸਜਿਦ ਇਸਲਾਮੀ ਨਿਯਮਾਂ ਮੁਤਾਬਕ ਨਹੀਂ ਸੀ, ਕਿਉਂਕਿ ਇਸਲਾਮ ਦੀ ਨਜ਼ਰ 'ਚ ਉਸ ਨੂੰ ਜਾਇਜ਼ ਵਕਫ ਅਤੇ ਮਸਜਿਦ ਨਹੀਂ ਕਿਹਾ ਜਾ ਸਕਦਾ। ਇਸਲਾਮਿਕ ਕਾਨੂੰਨ ਅਤੇ ਮਾਨਤਾਵਾਂ ਦੇ ਮੁੱਦੇ 'ਤੇ ਮੁਸਲਿਮ ਧਿਰ ਦੇ ਵਕੀਲ ਨਿਜ਼ਾਮੁਦੀਨ ਪਾਸ਼ਾ ਨੇ ਕਿਹਾ ਕਿ ਕੋਰਟ ਨੂੰ ਇਸ ਮਾਮਲੇ 'ਚ ਇਤਿਹਾਸਕ ਘਟਨਾ ਨੂੰ ਅਧਿਆਤਮਕ ਆਧਾਰ 'ਤੇ ਨਹੀਂ ਪਰਖਣਾ ਚਾਹੀਦਾ, ਨਹੀਂ ਤਾਂ ਨਤੀਜੇ ਬੜੇ ਬੇਤੁਕੇ ਨਿਕਲਣਦਗੇ। ਮੁਗਲ ਕਾਲ 'ਚ ਸਾਰੀ ਜ਼ਮੀਨ ਪ੍ਰਭੂਸੱਤਾ ਸੰਪੰਨ ਸ਼ਾਸਕ ਕੋਲ ਸੀ।

# ਪੱਥਰਬਾਜ਼ੀ ਮਾਮਲੇ ਵਿਚ ਕਸ਼ਮੀਰੀ ਆਗੂਆਂ ਮਲਿਕ, ਆਲਮ ਤੇ ਅੰਦਰਾਬੀ 'ਤੇ ਕੇਸ ਚੱਲੇਗਾ



ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਤੋਂ ਪੈਸੇ ਲੈ ਕੇ ਜੰਮੂ-ਕਸ਼ਮੀਰ 'ਚ ਅੱਤਵਾਦੀ ਤੇ ਪੱਥਰਬਾਜ਼ੀ ਦੀਆਂ ਘਟਨਾਵਾਂ ਕਰਵਾਉਣ ਵਾਲੇ ਯਾਸੀਨ ਮਲਿਕ, ਆਸੀਆਂ ਅੰਕਰਾਬੀ ਅਤੇ ਮਸੱਰਤ ਆਲਮ ਵਿਰੁੱਧ ਗੈਰ-ਕਾਨੂੰਨੀ ਸਰਗਰਮੀਆਂ (ਰੋਕਥਾਮ) ਐਕਟ ਦਾ ਮੁਕੱਦਮਾ ਚੱਲੇਗਾ।

ਰਾਸ਼ਟਰੀ ਜਾਂਚ ਏਜੰਸੀ (ਐਨ ਆਈ ਏ) ਇਸ ਵਕਤ ਅੱਤਵਾਦ ਫੰਡਿੰਗ ਮਾਮਲੇ ਵਿੱਚ ਇਨ੍ਹਾਂ ਤਿੰਨਾਂ ਵਿਰੁੱਧ 15 ਅਕਤੂਬਰ ਨੂੰ ਪਹਿਲਾਂ ਸਪਲੀਮੈਂਟਰੀ ਚਾਰਜਸ਼ੀਟ ਦਾਇਰ ਕਰਨ ਦੀ ਤਿਆਰੀ ਵਿੱਚ ਹੈ, ਉਸ ਨੂੰ ਸਿਰਫ ਗ੍ਰਹਿ ਮੰਤਰਾਲੇ ਦੀ ਮਨਜ਼ੂਰੀ ਦਾ ਇੰਤਜ਼ਾਰ ਹੈ। ਯਾਸੀਨ ਮਲਿਕ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ (ਜੇ ਕੇ ਐਲ ਐਫ) ਦਾ ਮੁਖੀ ਹੈ, ਜਦ ਕਿ ਆਸੀਆਂ ਅੰਤਰਾਬੀ ਦੁਖਤਰਾਨ-ਏ-ਮਿੱਲਤ ਨਾਂ ਦੀ ਜਮਾਤ ਬਣਾ ਕੇ ਦੇਸ਼ ਵਿਰੋਧੀ ਸਰਗਰਮੀਆਂ ਕਰਦੀ ਹੈ। ਮਸੱਰਤ ਆਲਮ ਆਲ ਪਾਰਟੀ ਹਰੀਅਤ ਕਾਨਫਰੰਸ ਦਾ ਜਨਰਲ ਸਕੱਤਰ ਹੈ। ਐਨ ਆਈ ਏ ਨੇ ਅਪ੍ਰੈਲ ਵਿੱਚ ਇਨ੍ਹਾਂ ਨੂੰ ਗ੍ਰਿਫਤਾਰ ਕੀਤਾ ਸੀ ਤੇ ਫਿਲਹਾਲ ਇਹ ਤਿੰਨੇ ਤਿਹਾੜ ਜੇਲ੍ਹ ਵਿੱਚ ਹਨ।

ਜਾਣਕਾਰ ਸੂਤਰਾਂ ਨੇ ਦੱਸਿਆ ਕਿ ਗ੍ਰਹਿ ਮੰਤਰਾਲੇ ਤੋਂ ਅਗਲੇ ਹਫਤੇ ਤੱਕ ਮਨਜ਼ੂਰੀ ਮਿਲਣ ਦੀ ਉਮੀਦ ਹੈ। ਐਨ ਆਈ ਏ ਨੇ ਪਿਛਲੇ ਸਾਲ ਆਪਣੀ ਪਹਿਲੀ ਚਾਰਜਸ਼ੀਟ ਵਿੱਚ ਹੁਰੀਅਤ ਦੇ ਕੱਟੜਪੰਥੀ ਧੜੇ ਦੇ ਆਗੂ ਸਈਦ ਅਲੀ ਸ਼ਾਹ ਗਿਲਾਨੀ ਦੇ ਜਵਾਈ ਅਲਤਾਫ ਫੰਟੂਸ਼, ਕਸ਼ਮੀਰੀ ਕਾਰੋਬਾਰੀ ਮਿਹਰਾਜਉਦੀਨ ਕਲਵਾਲ, ਬਸ਼ੀਰ ਅਹਿਮਦ ਬੱਟ ਉਰਫ ਪੀਰ ਸੈਫ-ਉਲ੍ਹਾਂ, ਆਫਤਾਬ ਹਿਲਾਲੀ ਸ਼ਾਹ ਉਰਫ ਸ਼ਾਹਿਦ ਉਲ ਇਸਲਾਮ, ਫਾਰਕੂ ਅਹਿਮਦ ਡਾਰ ਉਰਫ ਬਿੱਟੂ ਕਰਾਟੇ, ਮੁਹੰਮਦ ਅਕਬਰ ਖਾਂਡੇ ਉਰਫ ਅਯਾਜ਼ ਅਕਬਰ ਅਤੇ ਜਾਵੇਦ ਅਹਿਮਦ ਬੱਟ ਅਤੇ ਕਈ ਹੋਰਨਾਂ ਨੂੰ ਦੋਸ਼ੀ ਬਣਾਇਆ ਸੀ। ਸਪਲੀਮੈਂਟਰੀ ਚਾਰਜਸ਼ੀਟ ਵਿੱਚ ਮਲਿਕ, ਅੰਦਰਾਬੀ ਅਤੇ ਆਲਮ ਨੂੰ ਹਵਾਲਾ ਕਾਰੋਬਾਰੀਆ ਤੇ ਵਪਾਰੀਆਂ ਤੋਂ ਮਿਲੇ ਪੈਸੇ ਦਾ ਜ਼ਿਕਰ ਹੈ ਅਤੇ ਨਾਲ ਉਨ੍ਹਾਂ ਦੇ ਯੂ ਏ ਈ ਦੌਰੇ ਦੀ ਜਾਣਕਾਰੀ ਦਿੱਤੀ ਗਈ ਹੈ।

ਐਨ ਆਈ ਏ ਨੇ ਹਿਜ਼ਬੁਲ ਮੁਜਾਹਦੀਨ, ਦੁਖਤਰਾਨ-ਏ-ਮਿੱਲਤ ਤੇ ਲਸ਼ਕਰ-ਏ-ਤਇਬਾ ਵਰਗੀਆਂ ਅੱਤਵਾਦੀ ਜਮਾਤਾਂ ਲਈ ਕੰਮ ਕਰਨ ਦੇ ਦੋਸ਼ ਵਿੱਚ ਕਈ ਵੱਖਵਾਦੀ ਆਗੂਆਂ ਵਿਰੁੱਧ ਮਈ 2017 'ਚ ਕੇਸ ਦਰਜ ਕੀਤਾ ਸੀ। ਐਨ ਆਈ ਏ ਨੇ ਇਕ ਹਜ਼ਾਰ ਸਫੇ ਦੀ ਚਾਰਜਸ਼ੀਟ 'ਚ ਇਨ੍ਹਾਂ ਦਾ ਕੱਚਾ-ਚਿੱਠਾ ਤਿਆਰ ਕੀਤਾ ਹੈ। ਇਸ ਵਿੱਚ ਪਾਕਿਸਤਾਨ ਵਿੱਚ ਬੈਠੇ ਹੋਏ ਜਮਾਤ-ਉਦ-ਦਾਵਾ ਦੇ ਸਰਗਨੇ ਹਾਫਿਜ਼ ਸਈਦ ਦਾ ਨਾਂ ਵੀ ਹੈ।

## ਦੁਬਈ ਦੁਰਘਟਨਾ ਵਿੱਚ ਸੱਤ ਭਾਰਤੀ, ਇੱਕ ਪਾਕਿਸਤਾਨੀ ਦੀ ਮੌਤ



ਦੁਬਈ, 1 ਅਕਤੂਬਰ (ਪੋਸਟ ਬਿਊਰੋ)- ਦੁਬਈ ਵਿੱਚ ਕੱਲ੍ਹ ਇੱਕ ਮਿੰਨੀ ਬਸ ਅਤੇ ਲਾਰੀ ਦੀ ਟੱਕਰ ਜਾਣ ਨਾਲ ਸੱਤ ਭਾਰਤੀਆਂ ਅਤੇ ਇੱਕ ਪਾਕਿਸਤਾਨੀ ਨਾਗਰਿਕ ਦੀ ਮੌਤ ਹੋ ਗਈ।

ਸ਼ਾਰਜਾਹ ਵੱਲ ਜਾਣ ਵਾਲੀ ਮੁਹੰਮਦ ਬਿਨ ਜਾਏਦ ਰੋਡ 'ਤੇ ਦੁਰਘਟਨਾ ਸਵੇਰੇ 4.54 ਵਜੇ ਹੋਈ ਅਤੇ 14 ਸੀਟਰ ਮਿੰਨੀ ਬਸ ਸੜਕ 'ਤੇ ਖੜ੍ਹੀ ਲਾਰੀ ਨਾਲ ਟਕਰਾ ਗਈ, ਜਿਸ ਕਾਰਨ ਇਹ ਹਾਦਸਾ ਹੋਇਆ। ਦੁਬਈ ਟਰੈਫਿਕ ਪੁਲਸ ਦੇ ਬ੍ਰਿਗੇਡੀਅਰ ਸੈਫ ਮੁਹੈਰ ਅਲ ਮਝਰੋਈ ਨੇ ਕਿਹਾ ਕਿ ਮਿੰਨੀ ਬਸ ਸੜਕ 'ਤੇ ਖੜ੍ਹੇ ਟਰੱਕ ਨਾਲ ਟਕਰਾ ਜਾਣ ਕਾਰਨ ਇਹ ਦੁਰਘਟਨਾ ਹੋਈ ਹੈ। ਸੱਤ ਯਾਤਰੀਆਂ ਤੇ ਮਿਨੀ ਬਸ ਦੇ ਡਰਾਈਵਰ ਦੀ ਲਾਸ਼ ਰਾਸ਼ਿਦ ਹਸਪਤਾਲ ਵਿੱਚ ਲਿਜਾਈ ਗਈ, ਜਿੱਥੋਂ ਉਸ ਨੂੰ ਸਮਸ਼ਾਨਘਾਟ ਭੇਜ ਦਿੱਤਾ ਗਿਆ। ਬਸ ਵਿੱਚ 13 ਯਾਤਰੀ ਤੇ ਡਰਾਈਵਰ ਸਨ, ਜਿਸ ਵਿੱਚੋਂ ਸੱਤ ਭਾਰਤੀ, ਇੱਕ ਪਾਕਿਸਤਾਨੀ ਦੀ ਮੌਤ ਹੋ ਗਈ ਅਤੇ ਇੱਕ ਬੰਗਲਾਦੇਸ਼ੀ ਨਾਗਰਿਕ ਦੇ ਨਾਲ ਬਾਕੀ ਭਾਰਤੀ ਜ਼ਖਮੀ ਹੋ ਗਏ।

## ਪਾਕਿ ਤੋਂ ਆਏ ਬਲਦੇਵ ਨੂੰ ਮਾਰਨ ਵਾਲੇ ਨੂੰ ਪਾਕਿ ਵਿੱਚ 50 ਲੱਖ ਦੇ ਇਨਾਮ ਦਾ ਐਲਾਨ

ਲਾਹੌਰ, 1 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਆਪਣੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਨੇਤਾ ਨੇ ਪਾਕਿਸਤਾਨ ਤੋਂ ਜਾਨ ਬਚਾ ਕੇ ਭਾਰਤ ਵਿੱਚ ਰਹਿ ਰਹੇ ਸਾਬਕਾ ਵਿਧਾਇਕ ਬਲਦੇਵ ਕੁਮਾਰ 'ਤੇ 50 ਲੱਖ ਰੁਪਏ ਦਾ ਇਨਾਮ ਰੱਖਿਆ ਹੈ।



ਐਤਵਾਰ ਨੂੰ ਫੇਸਬੁਕ ਉੱਤੇ ਪਾਈ ਪੋਸਟ ਵਿੱਚ ਹਾਜ਼ੀ ਨਵਾਬ ਨੇ ਕਿਹਾ ਹੈ ਕਿ ਬਲਦੇਵ ਕੁਮਾਰ ਜੇ ਪਾਕਿ-ਸਤਾਨ ਵਾਪਸ ਆਵੇ ਤਾਂ ਉਸ ਦੀ ਮੌਤ ਮੇਰੇ ਹੱਥੋਂ ਹੋਵੇਗੀ। ਜੇ ਭਾਰਤ ਵਿੱਚ ਕੋਈ ਉਸ ਦਾ ਕਤਲ ਕਰੇਗਾ ਤਾਂ ਉਸ ਨੂੰ 50 ਲੱਖ ਰੁਪਏ ਇਨਾਮ ਦਿੱਤਾ ਜਾਏਗਾ। ਇਸ ਦੇ ਇਲਾਵਾ ਖਾਲਿਸਤਾਨ ਪੱਖੀ ਪਾਕਿਸਤਾਨੀ ਸਿੱਖ ਨੇਤਾ ਗੋਪਾਲ ਸਿੰਘ ਚਾਵਲਾ ਨੇ ਇੱਕ ਵਾਰ ਫਿਰ ਬਲਦੇਵ ਦੇ ਖਿਲਾਫ ਗੁੱਸਾ ਕੱਢਿਆ ਅਤੇ ਫੇਸਬੁਕ ਪੋਸਟ ਦੇ ਜ਼ਰੀਏ ਕਿਹਾ ਹੈ ਕਿ ਬਲਦੇਵ ਨੂੰ ਭਾਰਤ ਸਰਕਾਰ ਰਾਜਨੀਤਕ ਸ਼ਰਨ ਨਹੀਂ ਦੇਵੇਗੀ ਅਤੇ ਉਹ ਵਾਪਸ ਪਾਕਿਸਤਾਨ ਆਏਗਾ ਅਤੇ ਉਸ ਨੂੰ ਬਾਰਡਰ ਉੱਤੇ ਮਾਰ ਦਿੱਤਾ ਦੇਵਾਂਗੇ। ਵਰਨਣ ਯੋਗ ਹੈ ਕਿ ਹਾਜ਼ੀ ਨਵਾਬ ਪੀ ਟੀ ਆਈ ਦੇ ਵੱਡੇ ਨੇਤਾ ਅਤੇ ਬਾਰੀਕੋਟ ਤਹਿਸੀਲ ਦੇ ਯੂਨੀਅਨ ਕੌਂਸਲ ਦੇ ਚੇਅਰਮੈਨ ਹਨ। ਬਲਦੇਵ ਕੁਮਾਰ ਵੀ ਇਸੇ ਤਹਿਸੀਲ ਦਾ ਵਸਨੀਕ ਹੈ ਅਤੇ ਬਾਰੀਕੋਟ ਸੀਟ ਤੋਂ ਹੀ ਵਿਧਾਇਕ ਬਣਿਆ ਸੀ। ਉਸ ਨੇ ਕੁਝ ਦਿਨ ਪਹਿਲਾਂ ਭਾਰਤ ਆ ਕੇ ਜਿੱਥੇ ਕੇਂਦਰ ਸਰਕਾਰ ਤੋਂ ਸ਼ਰਨ ਮੰਗੀ ਸੀ, ਉਥੇ ਹੀ ਪਾਕਿਸਤਾਨ ਵਿੱਚ ਘੱਟਗਿਣਤੀਆਂ ਉਤੇ ਹੋ ਰਹੇ ਜ਼ੁਲਮ ਅਤੇ ਗੁਆਂਢੀ ਮੁਲਕ ਦੇ ਹਾਲਾਤ ਬਾਰੇ ਕਈ ਸਬੂਤ ਪੇਸ਼ ਕੀਤੇ ਸਨ।

ਹਾਜ਼ੀ ਨਵਾਬ ਦੀ ਧਮਕੀ ਭਰੀ ਪੋਸਟ ਉੱਤੇ ਪੀ ਟੀ ਆਈ ਦੇ ਸਾਬਕਾ ਨੇਤਾ ਤੇ ਪਾਕਿਸਤਾਨ ਡੈਮੋਕ੍ਰੇਟਿਕ ਮੂਵਮੈਂਟ (ਪੀ ਡੀ ਐੱਮ) ਦੇ ਮੌਜੂਦਾ ਨੇਤਾ ਜੇ ਕੇ ਯੂਸਫ ਜ਼ਈ ਨਾਲ ਤਿੱਖੀ ਬਹਿਸ ਹੋਈ। ਧਮਕੀ ਭਰੀ ਪੋਸਟ 'ਤੇ ਇਤਰਾਜ਼ ਜ਼ਾਹਰ ਕਰ ਕੇ ਪੁੱਛਿਆ ਗਿਆ ਕਿ ਹਾਜ਼ੀ ਕੌਣ ਹੈ ਬਲਦੇਵ ਨੂੰ ਮਾਰਨ ਵਾਲਾ। ਉਸ ਦੇ ਬਾਅਦ ਦੋਵੇਂ ਬਹਿਸ ਪਏ। ਦੱਸਣਾ ਬਣਦਾ ਹੈ ਕਿ ਪੀ ਡੀ ਐੱਮ ਪਾਕਿ-ਸਤਾਨ ਫੌਜ ਵੱਲੋਂ ਆਮ ਜਨਤਾ 'ਤੇ ਕੀਤੇ ਜਾਣ ਵਾਲੇ ਜ਼ੁਲਮਾਂ ਦੇ ਖਿਲਾਫ ਲੜਾਈ ਲੜਦੀ ਹੈ।

## ਪਾਕਿ ਦੇ ਸਿੰਧ ਵਿੱਚ ਛੇ ਮਹੀਨਿਆਂ ਵਿੱਚ ਇੱਜ਼ਤ ਦੇ ਨਾਂਅ ਉਤੇ 78 ਲੋਕਾਂ ਦੀ ਹੱਤਿਆ

ਕਰਾਚੀ, 1 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਆਨਰ ਕਿਲਿੰਗ ਨੇ ਭਿਆਨਕ ਰੂਪ ਲੈ ਲਿਆ ਹੈ। ਸੂਬੇ ਵਿੱਚ ਇਸ ਸਾਲ ਦੇ ਸ਼ੁਰੂ ਦੇ ਛੇ ਮਹੀਨਿਆਂ ਵਿੱਚ ਇੱਜ਼ਤ ਦੇ ਨਾਂਅ 'ਤੇ ਪੰਜਾਹ ਔਰਤਾਂ ਸਣੇ ਕੁੱਲ 78 ਲੋਕਾਂ ਦੀ ਹੱਤਿਆ ਕਰ ਦਿੱਤੀ ਗਈ ਹੈ। ਸੂਬੇ ਵਿੱਚ ਕਾਰੋ-ਕਾਰੀ ਦੇ ਨਾਂਅ ਨਾਲ ਜਾਣੇ ਜਾਂਦੇ ਇਹ ਕਤਲ ਮੁੱਖ ਰੂਪ ਤੋਂ ਪੇਂਡੂ ਖੇਤਰਾਂ ਵਿੱਚ ਹੋਏ ਹਨ ਅਤੇ ਇਨ੍ਹਾਂ ਵਿੱਚੋਂ ਜ਼ਿਆਦਾਤਰ ਮਾਮਲਿਆਂ ਵਿੱਚ ਕਿਸੇ ਨੂੰ ਸਜ਼ਾ ਨਹੀਂ ਹੋਈ।




ਇਸ ਬਾਰੇ ਪਾਕਿਸਤਾਨੀ ਮੀਡੀਆ ਵਿੱਚ ਛਪੀ ਰਿਪੋਰਟ ਅਨੁਸਾਰ ਸਰਕਾਰੀ ਅੰਕੜਿਆਂ ਵਿੱਚ ਦੱਸਿਆ ਗਿਆ ਹੈ ਕਿ ਇਸ ਸਾਲ ਜਨਵਰੀ ਤੋਂ ਜੂਨ ਵਿਚਾਲੇ ਸਿੰਧ ਵਿੱਚ 78 ਲੋਕਾਂ ਦੀ ਆਨਰ ਕਿਲਿੰਗ ਹੋਈ ਹੈ। ਨੱਬੇ ਫੀਸਦੀ ਕੇਸਾਂ ਵਿੱਚ ਪੁਲਸ ਦੀ ਜਾਂਚ ਕਿਸੇ ਸਿੱਟੇ ਤੱਕ ਨਹੀਂ ਪਹੁੰਚੀ ਅਤੇ ਇਹ ਅਜੇ ਵੀ ਬਿਨਾਂ ਕਿਸੇ ਨਤੀਜੇ ਦੇ ਜਾਰੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮਾਰੇ ਗਏ ਲੋਕਾਂ ਵਿੱਚ ਪੰਜਾਹ ਔਰਤਾਂ ਅਤੇ 28 ਮਰਦ ਸ਼ਾਮਲ ਹਨ। 60 ਕੇਸਾਂ ਵਿੱਚ ਦੋਸ਼ ਪੱਤਰ ਦਾਖਲ ਕੀਤੇ ਗਏ ਜਿਨ੍ਹਾਂ ਵਿੱਚੋਂ 57 ਮਾਮਲੇ ਅਜੇ ਵੀ ਵਿਚਾਰ ਅਧੀਨ ਹਨ। ਕਿਸੇ ਵੀ ਮਾਮਲੇ ਵਿੱਚ ਕਿਸੇ ਨੂੰ ਸਜ਼ਾ ਨਹੀਂ ਹੋਈ ਹੈ। ਜ਼ਿਆਦਾਤਰ ਕੇਸਾਂ ਵਿੱਚ ਮ੍ਰਿਤਕਾਂ ਦੇ ਨੇੜਲੇ ਸੰਬੰਧੀ ਦੋਸ਼ੀ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਰਕਾਰ ਤੇ ਮਨੁੱਖੀ ਅਧਿਕਾਰ ਸੰਗਠਨਾਂ, ਦੋਵਾਂ ਵੱਲੋਂ ਇਨ੍ਹਾਂ ਕਤਲਾਂ ਦੇ ਖਿਲਾਫ ਮੁਹਿੰਮ ਛੇੜੇ ਜਾਣ ਦੇ ਬਾਵਜੂਦ ਇਨ੍ਹਾਂ 'ਤੇ ਲਗਾਮ ਨਹੀਂ ਲੱਗ ਰਹੀ। ਇੱਕੋ ਪਰਵਾਰ ਜਾਂ ਕਬੀਲੇ ਦੇ ਅੰਦਰ ਦਾ ਮਾਮਲਾ ਹੋਣ ਕਾਰਨ ਆਨਰ ਕਿਲਿੰਗ ਦੇ ਮਾਮਲਿਆਂ ਦੀ ਜਾਂਚ ਵਿੱਚ ਪੁਲਸ ਨੂੰ ਮੁਸ਼ਕਲ ਪੇਸ਼ ਆ ਰਹੀ ਹੈ, ਪਰ ਮਨੁੱਖੀ ਅਧਿਕਾਰ ਕਾਰਕੁਨਾਂ ਦਾ ਕਹਿਣਾ ਹੈ ਕਿ ਇਸ ਕੇਸ ਵਿੱਚ ਕਾਨੂੰਨ ਅਤੇ ਪੁਲਸ ਦੇ ਕੰਮ ਦੇ ਤਰੀਕੇ ਵਿੱਚ ਬਦਲਾਅ ਕਰਨ ਦੀ ਜ਼ਰੂਰਤ ਹੈ।

## ਦਿੱਲੀ ਤੋਂ ਭੱਜੀ ਲੜਕੀ ਨੇ ਕਿਹਾ, ਆਪਣੇ ਪਿਆਰ ਲਈ ਯੂ ਏ ਈ ਆਈ ਹਾਂ

ਦੁਬਈ, 1 ਅਕਤੂਬਰ (ਪੋਸਟ ਬਿਊਰੋ)- ਭਾਰਤ ਤੋਂ ਭੱਜ ਕੇ ਸੰਯੁਕਤ ਅਰਬ ਅਮੀਰਾਤ (ਯੂ ਏ ਈ) ਪਹੁੰਚੀ 19 ਸਾਲਾ ਈਸਾਈ ਲੜਕੀ ਸਿਆਨੀ ਬੇਨੀ ਨੇ ਕਿਹਾ ਕਿ ਉਸ ਨੇ ਆਪਣੇ ਪਿਆਰ ਲਈ ਆਪਣੀ ਇੱਛਾ ਨਾਲ ਦੇਸ਼ ਛੱਡਿਆ ਹੈ। ਉਸ ਨੇ ਉਨ੍ਹਾਂ ਖਬਰਾਂ ਦਾ ਖੰਡਨ ਕੀਤਾ ਹੈ ਕਿ ਉਸ ਦਾ ਅਗਵਾ ਕੀਤਾ ਗਿਆ ਹੈ ਅਤੇ ਉਸ ਨੂੰ ਅੱਤਵਾਦੀ ਸੰਗਠਨ ਵਿੱਚ ਸ਼ਾਮਲ ਹੋਣ ਲਈ ਮਜਬੂਰ ਕੀਤਾ ਜਾ ਰਿਹਾ ਹੈ।



ਗਲਫ ਨਿਊਜ਼ ਅਖਬਾਰ ਅਨੁਸਾਰ ਦਿੱਲੀ ਵਿੱਚ ਰਹਿਣ ਵਾਲੀ ਸਿਆਨੀ ਬੀਤੀ 18 ਸਤੰਬਰ ਨੂੰ ਆਬੂਧਾਬੀ ਪਹੁੰਚੀ ਸੀ, ਜਿੱਥੇ ਉਸ ਨੇ ਇਸਲਾਮ ਧਰਮ ਕਬੂਲ ਕਰ ਕੇ ਇੱਕ ਭਾਰਤੀ ਨਾਲ ਵਿਆਹ ਕਰ ਲਿਆ। ਦੋਵਾਂ ਦੀ ਦੋਸਤੀ ਕਰੀਬ ਨੌਂ ਮਹੀਨੇ ਪਹਿਲਾਂ ਸੋਸ਼ਲ ਮੀਡੀਆ ਉੱਤੇ ਹੋਈ ਸੀ। ਧਰਮ ਪਰਿਵਰਤਨ ਦੇ ਬਾਅਦ ਉਹ ਸਿਆਨੀ ਤੋਂ ਆਇਸ਼ਾ ਬਣ ਗਈ। ਕੇਰਲ ਦੇ ਕੋਝੀਕੋਡ ਵਿੱਚ ਰਹਿਣ ਵਾਲੇ ਸਿਆਨੀ ਦੇ ਮਾਤਾ-ਪਿਤਾ ਨੇ ਦਿੱਲੀ ਪੁਲਸ ਨੂੰ ਆਪਣੀ ਬੇਟੀ ਦੀ ਗੁੰਮਸ਼ੁਦਗੀ ਦੀ ਸ਼ਿਕਾਇਤ ਕੀਤੀ ਹੈ। ਉਸ ਦੇ ਕੁਝ ਜਮਾਤੀਆਂ ਨੇ ਸੁਪਰੀਮ ਕੋਰਟ ਵਿੱਚ ਅਰਜ਼ੀ ਦੇ ਕੇ ਚੀਫ ਜਸਟਿਸ ਨੂੰ ਅਪੀਲ ਕੀਤੀ ਹੈ ਕਿ ਭਾਰਤੀ ਲੜਕੀ ਨੂੰ ਜਬਰੀ ਅਗਵਾ ਕਰ ਲਿਆ ਗਿਆ ਹੈ। ਇਨ੍ਹਾਂ ਖਬਰਾਂ ਦੇ ਬਾਅਦ ਸਾਹਮਣੇ ਆਈ ਸਿਆਨੀ ਨੇ ਕਿਹਾ, ਇਹ ਸੱਚ ਨਹੀਂ ਹੈ। ਮੈਂ ਆਪਣੀ ਮਰਜ਼ੀ ਨਾਲ ਆਬੂਧਾਬੀ ਆਈ ਹਾਂ। ਕਿਸੇ ਨੇ ਮਜ਼ਬੂਰ ਨਹੀਂ ਕੀਤਾ। ਮੈਂ ਭਾਰਤ ਦੀ ਬਾਲਗ ਨਾਗਰਿਕ ਹਾਂ। ਸਿਆਨੀ ਦੇ ਮਾਤਾ ਪਿਤਾ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਹੈ, ਸਾਡੀ ਬੇਟੀ ਨੂੰ ਬਹਿਕ-ਾਇਆ ਜਾਂ ਅਗਵਾ ਕੀਤਾ ਗਿਆ ਹੈ। ਇਸ ਤੋਂ ਉਹ ਇਸਲਾਮਕ ਸਟੇਟ (ਆਈ ਐੱਸ) ਵਰਗੇ ਖਤਰਨਾਕ ਅੱਤਵਾਦੀ ਸੰਗਠਨ ਨਾਲ ਜੁੜਨ ਦੀ ਰਾਹ 'ਤੇ ਜਾ ਸਕਦੀ ਹੈ ਜਾਂ ਗੁਲਾਮ ਬਣਾਈ ਜਾ ਸਕਦੀ ਹੈ।

## ਯੂ ਐੱਨ ਵਿੱਚ ਪਾਕਿਸਤਾਨ ਦੇ ਨਵੇਂ ਰਾਜਦੂਤ ਉੱਤੇ ਪ੍ਰੇਮਿਕਾ ਨਾਲ ਕੁੱਟ-ਮਾਰ ਦਾ ਦੋਸ਼

ਇਸਲਾਮਾਬਾਦ, 1 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਮਲੀਹਾ ਲੋਧੀ ਦੀ ਥਾਂ ਜਿਹੜੇ ਮੁਨੀਰ ਅਕਰਮ ਨੂੰ ਯੂ ਐੱਨ ਓ ਵਿੱਚ ਆਪਣਾ ਨਵਾਂ ਰਾਜਦੂਤ ਨਿਯੁਕਤ ਕੀਤਾ ਹੈ, ਉਨ੍ਹਾਂ ਦਾ ਬੀਤਿਆ ਸਮਾਂ ਵਿਵਾਦਾਂ ਨਾਲ ਭਰਿਆ ਰਿਹਾ ਹੈ। ਭਾਰਤ ਪ੍ਰਤੀ ਸਖ਼ਤ ਰੁਖ਼ ਰੱਖਣ ਵਾਲੇ 74 ਸਾਲ ਦੇ ਮੁਨੀਰ ਉੱਤੇ ਉਨ੍ਹਾਂ ਦੀ ਲਿਵ-ਇਨ ਪਾਰਟਨਰ ਨੇ ਕੁੱਟ-ਮਾਰ ਦਾ ਦੋਸ਼ ਲਾਇਆ ਸੀ। ਪਤਾ ਲੱਗਾ ਹੈ ਕਿ 35 ਸਾਲ ਦੀ ਮਾਰਿਜਾਨਾ ਮਿਹਿਕ ਨੇ ਨਿਊਯਾਰਕ ਵਿੱਚ ਉਨ੍ਹਾਂ ਦੇ ਖ਼ਿਲਾਫ਼ ਕੇਸ ਵੀ ਦਰਜ ਕਰਵਾਇਆ ਸੀ।



ਮੀਡੀਆ ਵਿੱਚ ਆਈਆਂ ਖ਼ਬਰਾਂ ਮੁਤਾਬਕ ਮਾਰਿਜਾਨਾ ਨੇ 10 ਦਸੰਬਰ 2002 ਨੂੰ ਮੈਨਹਟਨ ਦੇ ਮੁਨੀਰ ਦੇ ਘਰ ਨਿਊਯਾਰਕ ਪੁਲਿਸ ਨੂੰ ਸੱਦਿਆ ਸੀ। ਮੁਨੀਰ ਉਦੋਂ ਯੂ ਐੱਨ ਵਿੱਚ ਪਾਕਿਸਤਾਨ ਦੇ ਟਾਪ ਡਿਪਲੋਮੈਟ ਸਨ। ਮਾਰਿਜਾਨਾ ਨੇ ਪੁਲਿਸ ਨੂੰ ਦੱਸਿਆ ਸੀ ਕਿ ਮੁਨੀਰ ਨੇ ਉਸ ਨਾਲ ਕੁੱਟਮਾਰ ਕੀਤੀ ਤੇ ਉਸ ਦਾ ਸਿਰ ਦੀਵਾਰ ਨਾਲ ਮਾਰਿਆ ਸੀ। ਪੁਲਿਸ ਨੂੰ ਉਸ ਨੇ ਆਪਣੇ ਹੱਥ ਉੱਤੇ ਕੁੱਟਮਾਰ ਦੇ ਨਿਸ਼ਾਨ ਦਿਖਾਏ ਅਤੇ ਕਿਹਾ ਕਿ ਮੁਨੀਰ ਨੇ ਪਹਿਲਾਂ ਵੀ ਉਸ ਨਾਲ ਕੁੱਟਮਾਰ ਕੀਤੀ ਸੀ। ਉਸ ਸਮੇਂ ਯੂ ਐੱਨ ਮਾਮਲਿਆਂ ਦੇ ਇੰਚਾਰਜ ਰਹੇ ਨਿਊਯਾਰਕ ਦੇ ਕਮਿਸ਼ਨਰ ਮਾਰਜੋਰੀ ਟਿਵੇਨ ਨੇ ਅਮਰੀਕੀ ਮਿਸ਼ਨ ਨੂੰ ਮੁਨੀਰ ਉੱਤੇ ਕੇਸ ਚਲਾਉਣ ਲਈ ਉਨ੍ਹਾਂ ਦੀ ਡਿਪਲੋਮੈਟਿਕ ਛੋਟ ਖ਼ਤਮ ਕਰਨ ਲਈ ਕਿਹਾ ਸੀ। ਇਕ ਜਨਵਰੀ 2003 ਨੂੰ ਪਾਕਿਸਤਾਨ ਲਈ ਸ਼ਰਮਿੰਦਗੀ ਵਾਲੀ ਇਹ ਸਥਿਤੀ ਓਦੋਂ ਖੜੀ ਹੋਈ, ਜਦੋਂ ਉਸ ਨੂੰ 15 ਮੈਂਬਰੀ ਯੂ ਐੱਨ ਓ ਸੁਰੱਖਿਆ ਕੌਂਸਲ ਵਿੱਚ ਦੋ ਸਾਲ ਲਈ ਆਰਜ਼ੀ ਸੀਟ ਮਿਲੀ ਸੀ। ਓਦੋਂ ਕਈ ਮਹਿਲਾ ਤੇ ਧਾਰਮਿਕ ਸੰਗਠਨਾਂ ਨੇ ਮੁਨੀਰ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ ਸੀ। ਇਸ ਦੇ ਬਾਵਜੂਦ ਚਾਰ ਫਰਵਰੀ 2003 ਨੂੰ ਜ਼ਿਲਾ ਅਟਾਰਨੀ ਦੇ ਦਫ਼ਤਰ ਨੇ ਇਸ ਮਾਮਲੇ ਦੀ ਜਾਂਚ ਬੰਦ ਕਰ ਦਿੱਤੀ ਸੀ।

ਅਮਰੀਕੀ ਮੀਡੀਆ ਵਿੱਚ ਪੁਲਿਸ ਦੇ ਬੁਲਾਰੇ ਬ੍ਰਾਇਨ ਬੁਰਕ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਮਾਰਿਜਾਨਾ ਨੇ ਪੁਲਿਸ ਨੂੰ ਦੱਸਿਆ ਸੀ ਕਿ ਝਗੜੇ ਤੋਂ ਬਾਅਦ ਜਦੋਂ ਉਹ ਘਰ ਛੱਡ ਕੇ ਚੱਲੀ ਤਾਂ ਮੁਨੀਰ ਨੇ ਉਸ ਨੂੰ ਜਾਣ ਨਹੀਂ ਦਿੱਤਾ। ਇਸ ਘਟਨਾ ਸਮੇਂ ਮੁਨੀਰ 57 ਸਾਲ ਦੇ ਸਨ। ਮੁਨੀਰ ਯੂ ਐੱਨ ਓ ਵਿੱਚ ਪਾਕਿਸਤਾਨ ਦੇ ਪੱਕੇ ਪ੍ਰਤੀਨਿਧੀ ਵਜੋਂ 2002 ਤੋਂ 2008 ਤਕ ਰਹੇ ਸਨ ਅਤੇ ਓਦੋਂ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨਾਲ ਮਤਭੇਦਾਂ ਕਾਰਨ ਉਨ੍ਹਾਂ ਨੂੰ ਬਰਖ਼ਾਸਤ ਕੀਤਾ ਗਿਆ ਸੀ। ਯੂ ਐੱਨ ਵਿੱਚ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦਾ ਕਤਲ ਕੇਸ ਚੁੱਕਣ ਬਾਰੇ ਦੋਵਾਂ ਦੇ ਮਤਭੇਦ ਸਨ। ਮੁਨੀਰ ਸਾਲ 2002 ਤੇ 2004 ਵਿੱਚ ਇਕ-ਇਕ ਸਾਲ ਲਈ ਯੂ ਐੱਨ ਓ ਸੁਰੱਖਿਆ ਕੌਂਸਲ ਦੇ ਮੁਖੀ ਰਹਿ ਚੁੱਕੇ ਹਨ। ਉਹ ਜਾਪਾਨ ਤੇ ਯੂਰਪੀ ਯੂਨੀਅਨ ਸਮੇਤ ਕਈ ਦੇਸ਼ਾਂ ਵਿੱਚ ਪਾਕਿਸਤਾਨ ਦੇ ਰਾਜਦੂਤ ਰਹਿ ਚੁੱਕੇ ਹਨ।

## ਅਮਰੀਕੀ ਪਾਰਲੀਮੈਂਟ ਦੀ ਕਮੇਟੀ ਵੱਲੋਂ ਟਰੰਪ ਦੇ ਨਿੱਜੀ ਵਕੀਲ ਨੂੰ ਸੰਮਨ

ਵਾਸ਼ਿੰਗਟਨ, 1 ਅਕਤੂਬਰ (ਪੋਸਟ ਬਿਊਰੋ)- ਯੂਕ੍ਰੇਨ ਸਕੈਂਡਲ ਦੀ ਜਾਂਚ ਕਰ ਰਹੀਆਂ ਅਮਰੀਕੀ ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧੀ ਸਭਾ ਦੀਆਂ ਤਿੰਨ ਕਮੇਟੀਆਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਿੱਜੀ ਵਕੀਲ ਰੂਡੀ ਗਿਉਲਿਆਨੀ ਨੂੰ ਸੰਮਨ ਭੇਜ ਕੇ ਆਦੇਸ਼ ਦਿੱਤਾ ਹੈ ਕਿ ਉਹ ਟਰੰਪ ਦੇ ਖ਼ਿਲਾਫ਼ ਮਹਾਦੋਸ਼ ਚਲਾਉਣ ਲਈ ਜਾਂਚ ਵਿੱਚ ਸਹਿਯੋਗ ਕਰਨ ਤੇ ਯੂਕ੍ਰੇਨ ਨਾਲ ਹੋਏ ਸੰਪਰਕ ਦੇ ਸਾਰੇ ਟੈਕਸਟ ਮੈਸੇਜ ਤੇ ਫੋਨ ਡਿਟੇਲ 15 ਅਕਤੂਬਰ ਤਕ ਪੇਸ਼ ਕਰਨ।

ਟਰੰਪ ਦੇ ਖ਼ਿਲਾਫ਼ ਮਹਾਦੋਸ਼ ਚਲਾਉਣ ਦੀ ਜਾਂਚ ਸਦਨ ਦੀ ਖ਼ੁਫ਼ੀਆ, ਵਿਦੇਸ਼ ਤੇ ਨਿਗਰਾਨੀ ਤੇ ਸੁਧਾਰ ਮਾਮਲਿਆਂ ਦੀਆਂ ਕਮੇਟੀਆਂ ਕਰ ਰਹੀਆਂ ਹਨ। ਗਿਉਲਿਆਨੀ ਨੂੰ ਸੋਮਵਾਰ ਖ਼ੁਫ਼ੀਆ ਮਾਮਲਿਆਂ ਦੀ ਕਮੇਟੀ ਨੇ ਸੰਮਨ ਜਾਰੀ ਕੀਤਾ ਅਤੇ ਕਮੇਟੀਆਂ ਨੇ ਸੰਕੇਤ ਦਿੱਤਾ ਹੈ ਕਿ ਅਗਲੇ ਸਾਲ ਨਵੰਬਰ ਵਿੱਚ ਹੋ ਰਹੀ ਰਾਸ਼ਟਰਪਤੀ ਚੋਣ ਨੂੰ ਪ੍ਰਭਾਵਿਤ ਕਰਨ ਨਾਲ ਜੁੜੇ ਕੇਸ ਵਿੱਚ ਟਰੰਪ ਪ੍ਰਸ਼ਾਸਨ ਦੇ ਕਈ ਹੋਰ ਅਫਸਰ ਸ਼ਾਮਲ ਹੋ ਸਕਦੇ ਹਨ। ਇਸ ਲਈ ਟਰੰਪ ਦੇ ਹੋਰ ਨਜ਼ਦੀਕੀਆਂ ਨੂੰ ਵੀ ਤਲਬ ਕੀਤਾ ਜਾ ਸਕਦਾ ਹੈ। ਇਕ ਅਮਰੀਕੀ ਵ੍ਹਿਸਲ ਬਲੋਅਰ ਦੀ ਸ਼ਿਕਾਇਤ ਉੱਤੇ ਪ੍ਰਤੀਨਿਧ ਸਭਾ ਦੀ ਸਪੀਕਰ ਨੈਂਸੀ ਪੇਲੋਸੀ ਨੇ ਇਕ ਹਫ਼ਤਾ ਪਹਿਲਾਂ ਟਰੰਪ ਖ਼ਿਲਾਫ਼ ਮਹਾਦੋਸ਼ ਚਲਾਉਣ ਲਈ ਜਾਂਚ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ। ਇਸ ਸਦਨ ਵਿੱਚ ਵਿਰੋਧੀ ਧਿਰ ਡੈਮੋਕਰੇਟਿਕ ਪਾਰਟੀ ਦਾ ਬਹੁਮਤ ਹੈ। ਵ੍ਹਿਸਲ ਬਲੋਅਰ ਨੇ ਇਸ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਟਰੰਪ ਨੇ ਰਾਸ਼ਟਰਪਤੀ ਚੋਣ ਜਿੱਤਣ ਲਈ ਵਿਦੇਸ਼ੀ ਮਦਦ ਲੈਣ ਦਾ ਯਤਨ ਕੀਤਾ ਸੀ। ਉਨ੍ਹਾਂ ਬੀਤੀ 25 ਜੁਲਾਈ ਨੂੰ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਡੀਮੀਰ ਜੇਲੇਂਸਕੀ ਨਾਲ ਫੋਨ ਉੱਤੇ ਗੱਲ ਕੀਤੀ ਅਤੇ ਆਪਣੇ ਸੰਭਾਵੀ ਡੈਮੋਕ੍ਰੇਟ ਵਿਰੋਧੀ ਜੋ ਬਿਡੇਨ ਨੂੰ ਬਦਨਾਮ ਕਰਨ ਲਈ ਉਨ੍ਹਾਂ ਉੱਤੇ ਦਬਾਅ ਪਾਇਆ ਸੀ।

FIRST CHOICE FINANCIAL LIMITED
TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

## ਕੈਥੇ ਪੈਸੇਫਿਕ ਏਅਰਲਾਈਨ ਦੇ ਸਸਪੈਂਡ ਮੁਲਾਜ਼ਮਾਂ ਨੇ ਸਿਆਸੀ ਬਦਲਾ ਖੋਰੀ ਦੇ ਦੋਸ਼ ਲਾਏ

ਹਾਂਗ ਕਾਂਗ, 1 ਅਕਤੂਬਰ (ਪੋਸਟ ਬਿਊਰੋ)- ਏਅਰਲਾਈਨ ਸਰਵਿਸ ਕੰਪਨੀ ਕੈਥੇ ਪੈਸੇਫਿਕ ਦੇ ਸਸਪੈਂਸ ਮੁਲਾਜ਼ਮਾਂ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਹਾਂਗ ਕਾਂਗ ਵਿੱਚ ਲੋਕਤੰਤਰ ਲਈ ਅੰਦੋਲਨ ਕਰ ਰਹੇ ਲੋਕਾਂ ਦਾ ਸਮਰਥਨ ਕਰਨ ਦੇ ਦੋਸ਼ 'ਚ ਕੱਢਿਆ ਗਿਆ ਹੈ। ਉਨ੍ਹਾਂ ਨੇ ਸੀਨੀਅਰ ਅਫਸਰਾਂ 'ਤੇ ਦੋਸ਼ ਲਾਏ ਕਿ ਚੀਨ ਦੀ 'ਸੰਸਕ੍ਰਿਤਕ ਕ੍ਰਾਂਤੀ' ਦੀ ਸ਼ੈਲੀ ਵਿੱਚ ਸਿਆਸੀ ਵਿਰੋਧੀਆਂ ਦੇ ਵਿਰੁੱਧ ਬਦਲੇ ਦੀ ਕਾਰਵਾਈ ਕਰ ਰਹੇ ਹਨ।

ਹਾਂਗ ਕਾਂਗ ਦੀ ਇਸ ਕੰਪਨੀ ਦੇ ਕੁਝ ਮੁਲਾਜ਼ਮਾਂ ਨੇ ਨੌਜਵਾਨ ਅੰਦੋਲਨਕਾਰੀਆਂ ਦੇ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ ਸੀ। ਉਸ ਤੋਂ ਬਾਅਦ ਚੀਨ ਦੇ ਅਧਿਕਾਰੀਆਂ ਤੇ ਸਰਕਾਰੀ ਮੀਡੀਆ ਵਿੱਚ ਕੰਪਨੀ ਦੀ ਤਿੱਖੀ ਆਲੋਚਨਾ ਹੋਈ ਸੀ। ਇਸ ਤਰ੍ਹਾਂ ਉਨ੍ਹਾਂ ਲਈ ਬੀਤੇ ਕੁਝ ਹਫਤੇ ਵੱਡੀਆਂ ਮੁਸ਼ਕਲਾਂ ਵਾਲੇ ਹਨ। ਕੈਥੇ ਪੈਸੇਫਿਕ ਵਿੱਚ 27000 ਕਰਮਚਾਰੀ ਹਨ। ਚੀਨ ਨੇ ਅਜਿਹੇ ਮੁਲਾਜ਼ਮਾਂ ਨੂੰ ਚੀਨ ਆਉਣ ਜਾਣ-ਵਾਲੀਆਂ ਜਾਂ ਉਸ ਦੀ ਹਵਾਈ ਹੱਦ ਤੋਂ ਲੰਘਣ ਵਾਲੀਆਂ ਉਡਾਣਾਂ 'ਤੇ ਲਾਏ ਜਾਣ ਦੀ ਪਾਬੰਦੀ ਲਾ ਦਿੱਤੀ ਹੈ। ਇਸ ਨਾਲ ਕੰਪਨੀ ਵਿੱਚ ਹਫੜਾ-ਦਫੜੀ ਦਾ ਮਾਹੌਲ ਬਣ ਗਿਆ ਤੇ ਅਧਿਕਾਰੀ ਚੀਨ ਨੂੰ ਖੁਸ਼ ਕਰਨ ਵਿੱਚ ਲੱਗ ਗਏ। ਕੰਪਨੀ ਦੇ ਸੀਨੀਅਰ ਅਧਿਕਾਰੀਆਂ ਨੇ ਕਰਮਚਾਰੀਆਂ ਨੂੰ ਲੋਕਤੰਤਰ ਸਮਰਥਨ ਅੰਦੋਲਨਾਂ ਵਿੱਚ ਹਿੱਸਾ ਨਾ ਲੈਣ ਦੀ ਚਿਤਾਵਨੀ ਜਾਰੀ ਕਰ ਦਿੱਤੀ ਹੈ।

ਸਾਬਕਾ ਮੁਲਾਜ਼ਮਾਂ ਦੇ ਇੱਕ ਗਰੁੱਪ ਨੇ ਕੱਲ੍ਹ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਲੋਕਤੰਤਰ ਸਮਰਥਕ ਅੰਦੋਲਨਾਂ ਦੇ ਨਾਲ ਜੁੜੇ ਹੋਣ ਕਾਰਨ ਘੱਟੋ ਘੱਟ 26 ਲੋਕਾਂ ਦੀ ਨੌਕਰੀ ਗਈ ਹੈ। ਪ੍ਰੈੱਸ ਕਾਨਫਰੰਸ ਵਿੱਚ ਹਾਂਗ ਕਾਂਗ ਕੈਬਿਨ ਕਰਿਊ ਕਨਫੈਡਰੇਸ਼ਨ ਅਤੇ ਫਲਾਈਟ ਕਰਮਚਾਰੀ ਯੂਨੀਅਨ ਦੇ ਆਗੂ ਵੀ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਡਿਊਟੀ ਦੇ 100 ਫੀਸਦੀ ਪਾਬੰਦ ਹਨ। ਕੈਥੇ ਪੈਸੇਫਿਕ 'ਤੇ ਚੀਨ ਦੀ ਕਾਰਵਾਈ ਨਾਲ ਹਾਂਗਕਾਂਗ ਦੇ ਲੋਕਾਂ ਵਿੱਚ ਡਰ ਬੈਠ ਗਿਆ ਹੈ।

## ਬਲਾਤਕਾਰ ਦੇ ਦੋਸ਼ਾਂ ਵਿੱਚ ਘਿਰੇ ਨੇਪਾਲ ਦੇ ਸਪੀਕਰ ਨੇ ਅਸਤੀਫ਼ਾ ਦਿੱਤਾ

ਕਾਠਮੰਡੂ, 1 ਅਕਤੂਬਰ (ਪੋਸਟ ਬਿਊਰੋ)- ਨੇਪਾਲੀ ਪਾਰਲੀਮੈਂਟ ਦੇ ਹੇਠਲੇ ਸਦਨ ਦੇ ਸਪੀਕਰ ਕ੍ਰਿਸ਼ਨ ਬਹਾਦੁਰ ਮਹਾਰਾ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ, ਜਿਸ ਦੀ ਹਰ ਪਾਸੇ ਚਰਚਾ ਹੈ।

ਪਾਰਲੀਮੈਂਟ ਸਕੱਤਰੇਤ ਵਿੱਚ ਕੰਮ ਕਰਦੀ ਇਕ ਔਰਤ ਨੇ ਸਪੀਕਰ ਮਹਾਰਾ ਉੱਤੇ ਬਲਾਤਕਾਰ ਦਾ ਦੋਸ਼ ਲਾਇਆ ਹੈ। ਅੱਜ ਮੰਗਲਵਾਰ ਸਦਨ ਦੇ ਡਿਪਟੀ ਸਪੀਕਰ ਨੂੰ ਅਸਤੀਫ਼ਾ ਸੌਂਪਣ ਪਿੱਛੋਂ ਮਹਾਰਾ ਨੇ ਕਿਹਾ, 'ਸੋਮਵਾਰ ਤੋਂ ਮੀਡੀਆ ਚੈਨਲ ਅਤੇ ਕਈ ਲੋਕ ਮੇਰੇ ਉੱਤੇ ਸਵਾਲ ਉਠਾ ਰਹੇ ਹਨ। ਮੇਰੇ ਉੱਤੇ ਲੱਗੇ ਦੋਸ਼ ਦੀ ਨਿਰਪੱਖ ਜਾਂਚ ਹੋਵੇ, ਇਸ ਲਈ ਮੈਂ ਅਸਤੀਫ਼ਾ ਦੇ ਰਿਹਾ ਹਾਂ।'



ਪੀੜਤ ਔਰਤ ਦੇ ਮੁਤਾਬਕ ਮਹਾਰਾ ਨੇ ਐਤਵਾਰ ਸ਼ਾਮ ਰਾਜਧਾਨੀ ਕਾਠਮੰਡੂ ਦੇ ਤਿਕੁਨੇ ਇਲਾਕੇ ਵਿੱਚ ਕਿਰਾਏ ਦੇ ਘਰ ਵਿੱਚ ਉਸ ਨਾਲ ਬਲਾਤਕਾਰ ਕੀਤਾ। ਓਦੋਂ ਪੀੜਤਾ ਦਾ ਪਤੀ ਘਰ ਨਹੀਂ ਸੀ। ਪੀੜਤਾ ਨੇ ਕਿਹਾ, ਮੈਂ ਅਤੇ ਮੇਰੇ ਪਤੀ ਦੋਵੇਂ ਕੁਝ ਸਮੇਂ ਤੋਂ ਉਨ੍ਹਾਂ (ਮਹਾਰਾ) ਨੂੰ ਨਿੱਜੀ ਤੌਰ ਉੱਤੇ ਜਾਣਦੇ ਸੀ। ਉਹ ਪਹਿਲਾਂ ਵੀ ਕਈ ਵਾਰ ਮੇਰੇ ਘਰ ਆਏ ਸਨ, ਪਰ ਉਦੋਂ ਮੇਰੇ ਪਤੀ ਘਰ ਵਿੱਚ ਮੌਜੂਦ ਹੁੰਦੇ ਸਨ। ਐਤਵਾਰ ਰਾਤ ਅੱਠ ਵਜੇ ਉਹ ਨਸ਼ੇ ਵਿੱਚ ਧੁੱਤ ਹੋ ਕੇ ਮੇਰੇ ਘਰ ਪੁੱਜੇ ਸਨ।' ਪੀੜਤਾ ਨੇ ਹਾਲੇ ਪੁਲਿਸ ਨੂੰ ਸ਼ਿਕਾਇਤ ਦਰਜ ਨਹੀਂ ਕਰਵਾਈ। ਮਹਾਰਾ ਦੇ ਨਿੱਜੀ ਸਕੱਤਰੇਤ ਨੇ ਬਲਾਤਕਾਰ ਦੇ ਦੋਸ਼ ਨੂੰ ਰੱਦ ਕੀਤਾ ਹੈ। ਉਨ੍ਹਾਂ ਦੇ ਪ੍ਰੈੱਸ ਸਕੱਤਰ ਨੇ ਕਿਹਾ, 'ਇਹ ਦੋਸ਼ ਬੇਬੁਨਿਆਦ ਤੇ ਭਰਮਾਊ ਹਨ। ਇਨ੍ਹਾਂ ਵਿੱਚ ਕੋਈ ਵੀ ਸੱਚਾਈ ਨਹੀਂ।' ਪ੍ਰੈੱਸ ਸਕੱਤਰ ਦਾ ਦਾਅਵਾ ਹੈ ਕਿ ਮਹਾਰਾ ਨੂੰ ਬਦਨਾਮ ਕਰਨ ਤੇ ਉਨ੍ਹਾਂ ਤੋਂ ਬਦਲਾ ਲੈਣ ਲਈ ਦੋਸ਼ ਲਾਏ ਗਏ ਹਨ। ਉਨ੍ਹਾਂ ਕਿਹਾ, 'ਪਾਰਲੀਮੈਂਟਰੀ ਸਕੱਤਰੇਤ ਦੇ ਸਿਹਤ ਵਿਭਾਗ ਵਿੱਚ ਕੋਈ ਥਾਂ ਖਾਲੀ ਨਹੀਂ। ਪੀੜਤਾ ਤੋਂ ਬਿਨਾ ਕਈ ਮੈਡੀਕਲ ਮੁਲਾਜ਼ਮ ਵਿਭਾਗ ਦੀ ਪੋਸਟਿੰਗ ਦੀ ਮੰਗ ਕਰਦੇ ਸਨ। ਇਹ ਸਾਡੇ ਹੱਥ ਵਿੱਚ ਨਹੀਂ ਸੀ। ਇਸੇ ਦਾ ਬਦਲਾ ਲੈਣ ਲਈ ਸਪੀਕਰ ਉੱਤੇ ਝੂਠਾ ਦੋਸ਼ ਲਾਇਆ ਹੈ।'

MICHELIN · Hankook · Continental · ROADLUX · BFGoodrich · AEOLUS · COMPASAL · Chevron Delo

Special OIL CHANGE Rates

BEST TRUCK REPAIR & TIRE CENTRE

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ

We also Specialize in Engine, AC, Transmission, Differential Rebuild, Safety Inspection & All Kinds of Electric Work

SPECIAL ON TRUCK ALIGNMENT  BRAND NEW MACHINES 2018

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

4 Mechanics Needed Urgently

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ

1715 Sismet Rd, Mississauga | Call Ranjit: 416.624.8351 | Tel: 905.625.0055

**KHALSA COMMUNITY SCHOOL**
69 Maitland Street, Brampton, ON, L6S 3B5
Tel: 905-791-1750 Fax: 905-458-9133
www.khalsacommunityschool.com

**SATURDAY, OCTOBER 19, 2019**

**OPEN HOUSE**
**SESSION 2020 - 2021**

ADMISSION IS NOW OPEN FOR 2020 - 2021
REGISTRATION OPEN FOR J.K. – GRADE 12
FULL DAY PROGRAMME FOR J.K. & S.K.
GRADE 1 – 12 (Limited Seats Only)

2020 – 2021 ਦੇ ਸੈਸ਼ਨ ਲਈ
ਜੇ. ਕੇ. ਤੋਂ ਗ੍ਰੇਡ 12 ਦੀ ਰਜਿਸਟ੍ਰੇਸ਼ਨ ਸ਼ੁਰੂ ਹੈ
ਜੇ. ਕੇ. ਅਤੇ ਐੱਸ. ਕੇ. ਲਈ ਫੁੱਲ ਡੇ ਪ੍ਰੋਗਰਾਮ
ਗ੍ਰੇਡ 1 – 12 (ਸੀਟਾਂ ਸੀਮਤ ਹੀ ਹਨ)

IB AUTHORIZED SCHOOL (MYP) (GRADES 6-10)
EARN CREDITS ONLINE (GRADES 9 - 12)
[Contact us at :info@kcsonlinelearning.com]

FOR FURTHER INFORMATION PLEASE CALL 905-791-1750.


# ਖ਼ਾਲਿਸਤਾਨ ਪੱਖੀ ਪ੍ਰਚਾਰ ਦੇ ਦੋਸ਼ ਵਿੱਚ ਇਕ ਵਿਅਕਤੀ ਗ੍ਰਿਫ਼ਤਾਰ

## * ਸੀਆਈਏ ਸਟਾਫ਼ ਤਰਨਤਾਰਨ ਵੱਲੋਂ ਮੋਹਾਲੀ ਨੇੜੇ ਕਾਰਵਾਈ



ਐੱਸਏ ਐੱਸ ਨਗਰ, 1 ਅਕਤੂਬਰ, (ਪੋਸਟ ਬਿਊਰੋ)- ਸੀਆਈ ਏ ਸਟਾਫ਼ ਤਰਨਤਾਰਨ ਦੀ ਪੁਲਸ ਨੇ ਮੋਹਾਲੀ ਨੇੜੇ ਪਿੰਡ ਸੈਦਪੁਰ ਤੋਂਖ਼ਾਲਿਸਤਾਨੀ ਸੰਗਠਨਾਂ ਨਾਲ ਸਬੰਧਾਂ, ਖ਼ਾਲਿਸਤਾਨ ਫੋਰਸ ਤੇ ਰੈਫਰੰਡਮ-2020 ਦਾ ਸੋਸ਼ਲ ਮੀਡੀਆ ਉੱਤੇ ਪ੍ਰਚਾਰ ਕਰਨ ਦੇ ਸ਼ੱਕ ਹੇਠ ਅੱਜ ਇਕ ਵਿਅਕਤੀ ਨੂੰ ਫੜਿਆ ਹੈ, ਜਿਸ ਦੀ ਪਛਾਣ ਮੰਗਤ ਰਾਮ ਉਰਫ਼ ਜਗਤਾਰ ਸਿੰਘ ਵਜੋਂ ਹੋਈ ਹੈ। ਉਹ ਖ਼ੁਦ ਨੂੰ ਕਿਸੇ ਅਖ਼ਬਾਰ ਦਾ ਪੱਤਰਕਾਰ ਦੱਸਦਾ ਸੀ।ਪੁਲਿਸ ਨੂੰ ਸ਼ੱਕ ਹੈ ਕਿ ਉਸ ਨੂੰ ਵਿਦੇਸ਼ ਬੈਠੇ ਖ਼ਾਲਿਸਤਾਨ ਹਮਾਇਤੀਆਂ ਵੱਲੋਂ ਫੰਡਿੰਗ ਵੀ ਹੋ ਰਹੀ ਹੈ।

ਪਤਾ ਲੱਗਾ ਹੈ ਕਿ ਉਸ ਨੂੰ ਸੋਮਵਾਰ ਸਵੇਰੇ 6 ਵਜੇ ਦੇ ਕਰੀਬ ਉਸ ਦੇ ਘਰੋਂ ਗ੍ਰਿਫਤਾਰਕੀਤਾ ਗਿਆ ਸੀ, ਜਿਸ ਦੀ ਪੁਸ਼ਟੀ ਪਰਿਵਾਰ ਅਤੇ ਸੀਆਈਏ ਸਟਾਫ਼ ਮੋਹਾਲੀ ਨੇ ਅੱਜ ਮੰਗਲਵਾਰ ਨੂੰ ਕੀਤੀ ਹੈ। ਗ੍ਰਿਫਤਾਰੀ ਤੋਂ ਬਾਅਦ ਮੰਗਤ ਰਾਮ ਉਰਫ ਜਗਤਾਰ ਸਿੰਘ ਨੂੰ ਸੀਆਈ ਏ ਸਟਾਫ਼ ਖਰੜ ਵਿਖੇ ਲਿਆਂਦਾ ਗਿਆ ਅਤੇ ਉਸ ਦੀ ਕਈ ਘੰਟੇ ਪੁੱਛਗਿੱਛ ਦੇ ਬਾਅਦ ਅਗਲੀ ਪੜਤਾਲ ਲਈ ਤਰਨਤਾਰਨ ਪੁਲਸ ਦੀ ਟੀਮ ਆਪਣੇ ਨਾਲ ਲੈ ਗਈ।

ਇਸ ਤੋਂ ਪਹਿਲਾਂ ਸਿਵਲ ਕੱਪੜਿਆਂ ਵਿਚ ਤਰਨ ਤਾਰਨ ਪੁਲਿਸ ਮੰਗਤ ਰਾਮ ਵਾਸੀ ਸੈਦਪੁਰ ਦੀ ਭਾਲ ਵਿੱਚਸੀ, ਪਰ ਉਸ ਦਾ ਘਰ ਨਾ ਪਤਾ ਹੋਣ ਕਾਰਨ ਚੋਖੀ ਲੇਟ ਸ਼ੁਰੂ ਹੋਈ। ਮੰਗਤ ਰਾਮ ਦੀ ਪਤਨੀ ਨੇ ਦੱਸਿਆ ਕਿ ਪਿੰਡ ਦੇ ਸਾਬਕਾ ਸਰਪੰਚ ਦੇ ਪੁੱਤਰ ਸੋਨੀ ਨਾਲ ਸਿਵਲ ਵਰਦੀ ਵਿੱਚ ਕੁਝਲੋਕ ਉਨ੍ਹਾਂ ਦੇ ਘਰ ਆਏ ਸਨ, ਜਿਨ੍ਹਾਂ ਨੇ ਖ਼ੁਦ ਨੂੰ ਪੁਲਿਸ ਵਾਲੇ ਦੱਸ ਕੇ ਮੰਗਤ ਨੂੰ ਆਪਣੇ ਨਾਲ ਚੱਲਣ ਨੂੰ ਕਿਹਾ। ਮੰਗਤ ਸਿੰਘ ਦੀ ਪਤਨੀ ਮੁਤਾਬਕ ਤਿੰਨ ਵਿਅਕਤੀ ਉਨ੍ਹਾਂ ਦੇ ਘਰ ਰੁਕ ਗਏ ਤੇ ਬਾਕੀ ਉਸ ਨੂੰ ਖਰੜ ਸੀਆਈ ਏ ਸਟਾਫ਼ਲੈ ਗਏ। ਪਤਾ ਲੱਗਾ ਹੈ ਕਿ ਪਿੰਡ ਦੇ ਸਾਬਕਾ ਸਰਪੰਚ ਸੁਰਜੀਤ ਸਿੰਘ ਦਾ ਪੁੱਤਰ ਸੋਨੀ ਫਿਰਨੀ ਉੱਤੇ ਸੈਰ ਕਰ ਰਿਹਾ ਸੀ ਕਿ ਉਸ ਨੂੰ ਰੋਕ ਕੇ ਪੁਲਿ-ਸਨੇ ਪਹਿਲਾਂ ਮੋਬਾਈਲ ਵਿਚ ਫੋਟੋ ਦਿਖਾ ਕੇ ਇਸ ਆਦਮੀ ਦਾ ਘਰ ਪੁੱਛਿਆ। ਸੋਨੀ ਦਾ ਕਹਿਣਾ ਹੈ ਕਿ ਉਸ ਨੂੰ ਫੋਟੋ ਦਿਖਾ ਕੇ ਮੰਗਤ ਦੇ ਘਰ ਛੱਡਣ ਨੂੰ ਕਿਹਾ ਗਿਆ ਸੀ।ਸਿਵਲ ਵਰਦੀ ਵਿਚ ਆਪਣੇ ਆਪ ਨੂੰ ਇਹ ਲੋਕ ਪੁਲਿਸ ਮੁਲਾਜ਼ਮ ਦੱਸਦੇ ਸਨ ਤੇ ਇਨ੍ਹਾਂ ਕੋਲ 3-4 ਗੱਡੀਆਂ ਸਨ। ਇਸ ਪਿੱਛੋਂ ਪੁਲਿਸ ਟੀਮ ਨੇ ਉਸ ਵਿਅਕਤੀ ਦੇ ਘਰ ਬੈਠ ਕੇ ਉਸ ਤੋਂ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ, ਜਿਸ ਵਿਚ ਸੋਸ਼ਲ ਮੀਡੀਆ ਉੱਤੇ ਖ਼ਾਲਿਸਤਾਨ ਹਮਾਇਤੀ ਪੋਸਟਾਂ ਦਾ ਜ਼ਿਕਰ ਹੋ ਰਿਹਾ ਸੀ।

ਸੰਬੰਧਤ ਪਿੰਡ ਦੇ ਲੋਕਾਂ ਮੁਤਾਬਕ ਪੁਲਿਸ ਨੇ ਪਿੰਡ ਦੀ ਫਿਰਨੀ ਉੱਤੇ 2 ਵਜੇ ਚੱਕਰ ਮਾਰਨਪਿੱਛੋਂ ਸਵੇਰੇ 6 ਵਜੇ ਮੰਗਤ ਦੇ ਘਰ ਛਾਪਾ ਮਾਰਿਆ। ਉਸ ਦੇ ਪਰਿਵਾਰ ਮੁਤਾਬਕ ਉਸ ਘਰ ਦੇ ਸਾਰੇ ਕਮਰਿਆਂ ਦੀ ਤਲਾਸ਼ੀ ਲਈ ਗਈ ਅਤੇ ਪੁਲਿਸ ਵਾਲੇ ਉਨ੍ਹਾਂ ਦੇ ਘਰ 4-5 ਘੰਟੇ ਰਹੇ।ਪਰਵਾਰ ਨੇ ਪੱਤਰਕ-ਾਰਾਂ ਨੂੰ ਦੱਸਿਆ ਕਿ ਪੁਲਿਸ ਮੰਗਤ ਅਤੇ ਉਸ ਦੇ ਦੋਵੇਂ ਪੁੱਤਰਾਂ ਦੇ ਮੋਬਾਈਲ ਫੋਨ ਵੀ ਨਾਲਲੈ ਗਈ ਹੈ। ਸੈਦਪੁਰ ਵਿਖੇ ਮੰਗਤ ਰਾਮ ਦਾ ਨਵਾਂ ਤਿੰਨ ਮੰਜ਼ਿਲਾ ਘਰ ਬਣ ਰਿਹਾ ਹੈ। ਮੰਗਤ ਤੋਂ ਪੜਤਾਲ ਦੌਰਾਨ ਘਰ ਉੱਤੇ ਲੱਗੇ ਪੈਸੇ ਦਾ ਸਰੋਤ ਵੀ ਪੁੱਛਿਆ ਗਿਆ। ਪੁਲਿਸ ਨੂੰ ਸ਼ੱਕ ਹੈ ਕਿ ਖ਼ਾਲਿਸਤਾਨ ਪੱਖੀ ਪੋਸਟਾਂ ਵਾਇਰਲ ਕਰਨ ਲਈ ਉਸ ਨੂੰ ਵਿਦੇਸ਼ ਬੈਠੇ ਖ਼ਾਲਿਸਤਾਨੀਆਂ ਤੋਂ ਫੰਡਿੰਗ ਹੁੰਦੀ ਹੈ।


**UPPAL LAW**
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters

OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters

AVTAR UPPAL Manager
AMAN UPPAL Barrister,Solicitor
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
FREE Consultation
* PRIOR APPOINTMENT NECESSARY

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)


Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089


Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post


## ਲੜਕੇ ਦੀ ਲੋੜ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5'-3'', ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

**Cell n Tell Distribution Inc.**
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

**Cell n Tell Distribution Inc.**
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com

**STARLANE PAINTING**
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

## ਪੰਜਾਬੀ ਗਾਇਕ ਕੇ ਐੱਸ ਮੱਖਣ ਨੇ ਸੋਸ਼ਲ ਮੀਡੀਆ ਉੱਤੇ ਲਾਈਵ ਹੋ ਕੇ ਸਿੱਖੀ ਸਰੂਪ ਛੱਡਿਆ



ਜਲੰਧਰ, 1 ਅਕਤੂਬਰ, (ਪੋਸਟ ਬਿਊਰੋ)- ਜਾਣੇ-ਪਛਾਣੇ ਪੰਜਾਬੀ ਗਾਇਕ ਕੇ ਐੱਸ ਮੱਖਣ ਨੇ ਅੱਜ ਸੋਸ਼ਲ ਮੀਡੀਆਤੋਂ ਲਾਈਵ ਹੋ ਕੇ ਸਿੱਖੀ ਸਰੂਪ ਛੱਡਦਿੱਤਾ ਹੈ। ਕੁਝ ਸਾਲ ਪਹਿਲਾਂ ਸਿੱਖ ਧਰਮ ਅਪਣਾਉਣ ਵਾਲੇ ਕੇ ਐੱਸ ਮੱਖਣ ਨੇ ਆਪਣੇ ਕੱਕਾਰ ਅੱਜ ਗੁਰੂ ਚਰਨਾਂ ਵਿੱਚ ਸਮਰਪਿਤ ਕਰ ਦਿੱਤੇ।

ਕੇ ਐੱਸ ਮੱਖਣ ਦਾ ਕਹਿਣਾ ਸੀ ਕਿ ਕੁਝ ਲੋਕ ਉਨ੍ਹਾਂ ਨਾਲ ਧਾਰਮਿਕ ਵਿਵਾਦ ਜੋੜ ਰਹੇ ਹਨ ਤੇ ਉਨ੍ਹਾਂ ਦਾ ਨਾਂ ਲੈ ਕੇ ਧਰਮ ਦੇ ਨਾਂ ਉੱਤੇ ਰਾਜਨੀਤੀ ਹੋ ਰਹੀ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਉੱਤੇ ਲਾਈਵ ਹੋ ਕੇ ਕਿਹਾ ਕਿ ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਕਰਕੇ ਕੋਈ ਧਾਰਮਿਕ ਵਿਵਾਦ ਸ਼ੁਰੂ ਹੋਵੇ, ਇਸ ਲਈ ਉਹ ਆਪਣਾ ਸਿੱਖੀ ਧਰਮ ਛੱਡ ਰਹੇ ਹਨ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਗਾਇਕ ਗੁਰਦਾਸ ਮਾਨ ਵਲੋਂ ਹਿੰਦੀ ਦੇ ਹੱਕ ਵਿੱਚ ਦਿੱਤੇ ਬਿਆਨ ਦਾ ਮੱਖਣ ਨੇ ਸਮਰਥਨ ਕੀਤਾ ਸੀ। ਇਸ ਪਿੱਛੋਂ ਗੁਰਦਾਸ ਮਾਨ ਅਤੇ ਕੇ ਐੱਸ ਮੱਖਣ ਦੋਵੇਂ ਜਣੇ ਪੰਜਾਬੀ ਸਮਰਥਕਾਂ ਤੇ ਕਈ ਸਿਆਸੀ ਆਗੂਆਂ ਦੇ ਨਿਸ਼ਾਨੇ ਉੱਤੇ ਆ ਗਏ ਹਨ।ਗਾਇਕ ਕੇ ਐੱਸ ਮੱਖਣ ਵਲੋਂ ਅੱਜ ਲਾਈਵ ਹੋ ਕੇ ਉਤਾਰੇ ਕੱਕਾਰਾਂ ਬਾਰੇ ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੱਖਣ ਦੇ ਖ਼ਿਲਾਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੋਈ ਕਦਮ ਚੁੱਕਣਾ ਚਾਹੀਦਾ ਹੈ ਤੇ ਪੰਜ ਪਿਆਰਿਆਂ ਵਲੋਂ ਉਸ ਨੂੰ ਤਲਬ ਕੀਤਾ ਜਾਣਾ ਚਾਹੀਦਾ ਹੈ।

HOUSE FOR RENT ਰੈਂਟ $2,400
ਵਧੀਆ ਤੇ ਸ਼ਾਨਦਾਰ ਸੈਮੀ ਡਿਟੈਚਡ ਘਰ
3 Bedroom + Office
2 Car parking + Garage
William Pkwy & Chinguacousy, Brampton
647-765-8644 | nsrespect@gmail.com

# ਸੰਘਾ ਮੋਸ਼ਨ ਪਿਕਚਰਜ਼ ਦੀ ਅੰਗਰੇਜ਼ੀ ਲਘੂ ਫ਼ਿਲਮ 'ਨੈਵਰ ਅਗੇਨ' ਦਾ ਹੋਇਆ ਭਾਵਪੂਰਤ ਤੇ ਸਫ਼ਲ ਪ੍ਰਦਰਸ਼ਨ

## ਇਕਬਾਲ ਬਰਾੜ ਦੇ ਗੀਤਾਂ ਦੀਆਂ ਵੀਡਿਓਜ਼ ਨੇ ਦਰਸ਼ਕਾਂ ਉੱਪਰ ਡੂੰਘੀ ਛਾਪ ਛੱਡੀ







ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 29 ਸਤੰਬਰ ਨੂੰ ਬਰੈਂਪਟਨ ਦੇ ਕਨਸਟੋਗਾ ਰੋਡ ਦੇ ਨੇੜੇ ਸਥਿਤ 'ਸਿਰਿਲ ਕਲਾਰਕ ਲਾਇਬ੍ਰੇਰੀ ਥੀਏਟਰ' ਵਿਚ ਸੰਘਾ ਮੋਸ਼ਨ ਪਿਕਚਰਜ਼ ਵੱਲੋਂ ਤਿਆਰ ਕੀਤੀ ਗਈ ਅੰਗਰੇਜ਼ੀ ਲਘੂ ਫਿਲਮ 'ਨੈਵਰ ਅਗੇਨ' ਦਾ ਦਰਸ਼ਕਾਂ ਦੀ ਭਰਵੀਂ ਹਾਜ਼ਰੀ ਵਿਚ ਸਫ਼ਲ ਪ੍ਰਦਰਸ਼ਨ ਕੀਤਾ ਗਿਆ। ਖਚਾ-ਖੱਚ ਭਰੇ ਹੋਏ ਇਸ ਥੀਏਟਰ ਹਾਲ ਵਿਚ ਕੋਈ ਵੀ ਕੁਰਸੀ ਖਾਲੀ ਦਿਖਾਈ ਨਹੀਂ ਦੇ ਰਹੀ ਸੀ, ਸਗੋਂ ਥੀਏਟਰ-ਹਾਲ ਵਿਚ ਸੀਮਤ ਸੀਟਾਂ ਹੋਣ ਕਾਰਨ ਪ੍ਰਬੰਧਕਾਂ ਵੱਲੋਂ ਬਹੁਤ ਸਾਰੇ ਲੋਕਾਂ ਨੂੰ ਇਸ ਫ਼ਿਲਮ ਦੇ ਆਉਂਦੇ ਕੁਝ ਦਿਨਾਂ ਦੌਰਾਨ ਕੀਤੇ ਜਾਣ ਵਾਲੇ ਦੂਸਰੇ ਸ਼ੋਅ ਦਾ ਲਾਰਾ ਲਾਇਆ ਗਿਆ।

20 ਕੁ ਮਿੰਟਾਂ ਦੀ ਇਸ ਫ਼ਿਲਮ ਵਿਚ ਸਮਾਜ ਵਿਚ ਇਸ ਸਮੇਂ ਹੋ ਰਹੀ ਰਿਸ਼ਤਿਆਂ ਦੀ ਟੁੱਟ-ਭੱਜ ਦਾ ਬੱਚਿਆਂ 'ਤੇ ਪੈਣ ਵਾਲੇ ਬੁਰੇ ਪ੍ਰਭਾਵ, ਘਰੇਲੂ-ਹਿੰਸਾ ਅਤੇ ਨੌਜੁਆਨਾਂ ਦਾ ਨਸ਼ਿਆਂ ਵੱਲ ਵੱਧ ਰਹੇ ਝੁਕਾਅ ਵਰਗੇ ਸੰਵੇਦਨਸ਼ੀਲ ਵਿਸ਼ਿਆਂ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ। ਇਸ ਫ਼ਿਲਮ ਵਿਚ ਮਾਪਿਆਂ ਦੀ ਆਪਸੀ ਲੜਾਈ ਦਾ ਬੱਚੇ ਦੇ ਮਨ 'ਤੇ ਹੋਇਆ ਡੂੰਘਾ ਅਸਰ ਬਾਖ਼ੂਬੀ ਵਿਖਾਇਆ ਗਿਆ ਹੈ ਅਤੇ ਉਹ ਵੱਡਾ ਹੋ ਕੇ ਇਸ ਮਾਹੌਲ ਤੋਂ ਦੂਰ ਭੱਜਣ ਦੀ ਕੋਸ਼ਿਸ਼ ਕਰਦਾ ਹੈ ਤੇ ਨਸ਼ਿਆਂ ਦੀ ਦਲਦਲ ਵਿਚ ਫਸ ਜਾਂਦਾ ਹੈ। ਇਸ ਦੇ ਨਾਲ ਹੀ ਉਸ ਨੂੰ ਆਪਣੀ ਮਾਂ ਅਤੇ ਮਨੋਵਿਗਿਆਨੀ ਡਾਕਟਰ ਸਿੰਘ ਵਿਚ ਪੈਦਾ ਹੋ ਰਹੀ ਸਾਹਿਤਕ-ਵਿਚਾਰਾਂ ਦੀ ਨੇੜਤਾ ਹੋਰ ਵੀ ਦੁਖੀ ਕਰਦੀ ਹੈ।

ਇਸ ਦੌਰਾਨ ਡਾਕਟਰ ਸਿੰਘ ਵੱਲੋਂ ਉਸ ਦੀ ਸਫ਼ਲਤਾ-ਪੂਰਵਕ ਕਾਉਂਸਲਿੰਗ ਕੀਤੀ ਜਾਂਦੀ ਹੈ ਅਤੇ ਫ਼ਿਲਮ ਦਾ ਅੰਤ ਸੁਖਾਵਾਂ ਦਰਸਾਉਂਦਿਆਂ ਹੋਇਆਂ ਹੌਲੀ-ਹੌਲੀ ਉਸ ਨੌਜੁਆਨ ਦੀ ਆਮ ਜੀਵਨ ਵੱਲ ਵਾਪਸੀ ਵਿਖਾਈ ਗਈ ਹੈ। ਅਖ਼ੀਰ ਡਾਕਟਰ ਸਿੰਘ ਦੀ ਪ੍ਰੇਰਨਾ ਸਦਕਾ ਉਹ ਨਸ਼ਿਆਂ ਤੋਂ ਦੂਰ ਹੁੰਦਾ ਹੈ ਅਤੇ ਮੁੜ ਇਸ ਰਸਤੇ ਜਾਣ ਤੋਂ ਤੌਬਾ ਕਰਦਾ ਹੈ।

ਫ਼ਿਲਮ ਦਾ ਕੇਂਦਰੀ ਵਿਚਾਰ ਡਾ. ਜਗਮੋਹਨ ਸੰਘਾ ਜੋ ਇਸ ਫ਼ਿਲਮ ਦੇ ਪ੍ਰੋਡਿਊਸਰ ਹਨ ਅਤੇ ਉਨ੍ਹਾਂ ਨੇ ਇਸ ਵਿਚ ਮਨੋਵਿਗਿਆਨੀ ਡਾਕਟਰ ਦਾ ਕਿਰਦਾਰ ਵੀ ਬਾਖ਼ੂਬੀ ਨਿਭਾਇਆ ਹੈ, ਦੇ ਹੋਣਹਾਰ ਸਪੁੱਤਰ ਕਰਨ ਸੰਘਾ ਦਾ ਹੈ ਅਤੇ ਫ਼ਿਲਮ ਦਾ ਨਿਰਦੇਸ਼ਨ ਉੱਘੇ ਬਾਲੀਵੁੱਡ ਡਾਇਰੈਕਟਰ ਮਜ਼ਾਹਿਰ ਰਹੀਮ ਨੇ ਦਿੱਤਾ ਹੈ। ਫ਼ਿਲਮ ਵਿਚ ਨਸ਼ੇ ਨਾਲ ਪੀੜਤ ਨੌਜੁਆਨ ਦਾ ਰੋਲ ਮਲਹਾਰ ਸਿੰਘ ਜੋ ਉਂਜ ਆਮ ਜ਼ਿੰਦਗੀ ਵਿਚ ਇਕ ਵਧੀਆ ਕਲਾਸੀਕਲ ਗਾਇਕ ਹੈ, ਨੇ ਬਹੁਤ ਵਧੀਆ ਨਿਭਾਇਆ ਹੈ ਅਤੇ ਮਾਂ ਦੀ ਕੇਂਦਰੀ ਭੂਮਿਕਾ ਵਿਚ ਕੁਲ ਦੀਪ ਨੇ ਆਪਣੀ ਨਾਟਕ-ਕਲਾ ਦਾ ਖ਼ੂਬਸੂਰਤ ਪ੍ਰਦਰਸ਼ਨ ਕੀਤਾ ਹੈ। ਪਿਤਾ ਦੇ ਛੋਟੇ ਜਿਹੇ ਰੋਲ ਵਿਚ ਹੀਰਾ ਰੰਧਾਵਾ ਆਪਣੀ ਡੂੰਘੀ ਛਾਪ ਛੱਡ ਗਿਆ ਹੈ। ਇਸ ਦੌਰਾਨ ਟੀ.ਵੀ.ਐਂਕਰ ਕਵਿਤਾ ਸਿੰਘ ਵੀ ਇਕ ਛੋਟੇ ਜਿਹੇ ਰੋਲ ਵਿਚ ਵਿਖਾਈ ਦਿੰਦੀ ਹੈ। ਫ਼ਿਲਮ ਦੀ ਸ਼ੂਟਿੰਗ ਬਰੈਂਪਟਨ ਅਤੇ ਟੋਰਾਂਟੋ ਦੇ ਆਸ-ਪਾਸ ਕੀਤੀ ਗਈ ਹੈ। ਫ਼ਿਲਮ ਦੀ ਵੀਡੀਓਗਰਾਫ਼ੀ ਕਮਾਲ ਦੀ ਹੈ। ਇਹ ਫ਼ਿਲਮ ਮਿਆ

ਇੱਥੇ ਇਹ ਜ਼ਿਕਰਯੋਗ ਹੈ ਕਿ ਇਹ ਫ਼ਿਲਮ 'ਮਿਆਮੀ ਇੰਡੀਪੈਂਡੈਂਟ ਇੰਟਰਨੈਸ਼ਨਲ ਫ਼ਿਲਮ ਫ਼ੈੱਸਟੀਵਲ', 'ਬੈੱਸਟ ਗਲੋਬਲ ਸ਼ੌਰਟਸ' ਅਤੇ 'ਮੂਡੀ ਕਰੈਬ ਫ਼ਿਲਮ ਫ਼ੈੱਸਟੀਵਲ' ਵਰਗੇ ਮਿਆਰੀ ਅੰਤਰ-ਰਾਸ਼ਟਰੀ ਫ਼ਿਲਮ ਮੇਲਿਆਂ ਵਿਚ ਵਿਖਾਈ ਜਾ ਚੁੱਕੀ ਹੈ ਅਤੇ ਦਰਸ਼ਕਾਂ ਵੱਲੋਂ ਇਸ ਦੀ ਭਰਪੂਰ ਸ਼ਲਾਘਾ ਹੋਈ ਹੈ। ਇਸ ਦਾ ਪ੍ਰੀਮੀਅਰ ਸ਼ੋਅ ਦੋ ਕੁ ਮਹੀਨੇ ਪਹਿਲਾਂ ਟੋਰਾਂਟੋ ਡਾਊਨ ਟਾਊਨ ਵਿਚ 'ਟੋਰਾਂਟੋ ਇਫ਼ਸਾ ਫ਼ਿਲਮ ਫ਼ੈੱਸਟੀਵਲ ਦੌਰਾਨ ਕੀਤਾ ਗਿਆ ਸੀ।

ਪ੍ਰੋਗਰਾਮ ਦੇ ਦੂਸਰੇ ਭਾਗ ਵਿਚ ਇਕਬਾਲ ਬਰਾੜ ਦੇ ਛੇ ਗੀਤਾਂ ਦੀਆਂ ਵੀਡਿਓਜ਼ ਦਰਸ਼ਕਾਂ ਦੇ ਰੂ-ਬ-ਰੂ ਕੀਤੀਆਂ ਗਈਆਂ ਜਿਨ੍ਹਾਂ ਦਾ ਉਨ੍ਹਾਂ ਨੇ ਭਰਪੂਰ ਅਨੰਦ ਮਾਣਿਆਂ। ਜਿੱਥੇ ਅੰਮ੍ਰਿਤਾ ਪ੍ਰੀਤਮ ਦੇ ਬੋਲਾਂ 'ਅੱਜ ਆਖਾਂ ਵਾਰਸ ਸ਼ਾਹ ਨੂੰ' ਦੇ ਆਧਾਰਿਤ ਏਸੇ ਸਿਰਲੇਖ ਦੀ ਵੀਡੀਓ, ਮਕਸੂਦ ਚੌਧਰੀ ਦੇ ਬੋਲਾਂ 'ਸੋਚਾਂ ਵਿਚ ਯਾਦਾਂ ਦੀਆਂ ਚੱਲਣ ਹਨੇਰੀਆਂ', ਵਰਿੰਦਰਪਾਲ ਰੰਧਾਵਾ ਦੇ ਸ਼ਬਦਾਂ 'ਡੋਲੀ' ਅਤੇ (ਸਵ.) ਸਾਥੀ ਲੁਧਿਆਣਵੀ ਦੇ ਖ਼ੂਬਸੂਰਤ ਬੋਲਾਂ ਆਧਾਰਿਤ 'ਖ਼ਤ ਲਿਖੀਂ' ਦੀਆਂ ਵੀਡੀਓਜ਼ ਦਰਸ਼ਕਾਂ ਨੂੰ ਭਾਵਨਾਤਮਿਕ ਵੇਗ ਵਿਚ ਲੈ ਗਈਆਂ, ਉੱਥੇ ਗੁਰਦਾਸ ਮਿਨਹਾਸ ਦੀ ਰੁਮਾਂਚਿਕ ਰਚਨਾ 'ਘਰ ਆ ਜਾ ਮਾਹੀਆ' ਅਤੇ ਲੋਕ-ਟੱਪਿਆਂ ਨੇ ਆਪਣਾ ਵੱਖਰਾ ਰੰਗ ਬਿਖ਼ੇਰਿਆ। ਟੱਪਿਆਂ ਵਿਚ ਬੰਗਾਲੀ ਬੀਬੀ ਸੁਮਾਨਾ ਗੰਗੋਲੀ ਡੇ ਦੀ ਸੁਰੀਲੀ ਤੇ ਖ਼ੂਬਸੂਰਤ ਆਵਾਜ਼ ਨੇ ਇਕਬਾਲ ਬਰਾੜ ਦਾ ਬਾਖ਼ੂਬੀ ਸਾਥ ਦਿੱਤਾ। ਉਸ ਦੇ ਬੋਲਾਂ ਵਿਚ ਪੰਜਾਬੀ ਬੋਲੀ ਪੂਰੀ ਇਕ-ਮਿਕ ਹੋਈ ਸੀ ਅਤੇ ਦਰਸ਼ਕਾਂ ਨੂੰ ਇਸ ਵਿਚ ਕੁਝ ਵੀ ਓਪਰਾ ਨਾ ਲੱਗਾ, ਸਗੋਂ ਇਸ ਮੌਕੇ ਮੰਚ-ਸੰਚਾਲਕ ਕਵਿਤਾ ਸਿੰਘ ਦਾ ਕਹਿਣਾ ਸੀ ਕਿ ਇਕਬਾਲ ਬਰਾੜ ਤੇ ਸੁਮਾਨਾ ਗੰਗੋਲੀ ਨੇ ਜਗਜੀਤ ਸਿੰਘ ਤੇ ਚਿਤਰਾ ਸੇਨ ਦੁਆਰਾ ਗਾਏ ਗਏ ਟੱਪਿਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ।

ਸਮਾਗ਼ਮ ਦੇ ਅਖ਼ੀਰ ਵਿਚ ਪੀਲ ਸਕੂਲ ਬੋਰਡ ਦੀ ਟਰੱਸਟੀ ਬਲਬੀਰ ਸੋਹੀ ਨੇ ਅਜੋਕੀ ਪੀੜ੍ਹੀ-ਪਾੜੇ ਦੀ ਗੱਲ ਕਰਦਿਆਂ ਇਸ ਨੂੰ ਘੱਟ ਕਰਨ ਅਤੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੀ ਗੱਲ ਕੀਤੀ। ਇਸ ਮੌਕੇ ਬੋਲਦਿਆਂ ਉੱਘੇ ਪੰਜਾਬੀ ਲੇਖਕ ਡਾ. ਵਰਿਆਮ ਸਿੰਘ ਸੰਧੂ ਨੇ ਮੰਚ-ਸੰਚਾਲਕ ਕਵਿਤਾ ਸਿੰਘ ਵੱਲੋਂ ਇਕਬਾਲ ਬਰਾੜ ਨੂੰ 'ਟੋਰਾਂਟੋ ਦਾ ਮੁਹੰਮਦ ਰਫ਼ੀ' ਕਹਿਣ 'ਤੇ ਆਪਣੀ ਅਸਹਿਮਤੀ ਜਤਾਉਂਦਿਆਂ ਉਸ ਨੂੰ 'ਦੋਹਾਂ ਪੰਜਾਬਾਂ ਦਾ ਸਾਂਝਾ ਤੇ ਪੰਜਾਬੀਅਤ ਦਾ ਇਕਬਾਲ ਬਰਾੜ' ਕਿਹਾ। ਉਨ੍ਹਾਂ ਦਾ ਕਹਿਣਾ ਸੀ ਹਰੇਕ ਕਲਾਕਾਰ ਦੀ ਆਪਣੀ ਖ਼ਾਸੀਅਤ ਹੁੰਦੀ ਹੈ ਅਤੇ ਕਿਸੇ ਵੀ ਕਲਾਕਾਰ ਦੀ ਦੂਸਰੇ ਨਾਲ ਤੁਲਣਾ ਨਹੀਂ ਕੀਤੀ ਜਾ ਸਕਦੀ। ਫ਼ਿਲਮ ਦੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਵਿਚ ਲਏ ਗਏ ਭਾਵਨਾਤਮਿਕ ਵਿਸ਼ਿਆਂ ਨੂੰ ਸਾਰੇ ਕਲਾਕਾਰਾਂ ਵੱਲੋਂ ਬਾਖ਼ੂਬੀ ਨਿਭਾਇਆ ਗਿਆ ਹੈ। ਉਨ੍ਹਾਂ ਫ਼ਿਲਮ ਦੇ ਕਲਾਕਾਰਾਂ, ਫ਼ਿਲਮ ਨਿਰਦੇਸ਼ਕ, ਵੀਡੀਓ ਨਿਰਦੇਸ਼ਕ ਅਤੇ ਪ੍ਰੋਡਿਊਸਰ ਡਾ. ਜਗਮੋਹਨ ਸੰਘਾ ਦੀ ਇਸ ਖ਼ੂਬਸੂਰਤ ਪ੍ਰੋਡਕਸ਼ਨ ਦੀ ਭਰਪੂਰ ਸਰਾਹਨਾ ਕੀਤੀ। ਸਮਾਗ਼ਮ ਦੇ ਅਖ਼ੀਰ ਵਿਚ ਇਸ ਫ਼ਿਲਮ ਵਿਚ ਕੰਮ ਕਰਨ ਵਾਲੇ ਸਾਰੇ ਕਲਾਕਾਰਾਂ ਤੇ ਟੈਕਨੀਸ਼ੀਅਨਾਂ ਅਤੇ ਇਕਬਾਲ ਬਰਾੜ ਦੇ ਗੀਤਾਂ ਦੀਆਂ ਵੀਡਿਓਜ਼ ਦੇ ਗੀਤਕਾਰਾਂ ਤੇ ਮਿਊਜ਼ਿਕ ਡਾਇਰੈਕਟਰ ਜਨਾਬ ਨਦੀਮ ਅਲੀ ਨੂੰ ਸਰਟੀਫ਼ਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

ਫੈਨਸਾਂ ਜਾਂ ਘੁਰਾਂ ਦੇ ਰੰਗ ਕਰਨ ਲਈ
ਇਕੋ ਨਾਂ, ਇਕੋ ਨੂੰ
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
▪ 1 yr Home Warranty
Free valuation & Lowest Commission
▪ We Help to get mortgage
▪ Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੁਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
Local City Drivers @ 22/hr
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਭਾਰਤ ਵਿੱਚ ਵੀ ਆਈ ਪੀ ਕਲਚਰ ਕਦੋਂ ਤੱਕ ਚੱਲੇਗਾ

-ਸੁਧਾਂਸ਼ੂ ਰੰਜਨ

ਪਿੱਛੇ ਜਿਹੇ ਅਮਰੀਕਾ ਦੇ ਵੱਕਾਰੀ ਰਸਾਲੇ ਟਾਈਮ ਵਿੱਚ ਛਪੀ ਇੱਕ ਰਿਪੋਰਟ ਪੜ੍ਹ ਕੇ ਮਨ ਖੁਸ਼ ਹੋ ਗਿਆ ਸੀ ਕਿ ਕਿਸ ਤਰ੍ਹਾਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿੰਮੀ ਕਾਰਟਰ (93 ਸਾਲ) ਤੇ ਉਸ ਦੀ ਪਤਨੀ ਰਾਜ਼ੇਲਿਨ (91 ਸਾਲ) ਸਾਦਗੀ ਨਾਲ ਦੋ ਕਮਰਿਆਂ ਵਾਲੇ ਫਲੈਟ ਵਿੱਚ ਰਹਿੰਦੇ ਹਨ। ਉਹ ਆਪਣਾ ਖਾਣਾ ਖੁਦ ਬਣਾਉਂਦੇ ਹਨ ਅਤੇ ਦੂਜਿਆਂ ਲਈ ਮਕਾਨ ਬਣਾਉਂਦੇ ਹਨ। ਉਹ ਸਥਾਨਕ ਬੈਪਟਿਸਟ ਚਰਚ 'ਚ ਜਾਂਦੇ ਹਨ, ਜਿੱਥੇ ਕਾਰਟਰ 'ਸੰਡੇ ਸਕੂਲ' ਵਿੱਚ ਪੜ੍ਹਾਉਂਦੇ ਹਨ। ਉਹ ਕਦੇ ਵੀ ਮੋਟੀ ਰਕਮ ਲੈ ਕੇ ਭਾਸ਼ਣ ਨਹੀਂ ਦਿੰਦੇ। ਮਨ ਦੁਖੀ ਹੋਇਆ ਅਤੇ ਇਹ ਸੋਚਣ ਲਈ ਮਜਬੂਰ ਹੋਇਆ ਕਿ ਕੀ ਭਾਰਤ 'ਚ ਵਿਸ਼ੇਸ਼ ਵਿਅਕਤੀ (ਵੀ ਆਈ ਪੀ) ਉਨ੍ਹਾਂ ਤੋਂ ਸਿਖਿਆ ਲੈਣਗੇ? ਨਹੀਂ, ਬਿਲਕੁਲ ਨਹੀਂ। ਭਾਰਤੀ ਧਰਮ ਸ਼ਾਸਤਰਾਂ ਵਿੱਚ ਸਾਦਗੀ ਅਤੇ ਨਿਮਰਤਾ ਦੀ ਸਿਖਿਆ ਦਿੱਤੀ ਗਈ ਹੈ ਤੇ ਮਹਾਤਮਾ ਗਾਂਧੀ ਨੇ ਵੀ 'ਸਾਦਾ ਜੀਵਨ, ਉਚ ਵਿਚਾਰ' ਦਾ ਮੰਤਰ ਦਿੱਤਾ, ਪਰ ਇਹ ਕਦੇ ਅਮਲ ਦੇ ਧਰਾਤਲ 'ਤੇ ਸਾਕਾਰ ਨਹੀਂ ਹੋ ਸਕਿਆ।

ਅੰਗਰੇਜ਼ਾਂ ਨੇ ਭਾਰਤ 'ਚ ਇੱਕ ਜਾਗੀਰਦਾਰ, ਪਰਤਦਾਰ ਵਿਵਸਥਾ ਦੀ ਨੀਂਹ ਰੱਖੀ, ਪਰ ਉਨ੍ਹਾਂ ਦੇ ਆਪਣੇ ਦੇਸ਼ ਵਿੱਚ ਜਾਗੀਰਦਾਰੀ ਦਾ ਖਾਤਮਾ ਹੋ ਚੁੱਕਾ ਸੀ। ਤ੍ਰਾਸਦੀ ਇਹ ਹੈ ਕਿ ਭਾਰਤੀਆਂ ਨੇ ਇਸ ਕਲਚਰ ਨੂੰ ਬੜੀ ਸਹਿਜਤਾ ਨਾਲ ਅਪਣਾ ਲਿਆ। ਕਾਂਗਰਸ ਨੇ ਅੰਗਰੇਜ਼ਾਂ ਵਿਰੁੱਧ ਸੰਘਰਸ਼ ਕੀਤਾ, ਪਰ ਇਸ ਦੇ ਪ੍ਰਧਾਨ ਨੂੰ ਕਿਸੇ ਵੀ ਸ਼ਹਿਰ 'ਚ ਜਾਣ ਉਤੇ ਕਾਂਗਰਸ ਸੇਵਾ ਦਲ ਦੇ ਵਰਕਰ ਸਲਾਮੀ ਗਾਰਦ ਦਿੰਦੇ ਸਨ। ਆਜ਼ਾਦੀ ਤੋਂ ਬਾਅਦ ਦੇਸ਼ ਦੇ ਪਹਿਲੇ ਰਾਸ਼ਟਰਪਤੀ ਡਾਕਟਰ ਰਾਜਿੰਦਰ ਪ੍ਰਸਾਦ ਰਾਜ-ਮਹੱਲ ਵਰਗੇ ਰਾਸ਼ਟਰਪਤੀ ਭਵਨ 'ਚ ਜਾਣ ਲਈ ਤਿਆਰ ਨਹੀਂ ਸਨ। ਉਨ੍ਹਾਂ ਨੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਕਈ ਪੱਤਰ ਲਿਖੇ ਕਿ ਉਨ੍ਹਾਂ ਨੂੰ ਛੋਟਾ ਘਰ ਅਲਾਟ ਕੀਤਾ ਜਾਵੇ। ਉਨ੍ਹਾਂ ਨੇ ਪੰਡਿਤ ਨਹਿਰੂ ਨੂੰ ਵੀ ਛੋਟੇ ਘਰ ਵਿੱਚ ਜਾਣ ਦੀ ਸਲਾਹ ਦਿੱਤੀ ਅਤੇ ਨਹਿਰੂ ਤਿਆਰ ਹੋ ਗਏ, ਪਰ ਵਿਦੇਸ਼ ਮੰਤਰਾਲੇ 'ਚ ਓਦੋਂ ਦੇ ਜਨਰਲ ਸਕੱਤਰ ਗਿਰਿਜਾ ਸ਼ੰਕਰ ਵਾਜਪਾਈ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਇਹ ਕਹਿ ਕੇ ਰੋਕ ਦਿੱਤਾ ਕਿ ਉਨ੍ਹਾਂ ਨੂੰ ਮਿਲਣ ਲਈ ਉਨ੍ਹਾਂ ਦੀ ਰਿਹਾਇਸ਼ 'ਤੇ ਹੋਰਨਾਂ ਦੇਸ਼ਾਂ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਆਉਣਗੇ, ਇਸ ਲਈ ਛੋਟੇ ਘਰ ਵਿੱਚ ਰਹਿਣਾ ਪ੍ਰਧਾਨ ਮੰਤਰੀ ਦੀ ਸ਼ਾਨ ਵਿਰੁੱਧ ਹੋਵੇਗਾ। ਪੰਡਿਤ ਨਹਿਰੂ ਨੇ ਗਿਰਿਜਾ ਸ਼ੰਕਰ ਨੂੰ ਕਿਹਾ ਕਿ ਉਹ ਪਹਿਲਾਂ ਰਾਜਿੰਦਰ ਬਾਬੂ ਨੂੰ ਸਮਝਾਉਣ। ਰਾਜਿੰਦਰ ਬਾਬੂ ਉਨ੍ਹਾਂ ਦੀਆਂ ਦਲੀਲਾਂ ਤੋਂ ਪ੍ਰਭਾਵਤ ਨਹੀਂ ਹੋਏ, ਪਰ ਅਣਮੰਨੇ ਮਨ ਨਾਲ ਰਾਸ਼ਟਰਪਤੀ ਭਵਨ ਰਹਿਣ ਚਲੇ ਗਏ। ਉਹ ਉਨ੍ਹਾਂ ਕਮਰਿਆਂ 'ਚ ਨਹੀਂ ਰਹੇ, ਜਿਨ੍ਹਾਂ 'ਚ ਵਾਇਸਰਾਏ ਰਹਿੰਦੇ ਸਨ, ਸਗੋਂ ਉਨ੍ਹਾਂ ਕਮਰਿਆਂ ਵਿੱਚ ਰਹੇ, ਜਿਹੜੇ ਭਾਰਤੀ ਮਹਿਮਾਨਾਂ ਲਈ ਸਨ।

ਅਹੁਦਾ ਛੱਡਣ ਤੋਂ ਬਾਅਦ 1962 ਵਿੱਚ ਦਿੱਲੀ ਦੀ ਮੇਅਰ ਨੇ ਰਾਜਿੰਦਰ ਬਾਬੂ ਦਾ ਸਵਾਗਤ ਕੀਤਾ ਤੇ ਇਸ ਮੌਕੇ ਡਾਕਟਰ ਰਾਜਿੰਦਰ ਪ੍ਰਸਾਦ ਨੇ ਕਿਹਾ, 'ਲੋਕ ਮੈਨੂੰ ਪੁੱਛਦੇ ਹਨ ਕਿ ਬਾਬੂ ਜੀ ਤੁਸੀਂ ਇੰਨੇ ਸਾਲ ਜੇਲ੍ਹ ਵਿੱਚ ਰਹੇ ਹੋ, ਫਿਰ ਰਾਸ਼ਟਰਪਤੀ ਭਵਨ 'ਚ ਰਹਿਣਾ ਕਿਹੋ ਜਿਹਾ ਲੱਗਾ।' ਮੈਂ ਕਹਿੰਦਾ ਹਾਂ, 'ਰਾਸ਼ਟਰਪਤੀ ਭਵਨ ਵੀ ਮੇਰੇ ਲਈ ਜੇਲ੍ਹ ਹੀ ਸੀ, ਜਿੱਥੇ ਮੈਂ ਲੋਕਾਂ ਨਾਲੋਂ ਕੱਟਿਆ ਰਿਹਾ।' ਕੁਝ ਹੋਰ ਨੇਤਾ ਵੀ ਸਨ, ਜਿਨ੍ਹਾਂ ਨੇ ਸਾਦਾ ਜੀਵਨ ਅਪਣਾਇਆ। ਹਸਰਤ ਮੋਹਾਨੀ ਸੰਵਿਧਾਨ ਸਭਾ ਦੇ ਮੈਂਬਰ ਸਨ। ਜਦੋਂ ਸ਼ੈਸਨ ਦੌਰਾਨ ਉਹ ਦਿੱਲੀ ਆਉਂਦੇ ਸਨ ਤਾਂ ਮਸਜਿਦ ਵਿੱਚ ਠਹਿਰਦੇ ਸਨ।

ਲੋਕ ਨਾਇਕ ਜੈ ਪ੍ਰਕਾਸ਼ ਨਾਰਾਇਣ ਦੀ ਇੱਛਾ ਸੀ ਕਿ ਉਚ ਅਹੁਦੇ 'ਤੇ ਬੈਠਣ ਵਾਲੇ ਲੋਕਾਂ ਦੇ ਨਿੱਜੀ ਜੀਵਨ 'ਚ ਸਮਾਜਵਾਦ ਦੀ ਝਲਕ ਦਿੱਸਣੀ ਚਾਹੀਦੀ ਹੈ। ਇਸ ਦੇ ਲਈ ਉਹ ਸ਼ੁਰੂ ਤੋਂ ਯਤਨਸ਼ੀਲ ਰਹੇ। ਜੇ ਪੀ ਨੇ ਦਸੰਬਰ 1947 ਵਿੱਚ ਪੰਡਿਤ ਨਹਿਰੂ ਨੂੰ ਸਲਾਹ ਦਿੱਤੀ ਕਿ ਗਰੀਬ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਇੰਨੇ ਵੱਡੇ ਬੰਗਲੇ (ਤੀਨ ਮੂਰਤੀ ਭਵਨ) 'ਚ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਨੇ ਨਹਿਰੂ ਨੂੰ ਯਾਦ ਦਿਵਾਇਆ ਕਿ ਆਪਣੀ ਰੂਸ ਯਾਤਰਾ ਤੋਂ ਬਾਅਦ ਉਨ੍ਹਾਂ (ਨਹਿਰੂ) ਨੇ ਖੁਦ ਲਿਖਿਆ ਸੀ ਕਿ ਰੂਸ ਵਰਗੇ ਦੇਸ਼ ਦੇ ਮਹਾਨ ਨੇਤਾ ਲੈਨਿਨ ਆਪਣੀ ਪਤਨੀ ਤੇ ਭੈਣ ਨਾਲ ਦੋ ਕਮਰਿਆਂ ਦੇ ਚੋਟੇ ਜਿਹੇ ਫਲੈਟ ਵਿੱਚ ਰਹਿੰਦੇ ਸਨ। ਨਹਿਰੂ ਨੇ ਜਵਾਬ ਦਿੱਤਾ ਕਿ ਦੇਸ਼ ਦੀ ਸ਼ਾਨ ਲਈ ਪ੍ਰਧਾਨ ਮੰਤਰੀ ਦਾ ਵੱਡੇ ਬੰਗਲੇ 'ਚ ਰਹਿਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਦੋ ਦਿਨ ਪਹਿਲਾਂ ਰੂਸ ਦੇ ਰਾਜਦੂਤ ਇੱਕ ਸ਼ਾਨਦਾਰ ਕਾਰ 'ਚ ਬੈਠ ਕੇ ਉਨ੍ਹਾਂ ਨੂੰ ਮਿਲਣ ਆਏ ਸਨ।

ਇਹੀ ਨਹੀਂ, ਜਿਸ ਕਾਰ ਵਿੱਚ ਆਏ, ਉਸ ਦੇ ਅੱਗੇ ਤੇ ਪਿੱਛੇ ਕੀਮਤੀ ਕਾਰਾਂ ਸਨ। ਜੇ ਪੀ ਨੇ ਜਵਾਬ ਦਿੱਤਾ ਕਿ ਰੂਸ ਕਾਫੀ ਤਰੱਕੀ ਕਰ ਚੁੱਕਾ ਹੈ, ਪਰ ਭਾਰਤ ਦੀ ਸਥਿਤੀ ਅਜੇ ਉਹੋ ਜਿਹੀ ਨਹੀਂ, ਇਸ ਲਈ ਇਸ ਦੇਸ਼ ਦੇ ਨੇਤਾਵਾਂ ਨੂੰ ਸਾਦਗੀ ਨਾਲ ਰਹਿਣਾ ਚਾਹੀਦਾ ਹੈ। ਇਸ 'ਤੇ ਨਹਿਰੂ ਨੇ ਗਾਂਧੀ ਜੀ ਬਾਰੇ ਸਰੋਜਨੀ ਨਾਇਡੂ ਦੇ ਕਥਨ ਦੀ ਚਰਚਾ ਕੀਤੀ ਕਿ ਗਾਂਧੀ ਜੀ ਦੀ ਸਾਦਗੀ ਬਣਾਈ ਰੱਖਣ ਲਈ ਬਿਰਲਾ ਦੇ ਲੱਖਾਂ ਰੁਪਏ ਖਰਚ ਹੁੰਦੇ ਸਨ। ਕਈ ਸਾਲਾਂ ਬਾਅਦ ਇੱਕ ਭਾਸ਼ਣ ਵਿੱਚ ਜੇ ਪੀ ਨੇ ਕਿਹਾ ਸੀ, 'ਸ਼ੁਰੂ ਦੀ ਉਸ ਗਲਤੀ ਦਾ ਕੀ ਨਤੀਜਾ ਨਿਕਲਿਆ, ਇਸ ਦੀ ਗਵਾਹੀ ਅੱਜ ਸਾਡੇ ਸ਼ਾਸਕਾਂ ਦੇ ਠਾਠ-ਬਾਠ ਤੇ ਰੋਅਬ ਤੋਂ ਮਿਲਦੀ ਹੈ। ਇਹ ਦੇਸ਼ ਦੀਆਂ ਕਰੋੜਾਂ ਝੌਂਪੜੀਆਂ ਦਾ ਮਜ਼ਾਕ ਉਡਾਉਂਦਾ ਹੋਇਆ ਇਸ ਦੇਸ਼ ਦੇ ਗੌਰਵ ਨੂੰ ਵਧਾ ਰਿਹਾ ਹੈ ਅਤੇ 'ਰਾਸ਼ਟਰ ਦੀ ਸ਼ਾਨ' ਦੀ ਹਿਫਾਜ਼ਤ ਕਰ ਰਿਹਾ ਹੈ।"




ਲੂਈ ਡਿਊਮੌਂਟ ਨੇ ਆਪਣੀ ਪ੍ਰਸਿੱਧ ਕਿਤਾਬ 'ਹੋਮੋ ਹਾਈਆਰਕੀਕਸ' ਵਿੱਚ ਲਿਖਿਆ ਹੈ ਕਿ ਭਾਰਤੀ ਇੱਕ ਸ਼੍ਰੇਣੀ ਬੱਧ ਵਿਅਕਤੀ ਹੈ। ਉਨ੍ਹਾਂ ਦੀ ਟਿੱਪਣੀ ਜਾਤ ਵਿਵਸਥਾ ਉਤੇ ਆਧਾਰਤ ਹੈ, ਪਰ ਅੱਜ ਕੱਲਹ ਕਈ ਤਰ੍ਹਾਂ ਦੀਆਂ ਸ਼੍ਰੇਣੀਆਂ ਬਣ ਗਈਆਂ ਹਨ, ਜੋ ਵੀ ਆਈ ਪੀਜ਼ ਨੂੰ ਆਮ ਆਦਮੀ ਤੋਂ ਅੱਡ ਕਰਦੀਆਂ ਹਨ। ਇਹ ਉਨ੍ਹਾਂ ਦੇ ਠਾਠ-ਬਾਠ ਤੋਂ ਝਲਕ ਪੈਂਦਾ ਹੈ, ਜਿਨ੍ਹਾਂ ਦੇ ਪਿੱਛੇ ਕਈ ਸੁਰੱਖਿਆ ਮੁਲਾਜ਼ਮ, ਸਹਾਇਕ, ਗੱਡੀਆਂ ਦਾ ਕਾਫਲਾ ਹੁੰਦਾ ਹੈ ਅਤੇ ਉਨ੍ਹਾਂ ਨੂੰ ਹੋਰ ਕਈ ਸਹੂਲਤਾਂ ਅਤੇ ਵਿਸ਼ੇਸ਼ ਅਧਿਕਾਰ ਮਿਲੇ ਹੁੰਦੇ ਹਨ। ਇਸ ਦੇ ਬਾਵਜੂਦ ਭਾਰਤ 'ਚ ਮਹਾਤਮਾ ਗਾਂਧੀ ਦੀ ਮਿਸਾਲ ਅਨੋਖੀ ਹੈ, ਜਿਨ੍ਹਾਂ ਨੇ ਸੱਤਾ ਨੂੰ ਪੂਰੀ ਤਰ੍ਹਾਂ ਤਿਆਗ ਦਿੱਤਾ। ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲਣ ਵਾਲੇ ਦੂਜੇ ਨੇਤਾ ਸਨ ਜੇ ਪੀ, ਭਾਵ ਜੈ ਪ੍ਰਕਾਸ਼ ਨਾਰ-ਾਇਣ। ਹੋਰ ਸਾਰੇ ਸੱਤਾ ਨਾਲ ਚਿੰਬੜ ਗਏ ਤੇ ਸਾਰੀ ਉਮਰ ਸੱਤਾ ਸਿਆਸਤ 'ਚ ਟਿਕੇ ਰਹੇ। 1937 'ਚ ਜਦੋਂ ਰਾਜਾਂ ਵਿੱਚ ਪਹਿਲੀਆਂ ਕਾਂਗਰਸੀ ਸਰਕਾਰਾਂ ਬਣੀਆਂ ਤਾਂ ਮੰਤਰੀ ਰੇਲ ਗੱਡੀ 'ਚ ਤੀਜੀ ਸ਼੍ਰੇਣੀ ਦੇ ਡੱਬੇ 'ਚ ਸਫਰ ਕਰ ਰਹੇ ਸਨ। ਇਹ ਗਾਂਧੀਵਾਦੀ ਆਦਰਸ਼ ਸੀ, ਪਰ ਬਦਕਿਸਮਤੀ ਨਾਲ ਇਹ ਬਹੁਤੀ ਦੇਰ ਤੱਕ ਨਹੀਂ ਚੱਲਿਆ।

ਭਾਰਤ ਵਿੱਚ ਇੱਕ ਹੋਰ ਮੰਦਭਾਗੀ ਰਵਾਇਤ ਇਹ ਹੈ ਕਿ ਨੇਤਾ ਰਿਟ-ਾਇਰ ਨਹੀਂ ਹੁੰਦੇ, ਸਾਬਕਾ ਰਾਸ਼ਟਰਪਤੀ ਵੀ ਕੋਈ ਸਮਾਜ ਸੇਵਾ ਨਹੀਂ ਕਰਦੇ, ਜਦ ਕਿ ਉਨ੍ਹਾਂ ਨੂੰ ਕੋਈ ਹੋਰ ਅਹੁਦਾ ਨਹੀਂ ਮਿਲ ਸਕਦਾ। ਡਾਕਟਰ ਏ ਪੀ ਜੇ ਅਬਦੁਲ ਕਲਾਮ ਇੱਕ ਵੱਖਰੀ ਹਸਤੀ ਸਨ। ਸੁਪਰੀਮ ਕੋਰਟ ਦੇ ਸਾਬਕਾ ਜੱਜ ਪ੍ਰੈਕਟਿਸ ਨਹੀਂ ਕਰ ਸਕਦੇ, ਪਰ ਉਹ ਵਿਚੋਲਗੀ ਕਰ ਕੇ ਕਰੋੜਾਂ ਰੁਪਏ ਕਮਾ ਰਹੇ ਹਨ। ਵੀ ਆਰ ਕ੍ਰਿਸ਼ਨਾ ਅਈਅਰ, ਐੱਮ ਐੱਨ ਵੈਂਕਟਚਲਈਆ, ਰੂਮਾ ਪਾਲ ਆਦਿ ਕੁਝ ਵੱਖਰੇ ਹਨ, ਜਿਨ੍ਹਾਂ ਨੇ ਕਦੇ ਕਮੀਸ਼ਨ ਨਹੀਂ ਲਈ। ਰੂਮਾ ਪਾਲ ਸਕੂਲਾਂ ਵਿੱਚ ਬੱਚਿਆਂ ਨਾਲ ਸਮਾਂ ਬਿਤਾਉਣਾ ਪਸੰਦ ਕਰਦੀ ਹੈ। ਸਾਬਕਾ ਅਫਸਰ ਕਿਸੇ ਕਮਿਸ਼ਨ ਜਾਂ ਰਾਜ ਭਵਨ 'ਚ ਆਰਾਮ ਕਰਦੇ ਹਨ, ਸਾਬਕਾ ਐਮ ਪੀ ਅਤੇ ਵਿਧਾਇਕ ਇੱਕ ਤੋਂ ਵੱਧ ਪੈਨਸ਼ਨਾਂ ਲੈਂਦੇ ਹਨ ਤੇ ਉਨ੍ਹਾਂ ਨੂੰ ਕਈ ਸਹੂਲਤਾਂ ਵੀ ਮਿਲੀਆਂ ਹੋਈਆਂ ਹਨ, ਜਿਵੇਂ ਉਹ ਟਰੇਨ 'ਚ ਪਹਿਲੀ ਸ਼ਰੇਣੀ ਦੇ ਡੱਬੇ 'ਚ ਅਥਾਹ ਮੁਫਤ ਯਾਤਰਾ ਕਰ ਸਕਦੇ ਹਨ। ਭਾਰਤ 'ਚ ਵੀ ਆਈ ਪੀ ਸਾਰੀ ਉਮਰ ਵੀ ਆਈ ਪੀ ਬਣੇ ਰਹਿੰਦੇ ਹਨ। ਉਨ੍ਹਾਂ ਨੂੰ ਆਮ ਆਦਮੀ ਵਜੋਂ ਰਹਿਣਾ ਪਸੰਦ ਨਹੀਂ।

1958 ਵਿੱਚ ਜਦੋਂ ਜੈ ਪ੍ਰਕਾਸ਼ ਇਸਰਾਈਲ ਗਏ ਤਾਂ ਦੇਖ ਕੇ ਦੰਗ ਰਹਿ ਗਏ ਕਿ ਉਥੋਂ ਦੇ ਸਾਬਕਾ ਪ੍ਰਧਾਨ ਮੰਤਰੀ ਬੇਨ ਗੁਰੀਉ ਫਾਰਮ 'ਚ ਟ੍ਰੈਕਟਰ ਚਲਾ ਰਹੇ ਸਨ। ਕਈ ਦੇਸ਼ਾਂ ਦੇ ਸਾਬਕਾ ਪ੍ਰਧਾਨ ਮੰਤਰੀ ਤੇ ਸਾਬਕਾ ਰਾਸ਼ਟਰਪਤੀ ਆਮ ਲੋਕਾਂ ਵਰਗਾ ਜੀਵਨ ਬਿਤਾਉਂਦੇ ਹਨ, ਪਰ ਭਾਰਤੀ ਲੋਕਤੰਤਰ 'ਚ ਸਿਰਫ ਵੀ ਆਈ ਪੀ ਪੈਦਾ ਹੁੰਦੇ ਹਨ।

# ਦਿਲ 'ਚੋਂ ਉਠਦੀ ਹੂਕ..

-ਮਨਸ਼ਾ ਰਾਮ ਮੱਕੜ

ਇਕ ਦਿਨ ਅਜਿਹਾ ਸ਼ਖਸ ਕਚਹਿਰੀ ਵਿੱਚ ਟਾਈਪ ਕਰਵਾਉਣ ਲਈ ਆਇਆ ਜਿਸ ਨੇ ਹਾਲ ਹੀ ਵਿੱਚ ਹੋਈਆਂ ਚੋਣਾਂ ਦੌਰਾਨ ਪੋਲਿੰਗ ਅਫਸਰ ਦੀ ਡਿਊਟੀ ਨਿਭਾਈ ਸੀ। ਉਥੇ ਬੈਠੇ ਸਾਰੇ ਜਣੇ ਆਪੋ ਆਪਣੇ ਪਿੰਡਾਂ ਦੇ ਬੂਥਾਂ ਵਿੱਚ ਹੋਈ ਗੜਬੜ ਦੀ ਚਰਚਾ ਕਰ ਰਹੇ ਸਨ। ਉਨ੍ਹਾਂ ਦੀਆਂ ਗੱਲਾਂ ਸੁਣਦਿਆਂ ਕੋਲ ਬੈਠੇ ਅਧਿਆਪਕ, ਜਿਸ ਨੇ ਪੋਲਿੰਗ ਅਫਸਰ ਦੀ ਡਿਊਟੀ ਦਿੱਤੀ ਸੀ, ਆਪਣੀ ਹੱਡ ਬੀਤੀ ਸੁਣਾਈ।

ਉਨ੍ਹਾਂ ਨੂੰ ਉਪ ਮੰਡਲ ਗਿੱਦੜਬਾਹਾ ਤੋਂ ਸਾਮਾਨ ਦਿੱਤਾ ਜਾਣਾ ਸੀ ਅਤੇ ਉਥੇ ਜਾ ਕੇ ਪੋਲਿੰਗ ਬੂਥ ਤੇ ਪਿੰਡ ਦਾ ਪਤਾ ਲੱਗਣਾ ਸੀ। ਉਨ੍ਹਾਂ ਹਾਜ਼ਰੀ ਲਾਈ, ਸਬੰਧਤ ਅਧਿਕਾਰੀ ਦਾ ਲੈਕਚਰ, ਜੋ ਵੋਟਾਂ ਪਾਉਣ ਬਾਰੇ ਜਾਣਕਾਰੀ ਦੇਣ ਲਈ ਸੀ, ਸੁਣਿਆ। ਬੈਲਟ ਪੇਪਰ ਅਤੇ ਹੋਰ ਸਬੰਧਤ ਸਾਮਾਨ ਲੈ ਲਿਆ। ਸ਼ਾਮ ਦੇ ਤਕਰੀਬਨ ਪੰਜ ਵੱਜ ਗਏ ਸਨ। ਟੀਮ ਵਿੱਚ ਇਕ ਅਧਿਆਪਕਾ ਸੀ। ਉਨ੍ਹਾਂ ਉਸ ਨੂੰ ਕਹਿ ਦਿੱਤਾ ਕਿ ਉਹ ਆਪਣੇ ਪਿੰਡ ਚਲੀ ਜਾਵੇ ਅਤੇ ਸਵੇਰੇ ਛੇ ਵਜੇ ਤੋਂ ਪਹਿਲਾਂ ਪਿੰਡ ਦੇ ਸਰਕਾਰੀ ਸਕੂਲ ਪਹੁੰਚ ਜਾਵੇ, ਨਾਲ ਦੋ-ਦੋ ਪਰੌਂਠੇ ਲਈ ਆਵੇ। ਉਨ੍ਹਾਂ ਚਹੁੰਆਂ ਨੇ ਸਮਾਨ ਦੇ ਬੈਗ ਲਏ ਤੇ ਬੱਸ ਵਿੱਚ ਜਾ ਬੈਠੇ। ਹੋਰ ਪਾਰਟੀਆਂ ਵੀ ਆਪਣਾ ਸਾਮਾਨ ਲੈ ਕੇ ਬੱਸ ਵਿੱਚ ਸਵਾਰ ਹੋ ਗਈਆਂ, ਜਿਨ੍ਹਾਂ ਵਿੱਚ ਪੁਲਸ ਵਾਲੇ ਵੀ ਸਨ। ਦਿਨ ਛਿਪੇ ਤਕਰੀਬਨ ਅੱਠ ਵਜੇ ਸਬੰਧਤ ਸਕੂਲ ਦੇ ਗੇਟ ਅੱਗੇ ਬੱਸ ਦੀਆਂ ਬਰੇਕਾਂ ਲੱਗੀਆਂ। ਉਨ੍ਹਾਂ ਆਪਣਾ ਸਾਮਾਨ ਸਕੂਲ ਦੇ ਕਮਰਿਆਂ ਅੱਗੇ ਲਿਖੇ ਬੂਥ ਨੰਬਰਾਂ ਮੁਤਾਬਕ ਮੇਜ਼ਾਂ 'ਤੇ ਜਾ ਟਿਕਾਇਆ। ਵੋਟ ਪਾਉਣ ਵਾਲੀ ਥਾਂ ਦਾ ਓਹਲਾ ਬਣਾਉਣ ਲਈ ਦਿੱਤੇ ਕੱਪੜੇ ਤਾਣ ਦਿੱਤੇ ਤੇ ਮੇਜ਼ ਉਪਰ ਡੱਬਾ ਰੱਖ ਦਿੱਤਾ, ਜਿਸ ਵਿੱਚ ਬੈਲਟ ਪੇਪਰ ਪਾਏ ਜਾਣੇ ਸੀ ਤਾਂ ਕਿ ਸਵੇਰ ਵੇਲੇ ਅਫਰਾ ਤਫਰੀ ਨਾ ਪਵੇ। ਸਾਮਾਨ ਜੋੜਨ ਮਗਰੋਂ ਉਨ੍ਹਾਂ ਸਕੂਲ ਦੇ ਨਲਕੇ 'ਤੇ ਨਹਾ ਕੇ ਥਕੇਵਾਂ ਲਾਹਿਆ। ਇੰਨੇ ਨੂੰ ਪਿੰਡ ਤੋਂ ਕੋਈ ਸ਼ਖਸ ਉਨ੍ਹਾਂ ਲਈ ਰੋਟੀ ਲੈ ਆਇਆ। ਬੜੇ ਨਿੱਘ ਨਾਲ ਮਿਲਿਆ, ਹਾਲ ਚਾਲ ਪੁੱਛਿਆ। ਹੋਰ ਕਿਸੇ ਚੀਜ਼ ਦੀ ਲੋੜ ਬਾਰੇ ਪੁੱਛਿਆ। ਰਾਤ ਗਿਆਰਾਂ ਵੱਜ ਗਏ। ਉਹ ਪਿੰਡ ਵਾਸੀਆਂ ਦੇ ਦਿੱਤੇ ਗੱਦਿਆਂ 'ਤੇ ਲੇਟ ਗਏ ਪਰ ਚੋਣ ਡਿਊਟੀ ਹੋਵੇ ਤਾਂ ਨੀਂਦ ਕਿੱਥੋਂ ਆਉਂਦੀ ਹੈ। ਜਾਗੋ ਮੀਟੀ ਵਿੱਚ ਸਵੇਰ ਦੇ ਚਾਰ ਵਜੇ ਉਠ ਗਏ। ਪੰਜ ਪਾਰਟੀਆਂ ਸਨ, ਤਕਰੀਬਨ 50 ਆਦਮੀ ਅਤੇ ਸਕੂਲ ਵਿੱਚ ਬਾਥਰੂਮ ਸਿਰਫ ਦੋ ਸਨ। ਸਾਰਾ ਕੰਮ ਛੇਤੀ ਨਾਲ ਨਬੇੜ ਲਿਆ। ਪੌਣੇ ਛੇ ਵਜੇ ਮੈਡਮ ਵੀ ਆ ਗਏ। ਉਸ ਦੇ ਲਿਆਂਦੇ ਪਰੌਂਠੇ ਸਾਰਿਆਂ ਨੇ ਖਾਧੇ। ਸਾਰੇ ਤਿਆਰ ਬਰ ਤਿਆਰ ਸਨ।

ਸਮੇਂ ਸਿਰ ਵੋਟਾਂ ਪੈਣ ਦਾ ਕੰਮ ਸ਼ੁਰੂ ਹੋ ਗਿਆ। ਛੇਤੀ ਲੰਮੀਆਂ ਲਾਈਨਾਂ ਲੱਗ ਗਈਆਂ। ਕਮਰੇ ਵਿੱਚ ਤਿੰਨ ਪੋਲਿੰਗ ਏਜੰਟ ਸਨ, ਇਨ੍ਹਾਂ ਦੇ ਦੱਸਣ ਅਨੁਸਾਰ ਆਮ ਆਦਮੀ ਪਾਰਟੀ, ਕਾਂਗਰਸ ਅਤੇ ਅਕਾਲੀ ਦਲ ਦੇ। ਤਿੰਨੇ ਸ਼ਾਂਤ ਬੈਠੇ ਸਨ। ਵੋਟਰਾਂ ਵਿੱਚੋਂ ਵੀ ਕਿਸੇ ਦੀ ਉਚੀ ਆਵਾਜ਼ ਨਹੀਂ ਆ ਰਹੀ ਸੀ। ਤਿੰਨੇ ਆਰਾਮ ਨਾਲ ਆਪਸੀ ਗੱਲਾਂ ਕਰਦੇ ਰਹੇ। ਦੁਪਹਿਰ ਤੱਕ ਬਾਹਰ ਕੋਈ ਵੋਟਰ ਨਜ਼ਰ ਨਹੀਂ ਆ ਰਿਹਾ ਸੀ। ਥੋੜ੍ਹੇ-ਥੋੜ੍ਹੇ ਸਮੇਂ ਪਿੱਛੋਂ ਇਕ ਅੱਧ ਵੋਟਰ ਆ ਕੇ ਵੋਟ ਪਾ ਜਾਂਦਾ।

ਬਾਅਦ ਦੁਪਹਿਰ ਇਕ ਵਜੇ 40-45 ਸਾਲ ਦਾ ਸ਼ਖਸ ਵੋਟ ਪਾਉਣ ਆਇਆ। ਇਕ ਪੋਲਿੰਗ ਏਜੰਟ ਨੇ ਪੁੱਛਿਆ, 'ਤੇਰੇ ਬਾਪੂ ਦਾ ਕੀ ਹਾਲ ਹੈ? ਉਹ ਕਹਿਣ ਲੱਗਿਆ, 'ਚਾਚਾ ਅਜੇ ਤਾਂ ਚੱਕਰ ਜਿਹੇ ਆਉਂਦੇ ਆ, ਉਸ ਤੋਂ ਵੋਟ ਪਾਉਣ ਨਹੀਂ ਆਇਆ ਗਿਆ। ਮੈਂ ਕਿਹਾ, ਮੈਂ ਹੀ ਉਸ ਦੀ ਵੋਟ ਪਾ ਆਵਾਂ।' ਤਿੰਨੇ ਹੀ ਏਜੰਟ ਕਹਿੰਦੇ, 'ਪਾ ਦੇ ਸ਼ੇਰਾ ਵੋਟ।' ਵੋਟਾਂ ਪਵਾਉਣ ਗਏ ਉਹ ਲੋਕ ਹੈਰਾਨ ਹੋਏ ਉਨ੍ਹਾਂ ਵੱਲ ਝਾਕ ਰਹੇ ਸਨ। ਇਕ ਜਣੇ ਨੇ ਉਸ ਸ਼ਖਸ ਨੂੰ ਬਾਪੂ ਦੀ ਵੋਟ ਪਾਉਣ ਤੋਂ ਰੋਕਿਆ। ਇੰਨਾ ਕਹਿਣ ਦੀ ਦੇਰ ਸੀ ਕਿ ਤਿੰਨੇ ਪੋਲਿੰਗ ਏਜੰਟ ਕਹਿਣ ਲੱਗੇ, 'ਭਰਾ ਜੀ, ਜਦੋਂ ਸਾਨੂੰ ਕੋਈ ਇਤਰਾਜ਼ ਨਹੀਂ ਤਾਂ ਤੁਹਾਨੂੰ ਕੀ ਇਤਰਾਜ਼ ਹੈ, ਇਸ ਨੂੰ ਵੋਟ ਪਾਉਣ ਦਿਓ। ਪਿੰਡ ਵਿੱਚ ਭਾਈਚਾਰਾ ਪਹਿਲਾਂ ਅਤੇ ਵੋਟਾਂ ਦਾ ਕੰਮ ਪਿੱਛੋਂ ਦਾ ਹੈ।' ਨਾਲ ਕਾਂਗਰਸ ਦਾ ਪੋਲਿੰਗ ਏਜੰਟ ਬੋਲਿਆ, 'ਮੈਂ ਕਾਂਗਰਸ ਦਾ ਹਮਾਇਤੀ ਹਾਂ, ਮੇਰਾ ਬਾਪ ਅਕਾਲੀ ਦਲ ਦਾ। ਇਥੇ ਮੈਂ ਕਾਂਗਰਸ ਦਾ ਪੋਲਿੰਗ ਏਜੰਟ ਹਾਂ, ਨਾਲ ਦੇ ਬੂਥ ਵਿੱਚ ਮੇਰਾ ਬਾਪ ਅਕਾਲੀ ਦਲ ਦਾ ਪੋਲਿੰਗ ਏਜੰਟ ਹੈ।' ਕਰਮਚਾਰੀ ਇਹ ਗੱਲਾਂ ਸੁਣ ਕੇ ਹੈਰਾਨ ਹੋ ਰਿਹਾ ਸੀ। ਖੈਰ! ਇੰਨੇ ਨੂੰ ਪਿੰਡੋਂ ਦੁਪਹਿਰ ਦੀ ਰੋਟੀ ਆ ਗਈ। ਪਤਾ ਲੱਗਾ ਕਿ ਸਵੇਰ ਦਾ ਨਾਸ਼ਤਾ ਆਮ ਆਦਮੀ ਪਾਰਟੀ, ਦੁਪਹਿਰ ਦੀ ਰੋਟੀ ਅਕਾਲੀ ਦਲ ਅਤੇ ਸ਼ਾਮ ਦੀ ਕਾਂਗਰਸ ਵੱਲੋਂ ਹੈ।

ਰਾਤ ਨੂੰ ਸਮਾਨ ਵਾਪਸ ਜਮ੍ਹਾਂ ਕਰਵਾਉਣ ਤੋਂ ਬਾਅਦ ਉਹ ਘਰ ਪੁੱਜਾ ਤਾਂ ਟੈਲੀਵਿਜ਼ਨ ਅਤੇ ਸੋਸ਼ਲ ਮੀਡੀਆ ਉਤੇ ਚੋਣਾਂ ਦੌਰਾਨ ਬੂਥਾਂ ਉਤੇ ਕਬਜ਼ੇ, ਲੜਾਈ ਝਗੜੇ, ਮਾਰ ਕੁਟਾਈ ਦੀਆਂ ਖਬਰਾਂ ਚੱਲ ਰਹੀਆਂ ਸਨ। ਉਹ ਅਧਿਆਪਕ ਇਨ੍ਹਾਂ ਦੀ ਤੁਲਨਾ ਆਪਣੇ ਬੂਥ ਵਾਲੇ ਵੋਟਰਾਂ ਅਤੇ ਪੋਲਿੰਗ ਏਜੰਟਾਂ ਨਾਲ ਕਰ ਰਿਹਾ ਸੀ। ਉਸ ਦੇ ਦਿਲ ਵਿੱਚੋਂ ਹੂਕ ਉਠੀ, ਕੀ ਸਾਰੇ ਪੰਜਾਬੀ ਇਸੇ ਤਰ੍ਹਾਂ ਦੀ ਭਾਈਚਾਰਕ ਸਾਂਝ ਨਹੀਂ ਬਣਾ ਸਕਦੇ?

# ਕੁਝ ਭੁਲੱਕੜਾਂ ਬਾਰੇ

-ਸ਼ਸ਼ੀ ਲਤਾ

ਕੁਝ ਸਮਾਂ ਪਹਿਲਾਂ ਮਨੁੱਖ ਦਾ ਜੀਵਨ ਬਹੁਤ ਸਾਦਾ ਸੀ। ਉਸ ਦੀਆਂ ਲੋੜਾਂ ਸੀਮਿਤ ਸਨ। ਖਾਣ-ਪਾਣ ਰਹਿਣ-ਸਹਿਣ ਸਾਦਗੀ ਭਰਪੂਰ ਸੀ। ਮਨ ਵਿੱਚ ਸਹਿਜਤਾ ਸੀ, ਸਹਿਣਸ਼ੀਲਤਾ ਸੀ। ਕਾਹਲ ਨਾਂਅ ਦੀ ਕੋਈ ਚੀਜ਼ ਨਹੀਂ ਸੀ। ਫਿਰ ਸਮੇਂ ਨੇ ਪਲਟਾ ਖਾਧਾ ਤਕਨੀਕੀ ਦੌਰ ਆਇਆ। ਘਰ-ਘਰ ਟੈਲੀਵਿਜ਼ਨ, ਮੋਬਾਈਲ, ਕੰਪਿਊਟਰ ਆ ਗਏ। ਸਾਈਕਲਾਂ ਤੋਂ ਸਕੂਟਰ, ਮੋਟਰ ਸਾਈਕਲ, ਕਾਰਾਂ ਆ ਗਈਆਂ। ਜ਼ਿੰਦਗੀ ਗੁੰਝਲਦਾਰ ਬਣ ਗਈ। ਸੁਭਾਅ ਵਿੱਚ ਤੇਜ਼ੀ ਤੇ ਕਾਹਲਾਪਨ ਆ ਗਿਆ। ਇੱਕ ਹੱਥ ਤੇ ਕੰਨ ਸਮਾਰਟ ਫੋਨਾਂ ਨੇ ਰੋਕ ਲਏ। ਘਰੋਂ ਬਾਹਰ ਜਾਣ ਵੇਲੇ ਕਈ ਚੀਜ਼ਾਂ ਦੀ ਸੰਭਾਲ ਜ਼ਰੂਰੀ ਬਣ ਗਈ। ਪਰਸ, ਚਾਬੀਆਂ ਮੋਬਾਈਲ, ਐਨਕਾਂ ਵਗੈਰਾ ਵਗੈਰਾ ਦਾ ਖਿਆਲ ਰੱਖਣਾ ਪੈ ਗਿਆ। ਚੌਕੰਨੇ ਹੋ ਕੇ ਰਹਿਣਾ ਪਿਆ, ਜਿੱਥੇ ਸੁਸਤੀ ਵਰਤੀ, ਨੁਕਸਾਨ ਨੂੰ ਸੱਦਾ ਮਿਲਿਆ।

ਕੁਝ ਮਨੁੱਖ ਜਮਾਂਦਰੂ ਭੁਲੱਕੜ ਹੁੰਦੇ ਹਨ, ਪਰ ਕੁਝ ਕਾਹਲ, ਟੈਨਸ਼ਨ ਕਰ ਕੇ ਭੁੱਲਾਂ ਕਰ ਬੈਠਦੇ ਹਨ। ਮੈਂ ਇੱਕ ਦੋ ਵਾਰਦਾਤਾਂ ਇਨ੍ਹਾਂ ਭੁਲੱਕੜਾਂ ਦੀਆਂ ਦਸਦੀ ਹਾਂ।

ਮੇਰੇ ਗੁਆਂਢ ਵਿੱਚ ਇੱਕ ਅਗਰਵਾਲ ਪਰਵਾਰ ਰਹਿੰਦਾ ਸੀ। ਉਨ੍ਹਾਂ ਨੇ ਮਕਾਨ ਬਦਲਿਆ ਤੇ ਚਲੇ ਗਏ। ਉਹ ਬੰਦਾ ਕੀ ਕਰਿਆ ਕਰੇ, ਸਵੇਰੇ ਦੁੱਧ ਦਾ ਡੋਲ ਲੈ ਕੇ ਇਧਰ ਘਰ ਵੱਲ ਆਇਆ ਕਰੇ ਤੇ ਦਰਵਾਜ਼ੇ ਕੋਲ ਆ ਕੇ ਹੱਸ ਕੇ ਕਿਹਾ ਕਰੇ, "ਉਹ ਮੈਂ ਤਾਂ ਭੁੱਲ ਹੀ ਗਿਆ।" ਦੋ ਤਿੰਨ ਹਫਤਿਆਂ ਬਾਅਦ ਉਸ ਦੀ ਇਹ ਆਦਤ ਬਦਲੀ।

ਪਹਿਲਾਂ-ਪਹਿਲਾਂ ਕਦੇ ਮੈਂ ਪਤੀ ਦੇਵ ਨਾਲ ਸਕੂਟਰ ਉਤੇ ਬਾਜ਼ਾਰ ਚਲੇ ਜਾਣਾ। ਰਸਤੇ ਵਿੱਚ ਕੋਈ ਜਾਣ ਪਛਾਣ ਵਾਲਾ ਟੱਕਰ ਜਾਂਦਾ ਤਾਂ ਸਕੂਟਰ ਰੋਕ ਕੇ ਗੱਲਾਂ ਮਾਰਦੇ ਰਹਿਣਾ। ਮੈਂ ਉਤਰ ਜਾਣਾ। ਇੱਕ ਦੋ ਵਾਰ ਇੰਝ ਹੋਇਆ ਕਿ ਮੈਨੂੰ ਬਿਠਾਏ ਬਿਨਾਂ ਸਕੂਟਰ ਤੋਰ ਲੈਣਾ। ਉਥੇ ਖੜ੍ਹੀ ਨੂੰ ਮੈਨੂੰ ਫਿਰ ਉਸ ਗੀਤ ਦੀਆਂ ਲਾਈਨਾਂ ਚੇਤੇ ਆਉਂਦੀਆਂ ਜਿਸ ਦੇ ਬੋਲ ਇਸ ਤਰ੍ਹਾਂ ਸਨ; "ਸਟੇਸ਼ਨ ਉੱਤੇ ਖਲੋਤੀ ਨੀ ਆਵਾਜ਼ਾਂ ਮਾਰਦੀ, ਭੁੱਲੀ ਹੋਈ ਨਾਰ ਤੋਂ ਕਿਸੇ ਹੌਲਦਾਰ ਦੀ।" ਜਦੋਂ ਪਿੱਛੇ ਬੈਠੀ ਤੋਂ ਕਿਸੇ ਗੱਲ ਦਾ ਹੁੰਗਾਰਾ ਨਾ ਮਿਲਣਾ, ਫਿਰ ਪਤਾ ਲੱਗਣਾ।

ਇੱਕ ਹੋਰ ਮੇਰੇ ਰਿਸ਼ਤੇਦਾਰ ਦਾ ਲੜਕਾ ਕੁਝ ਭੁਲੱਕੜ ਕਿਸਮ ਦਾ ਹੈ। ਉਸ ਦੀ ਗੱਡੀ ਨੂੰ ਇੱਕ ਹੋਰ ਰਿਸ਼ਤੇਦਾਰ ਨੇ ਵਿਆਹ ਲਈ ਸਜਾਉਣ ਦਾ ਮਨ ਬਣਾਇਆ। ਫੁੱਲ ਅਤੇ ਲੜੀਆਂ ਲਾ ਕੇ ਗੱਡੀ ਪੂਰੀ ਸਜਾ ਕੇ ਖੜਾ ਦਿੱਤੀ। ਜਦੋਂ ਸਾਰੇ ਕਾਰ ਵਿਹਾਰ ਪੂਰੇ ਕਰ ਕੇ ਜੰਞ ਚੜ੍ਹਨ ਦਾ ਵੇਲਾ ਆਇਆ ਤਾਂ ਗੱਡੀ ਦੀ ਚਾਬੀ ਇਧਰ ਓਧਰ ਹੋ ਗਈ। ਰਿਸ਼ਤੇਦਾਰ ਜੰਞ ਚੜ੍ਹਨ ਨੂੰ ਕਾਹਲੇ ਪੈਣ। ਮੁੰਡਾ ਸਜਿਆ ਖੜਾ। ਕੀ ਕੀਤਾ ਜਾਵੇ? ਇੱਕ ਹੋਰ ਗੱਡੀ ਸ਼ਿੰਗਾਰੀ, ਤਾਂ ਕਿਤੇ ਜਾ ਕੇ ਜੰਞ ਚੜ੍ਹੀ। ਹੈ ਨਾ ਮਜ਼ੇਦਾਰ?

ਮੇਰੇ ਛੋਟੇ ਭਰਾ ਨੇ ਪਟਿਆਲੇ ਇੱਕ ਕੋਠੀ ਖਰੀਦ ਕੇ ਉਸ ਵਿੱਚ ਸਮਾਨ ਸੈਟ ਕਰ ਦਿੱਤਾ। ਜਦੋਂ ਕਈ ਦਿਨ ਬਾਅਦ ਰਿਹਾਇਸ਼ ਲਈ ਗਿਆ ਤਾਂ ਗਲੀ ਦਾ ਭੁਲੇਖਾ ਲੱਗ ਗਿਆ। ਦੋ ਚਾਰ ਚੱਕਰ ਮਾਰੇ ਤਾਂ ਕਿਸੇ ਨੇ ਪੁੱਛਿਆ, 'ਭਾਈ ਸਾਹਿਬ ਤੁਸੀਂ ਕਿਨ੍ਹਾਂ ਦੇ ਘਰ ਜਾਣੈ?' ਹੱਸ ਕੇ ਕਹਿਣ ਲੱਗਾ, 'ਓ ਮੇਰੇ ਯਾਰ ਜਾਣਾ ਤਾਂ ਆਪਣੇ ਹੀ ਘਰ ਹੈ, ਪਰ ਗਲੀ ਦਾ ਭੁਲੇਖਾ ਪੈ ਗਿਆ ਹੈ।" ਕੁਝ ਦੇਰ ਭਾਲਣ ਤੋਂ ਬਾਅਦ ਆਪਣੇ ਹੀ ਘਰ ਦੀ ਨਾਂਅ ਪਲੇਟ ਵੇਖ ਕੇ ਕਹਿਣ ਲੱਗਾ, "ਲੱਭ ਗਿਆ, ਲੱਭ ਗਿਆ।" ਸੋ ਬਈ ਘਰੋਂ ਤੁਰਨ ਵੇਲੇ ਤੁਸੀਂ ਆਪਣੀਆਂ ਸਾਰੀਆਂ ਚੀਜ਼ਾਂ ਚੈਕ ਕਰ ਕੇ ਜਾਓ। ਘਰ ਪਰਤ ਕੇ ਇੱਕ ਟਿਕਾਣਾ ਬਣਾਓ ਉਨ੍ਹਾਂ ਦੇ ਰੱਖਣ ਦਾ। ਬਾਈਕ, ਕਾਰ ਦੀ ਸਪੀਡ ਠੀਕ ਰੱਖੋ ਚੌਕਸ ਹੋ ਕੇ। ਸੁਸਤੀ ਨਾ ਵਰਤੋ, ਕਾਹਲ ਨਾ ਕਰੋ, ਕਿਉਂ ਤੁਸੀਂ ਕਿਹੜਾ ਅੱਗੇ ਜਾ ਅੱਗੇ ਜਾ ਕੇ ਤਣੀ ਛੂਹਣੀ ਹੈ।

# ਹਲਕਾ ਫੁਲਕਾ

ਪਤਨੀ, "ਮੈਂ ਕਿਹਾ ਜੀ ਸੁਣਦੇ ਹੋ? ਇਹ ਮਿਰਚ ਕਿਸ ਮੌਸਮ ਵਿੱਚ ਲੱਗਦੀ ਹੈ?"

ਪਤੀ, "ਇਸ ਦਾ ਕੋਈ ਖਾਸ ਮੌਸਮ ਨਹੀਂ ਹੁੰਦਾ, ਜਦੋਂ ਵੀ ਸੱਚ ਬੋਲੋ, ਲੱਗ ਜਾਂਦੀ ਹੈ।"

*********

ਪਿਤਾ ਬੇਟੇ ਉਤੇ ਗੁੱਸਾ ਕਰਦਿਆਂ, "ਇੱਕ ਕੰਮ ਢੰਗ ਨਾਲ ਨਹੀਂ ਹੁੰਦਾ ਤੇਰੇ ਤੋਂ, ਤੈਨੂੰ ਪੁਦੀਨਾ ਲਿਆਉਣ ਲਈ ਕਿਹਾ ਸੀ ਅਤੇ ਤੂੰ ਇਹ ਧਨੀਆ ਲੈ ਆਇਆ ਏਂ, ਤੇਰੇ ਵਰਗੇ ਮੂਰਖ ਨੂੰ ਘਰੋਂ ਕੱਢ ਦੇਣਾ ਚਾਹੀਦਾ ਹੈ।"

ਬੇਟਾ, "ਪਾਪਾ ਚੱਲੋ ਇਕੱਠੇ ਹੀ ਚੱਲਦੇ ਹਾਂ।"

ਪਿਤਾ, "ਕਿਉਂ?"

ਬੇਟਾ, "ਮੰਮੀ ਕਹਿ ਰਹੀ ਸੀ ਕਿ ਇਹ ਮੇਥੀ ਹੈ।"

*********

ਇੱਕ ਨਵਾਂ ਵਿਆਹਿਆ ਜੋੜਾ ਭਾਂਡਿਆ ਦੀ ਦੁਕਾਨ 'ਚ ਲੜ ਰਿਹਾ ਸੀ।

ਪਤਨੀ, "ਇਹ ਵਾਲਾ ਸਟੀਲ ਦਾ ਗਿਲਾਸ ਲਓ।"

ਪਤੀ, "ਨਹੀਂ, ਥੋੜ੍ਹਾ ਹੋਰ ਵੱਡਾ ਗਿਲਾਸ ਲਵਾਂਗੇ।"

ਦੁਕਾਨਦਾਰ, "ਸਾਹਿਬ ਜੀ, ਮਹਿਲਾ ਦਿਵਸ ਭਾਵੇਂ ਚਲਾ ਗਿਆ ਹੈ, ਪਰ ਮੈਡਮ ਜਿਹੜਾ ਕਹਿ ਰਹੀ ਹੈ, ਉਹੀ ਗਿਲਾਸ ਲੈ ਲਓ ਨਾ।"

ਪਤੀ, "ਓ ਭਰਾ ਜੀ, ਤੁਹਾਨੂੰ ਵੇਚਣ ਦੀ ਪਈ ਹੈ, ਪਰ ਇਸ ਛੋਟੇ ਗਿਲਾਸ 'ਚ ਮੇਰਾ ਹੱਥ ਨਹੀਂ ਵੜਦਾ, ਮੈਂ ਇਸ ਨੂੰ ਮਾਂਜਾਂਗਾ ਕਿਵੇਂ?"

ਬਿਨਾਂ ਵਿਅੰਗ ਤੋਂ

# ਸ਼ਰਧਾ ਅਤੇ ਰਾਜਨੀਤੀ ਦੇ ਓਹਲੇ

-ਬਲਦੇਵ ਸਿੰਘ (ਸੜਕਨਾਮਾ)

ਬੰਗਾਲ ਵਿੱਚ ਤੇ ਖਾਸ ਕਰਕੇ ਕਲਕੱਤਾ (ਕੋਲਕਾਤ) ਮਹਾਂਨਗਰ ਵਿੱਚ 'ਦੁਰਗਾ ਪੂਜਾ' ਤਿਉਹਾਰ ਦਾ ਬੜਾ ਮਹੱਤਵ ਹੈ। ਇਹ ਬੰਗਾਲੀਆਂ ਦਾ ਸਭ ਤੋਂ ਵੱਡਾ ਉਤਸਵ ਹੈ। ਸਾਰਾ ਬੰਗਾਲੀ ਭਾਈਚਾਰਾ ਇਨ੍ਹੀਂ ਦਿਨੀਂ ਪੂਰੇ ਜਲੌਅ ਅਤੇ ਉਤਸ਼ਾਹ ਵਿੱਚ ਹੁੰਦਾ ਹੈ। ਇਸ ਦੇ ਸਮਾਨ ਅੰਤਰ ਭਾਰਤ ਦੇ ਬਹੁਤੇ ਹਿੱਸਿਆਂ ਵਿੱਚ ਦੁਸਹਿਰਾ ਮਨਾਇਆ ਜਾਂਦਾ ਹੈ। ਹਰ ਮੁਹੱਲੇ ਵਿੱਚ ਪੂਜਾ ਪੰਡਾਲ ਸਜਾਏ ਜਾਂਦੇ ਹਨ। ਇਨ੍ਹਾਂ ਪੰਡਾਲਾਂ ਵਿੱਚ ਦੁਰਗਾ ਦੇਵੀ ਦੀ ਪ੍ਰਤਿਮਾ ਸਥਾਪਤ ਕੀਤੀ ਜਾਂਦੀ ਹੈ। ਮੁਹੱਲੇ ਜਾਂ ਵਾਰਡਾਂ ਦੀਆਂ ਪੂਜਾ ਕਮੇਟੀਆਂ ਦੀ ਹੈਸੀਅਤ ਅਨੁਸਾਰ ਪੂਜਾ ਸਮੱਗਰੀ ਤੋਂ ਲੈ ਕੇ ਦੁਰਗਾ ਦੇਵੀ ਦੀ ਪ੍ਰਤਿਮਾ ਤੇ ਹਾਰ ਸ਼ਿੰਗਾਰ ਦੀ ਸ਼ੋਭਾ ਵਧਦੀ ਘਟਦੀ ਰਹਿੰਦੀ ਹੈ। ਇਨ੍ਹਾਂ ਦਿਨਾਂ ਵਿੱਚ ਮੁਹੱਲੇ ਦੇ ਦਾਦਿਆਂ ਤੇ ਉਤਸ਼ਾਹੀ ਨੌਜਵਾਨਾਂ ਵੱਲੋਂ ਆਮ ਲੋਕਾਂ, ਦੁਕਾਨਦਾਰਾਂ, ਦਫਤਰੀ ਬਾਬੂਆਂ ਅਤੇ ਗੱਡੀਆਂ ਵਾਲਿਆਂ ਤੋਂ ਚੰਦੇ ਵਸੂਲੇ ਜਾਂਦੇ ਹਨ। ਪਿਆਰ ਨਾਲ ਜਾਂ ਧੌਂਸ ਨਾਲ, ਸਭ ਕੁਝ ਧਾਰਮਿਕ ਪੂਜਾ ਦੇ ਨਾਮ 'ਤੇ ਹੁੰਦਾ ਹੈ। ਐਤਕੀਂ ਬੰਗਾਲ ਦੀ ਮੁੱਖ ਮੰਤਰੀ ਨੇ ਹਰ ਪੂਜਾ ਕਮੇਟੀ ਨੂੰ 25-25 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ। ਇਸ ਤਰ੍ਹਾਂ ਤਿਉਹਾਰਾਂ ਨਾਲ ਇਹ ਹਮਦਰਦੀ ਚੋਣਾਂ ਨਾਲ ਜੁੜੀ ਹੁੰਦੀ ਹੈ।

ਖੈਰ, ਵਗਾਰਾਂ ਵੀ ਲਈਆਂ ਜਾਂਦੀਆਂ ਹਨ। ਵੱਡੀਆਂ ਰੈਲੀਆਂ ਲਈ ਵਗਾਰਾਂ ਦਾ ਰਿਵਾਜ ਪੰਜਾਬ ਵਿੱਚ ਵੀ ਖਾਸਾ ਹੈ। ਰੈਲੀਆਂ ਕਲਕੱਤੇ ਵਿੱਚ ਵੀ ਘੱਟ ਨਹੀਂ ਹੁੰਦੀਆਂ। ਆਏ ਦਿਨ ਜਲੂਸ ਨਿਕਲਦੇ ਹਨ। ਕਲਕੱਤੇ ਨੂੰ ਕਿਹਾ ਹੀ 'ਜਲੂਸਾਂ ਦਾ ਮਹਾਂਨਗਰ' ਜਾਂਦਾ ਹੈ। ਨੰਗੇ ਪੈਰੀਂ, ਨੰਗੇ ਧੜ, ਪਿੰਡਾਂ ਤੋਂ ਆਏ ਕਾਲੇ, ਸੁੱਕੇ ਹੱਡੀਆਂ ਦਾ ਪਿੰਜਰ ਬਣੇ ਹੋਏ ਲੋਕਾਂ ਦੀ ਬੇਤਰਤੀਬੀ ਜਿਹੀ ਅਮੁੱਕ ਭੀੜ, ਹੱਥਾਂ ਵਿੱਚ ਕਦੇ ਲਾਲ ਝੰਡੇ, ਕਦੇ ਤਿਰੰਗੇ, ਕਦੇ ਪੀਲੇ ਹਰੇ ਵੀ ਚੁੱਕੀ ਬਾਹਾਂ ਉਲਾਰ ਕੇ ਰਟਿਆ ਰਟਾਇਆ ਇਕੋ ਨਾਅਰਾ 'ਇਨ-ਕਲਾਬ ਜ਼ਿੰਦਾਬਾਦ' ਬੋਲੀ ਤੁਰੀ ਜਾਂਦੀ ਹੈ। ਅਜਿਹੀ ਭੀੜ ਵਿੱਚੋਂ ਇਕ ਵਾਰ ਕੁਝ ਬੰਦਿਆਂ ਨੂੰ ਪੁੱਛਿਆ, 'ਕਿੱਧਰ ਜਾ ਰਹੇ ਹੋ?'

'ਮਾਲੂਮ ਨਹੀਂ।' ਇਕ ਜਣੇ ਦੀ ਮਰੀਅਲ ਜਿਹੀ ਆਵਾਜ਼ ਸੁਣੀ।

'ਇਨਕਲਾਬ ਮਾਅਨੇ ਕੀ?'

'ਮਾਲੂਮ ਨਹੀਂ।'

'ਜ਼ਿੰਦਾਬਾਦ ਮਾਅਨੇ ਕੀ?'

'ਮਾਲੂਮ ਨਹੀਂ।'

'ਕਿਉਂ ਆਏ ਹੋ?'

'ਖਾਨੇ ਕਾ ਪੈਕਟ ਮਿਲੇਗਾ ਮੁਫਤ। ਉਪਰ ਸੇ ਪਾਂਚ ਰੁਪਿਆ।' (ਇਹ 1978-79 ਸੰਨ ਦੀਆਂ ਗੱਲਾਂ ਹਨ) ਇਸ ਤਰ੍ਹਾਂ ਦੇ ਲੋਕਾਂ ਦੀ ਅਥਾਹ ਭੀੜ ਹੁੰਦੀ ਹੈ। ਉਹ! ਮਾਫ ਕਰਨਾ, ਗੱਲ ਪੂਜਾ ਦੀ ਕਰ ਰਹੇ ਸਾਂ। ਸਥਾਈ, ਅਸਥਾਈ ਬਣੀਆਂ ਪੂਜਾ ਕਮੇਟੀਆਂ ਦੇ ਮੋਹਤਬਰ, ਦਾਦੇ, ਘਰਾਂ ਵਿੱਚ ਤੇ ਦੁਕਾਨਾਂ ਵਿੱਚ ਜਾਂਦੇ ਹਨ।

'ਬਾਬੂ ਮੋਸ਼ਾਏ, ਦੁਰਗਾ ਪੂਜਾ ਆ ਰਹੀ ਹੈ।'

'ਪਤਾ ਹੈ ਭਾਈ, ਬੰਗਾਲੀ ਨੂੰ ਮੱਛੀ ਖਾਣ ਦੀ ਜਾਚ ਦੱਸ ਰਹੇ ਹੋ ਕੀ?' ਦੁਕਾਨਦਾਰ ਉਨ੍ਹਾਂ ਦੀ ਖਿੱਲੀ ਉਡਾਉਣ ਦੇ ਮੂਡ ਵਿੱਚ ਹੈ।

'ਠੀਕ ਆਚੇ..।' ਤੇ ਫਿਰ ਆਪਣੇ ਨਾਲ ਦੇ ਮੁੰਡਿਆਂ ਨੂੰ ਕਹਿੰਦਾ ਹੈ 'ਇਸ ਕੀ ਏਕ ਸੌ ਟਕੇ ਕੀ ਪਰਚੀ ਕਾਟੋ।'

'ਏਕ ਸੌ ਟਕਾ? ਮਾਥਾ ਖਰਾਬ ਆਚੇ ਕੀ?' ਦੁਕਾਨਦਾਰ ਘਬਰਾ ਕੇ ਕਹਿੰਦਾ ਹੈ।

'ਹਾਂ, ਏਕ ਸੌ ਟਕਾ। ਦੁਰਗਾ ਮਾਂ ਕੀ ਪੂਜਾ ਹੈ ਨਾ।'

'ਬਾਜ਼ਾਰ ਏਕ ਦਮ ਖਰਾਬ ਹੈ। ਦੋ ਦਿਨ ਰੁਕ ਕੇ ਆਨਾ।'

'ਬਹੁਤ ਕਾਮ ਹੈ ਦਾਦਾ। ਪੂਜਾ ਸਮੱਗਰੀ ਕਾ ਪ੍ਰਬੰਧ ਕਰੋਗੇ। ਦੁਰਗਾ ਮਾਂ ਪਰੋਤਿਮਾ ਖਰੀਦ ਕੋਰਬੋ। ..ਆ ਭੀ ਦੇਨਾ ਹੋਗਾ।'

'ਜੀਕ ਆਚੇ, ਦਸ ਟਕਾ ਪਰਚੀ ਕਾਟੋ।'

'ਨਾ, ਹੋਏਗਾ ਨਹੀਂ। ਸੌ ਸੇ ਕਮ ਏਕ ਟਕਾ ਭੀ ਨਹੀਂ। ਸਾਲ ਮੇਂ ਏਕ ਬਾਰ ਤੋਂ ਦੁਰਗਾ ਪੂਜਾ ਆਤੀ ਹੈ।' ਇੰਨੇ ਵਿੱਚ ਨਾਲ ਵਾਲਾ ਲੜਕਾ ਸੌ ਰੁਪਏ ਦੀ ਪਰਚੀ ਕੱਟ ਕੇ ਫੜਾਉਂਦਾ ਹੈ।

'ਏਹ ਕੀ ਜੋਬਰਦਸਤੀ ਹੈ ਭਾਈ।' ਦੁਕਾਨਦਾਰ ਭੜਕਦਾ ਹੈ।

'ਕੀ ਬੋਲਾ? ਜੋਬਰਦਸਤੀ..? ਇਸ ਕਾ ਮਤਲਬ ਹੈ, ਚੰਦਾ ਦੇਨੇ ਦਾ ਮਨ ਨਹੀਂ? ਠੀਕ ਹੈ, ਅਗਰ ਰਾਤ ਕੋ ਦੁਕਾਨ ਮੇਂ ਲੁਟਮਾਰ ਹੋ ਗਈ ਤੋ ਹਮ ਜ਼ਿੰਮੇਵਾਰ ਨਹੀਂ। ਫਿਰ ਨਾ ਕਹਿਨਾ।' ਲੜਕੇ ਲੁਕਵੀਂ ਧਮਕੀ ਦਿੰਦੇ ਹਨ। ਦੁਕਾਨਦਾਰ ਇੰਨੇ 'ਚ ਜਰਕ ਜਾਂਦਾ ਹੈ। ਪੂਜਾ ਦੇ ਇਨ੍ਹਾਂ ਦਿਨਾਂ ਵਿੱਚ ਬੰਗਾਲੀ ਲੋਕ ਤਾਂ ਸਾਰੀ ਰਾਤ ਘੁੰਮਦੇ ਹਨ। ਉਥੇ ਰਹਿਣ ਵਾਲੇ ਪੰਜਾਬੀ, ਬਿਹਾਰੀ, ਗੁਜਰਾਤੀ, ਮਾਰਵਾੜੀ ਤੇ ਹੋਰ ਪ੍ਰਾਂਤਾਂ ਦੇ ਲੋਕ ਵੀ ਬੜੇ ਉਤਸ਼ਾਹ ਅਤੇ ਜੋਸ਼ ਨਾਲ ਪੂਜਾ ਵਿੱਚ ਸ਼ਾਮਲ ਹੁੰਦੇ ਹਨ। ਵੰਨ ਸੁਵੰਨੇ ਸਜੇ ਪੰਡਾਲਾਂ ਵਿੱਚ ਦੁਰਗਾ ਦੇਵੀ ਦੀਆਂ ਪ੍ਰਤਿਮਾਵਾਂ ਦਾ ਜਲੌਅ ਦੇਖਦੇ ਹਨ। ਪੰਡਾਲਾਂ ਨੂੰ ਸਜਾਉਣ ਵਿੱਚ ਮਾਹਰ ਆਪਣਾ ਹੁਨਰ ਵਿਖਾਉਂਦੇ ਹਨ। ਰਾਤ ਭਰ ਹੋਟਲ ਅਤੇ ਸ਼ੋਅਰੂਮ ਖੁੱਲ੍ਹੇ ਰਹਿੰਦੇ ਹਨ।

ਕੁਝ ਨੌਜਵਾਨ ਲੜਕੇ ਲੜਕੀਆਂ ਦਾ ਸਾਲ ਭਰ ਤੋਂ ਚੱਲਦਾ ਅੱਖ ਮਟੱਕਾ ਪੂਜਾ ਦੇ ਇਨ੍ਹਾਂ ਦਿਨਾਂ ਵਿੱਚ ਰਾਸ ਆਉਂਦਾ ਹੈ। ਲੜਕੇ ਆਪਣੀਆਂ ਦੋਸਤ ਕੁੜੀਆਂ ਨੂੰ ਸਬਜ਼ਬਾਗ ਵਿਖਾਉਂਦੇ ਹਨ। ਫਿਲਮਾਂ ਵੇਖੀਆਂ ਜਾਂਦੀਆਂ ਹਨ। ਹੋਟਲਾਂ ਵਿੱਚ ਪਕਵਾਨ ਖਾਧੇ ਜਾਂਦੇ ਹਨ। ਪਾਰਕਾਂ ਅਤੇ ਮੈਦਾਨਾਂ ਵਿੱਚ ਘੁੰਮਿਆ ਜਾਂਦਾ ਹੈ। ਫਸਲੀ ਆਸ਼ਕਾਂ ਲਈ ਪੂਜਾ ਦੇ ਇਹ ਦਿਨ ਘੁੰਮਣ ਅਤੇ ਮੌਜ ਮਸਤੀ ਕਰਨ ਦੇ ਹੁੰਦੇ ਹਨ। ਪੂਜਾ ਵੀ ਹੁੰਦੀ ਹੈ ਤੇ ਮਨੋਰੰਜਨ ਵੀ।

ਮਾਂ ਦੁਰਗਾ ਪੂਜਾ ਦੇ ਸਜੇ ਪੰਡਾਲਾਂ ਵਿੱਚ ਦੇਵੀ ਦੀ ਉਸਤਤ ਵਿੱਚ ਗਾਏ ਭਜਨਾਂ ਤੋਂ ਇਲਾਵਾ ਫਿਲਮੀ ਰਿਕ-ਾਰਡ ਵੀ ਵਜਾਏ ਜਾਂਦੇ ਹਨ। ਕੁਝ ਪੰਡਾਲਾਂ ਵਿੱਚ ਰਵਾਇਤੀ ਪੂਜਾ ਵੀ ਹੁੰਦੀ ਹੈ। ਕਿਸੇ-ਕਿਸੇ ਪੂਜਾ ਪੰਡਾਲ ਦੇ ਪਿੱਛੇ ਮੁਹੱਲੇ ਦੇ ਮਨਚਲੇ ਲੜਕੇ ਜਬਰੀ ਉਗਰਾਹੇ ਚੰਦਿਆਂ ਦੀ ਦੁਰਵਰਤੋਂ ਵੀ ਕਰਦੇ ਹਨ ਤੇ ਨਸ਼ੇ ਵਿੱਚ ਆਏ ਇਨ੍ਹਾਂ ਦਿਨਾਂ ਵਿੱਚ ਮਾਰੇ ਮਾਅਰਕਿਆਂ ਨੂੰ ਮਿਰਚ ਮਸਾਲਾ ਲਾ ਕੇ ਇਕ ਦੂਸਰੇ ਨੂੰ ਸੁਣਾਉਂਦੇ ਹਨ। ਮੁਹੱਲ ਦੇ ਨੇਤਾ ਵਧ ਚੜ੍ਹ ਕੇ ਉਨ੍ਹਾਂ ਨੂੰ ਥਾਪੜਾ ਦੇਣ ਲਈ ਆਉਂਦੇ ਹਨ। ਇਹੀ ਲੜਕੇ ਚੋਣਾਂ ਵੇਲੇ ਬੂਥਾਂ ਦੀ ਨਿਗਰਾਨੀ ਵੀ ਕਰਦੇ ਹਨ ਤੇ ਲੋੜ ਵੇਲੇ ਵਿਰੋਧੀਆਂ ਨੂੰ ਅੱਖਾਂ ਦਿਖਾਉਣ ਦੀ ਜੁਅੱਰਤ ਵੀ ਰੱਖਦੇ ਹਨ। ਇਹ ਵਰਤਾਰਾ ਤਾਂ ਸ਼ਾਇਦ ਆਮ ਹੁੰਦਾ ਜਾ ਰਿਹਾ ਹੈ।

ਇਸ ਤਰ੍ਹਾਂ ਦੇ ਤਿਉਹਾਰਾਂ ਦੀ ਆੜ ਵਿੱਚ ਰਾਜਨੀਤੀ ਆਪਣੇ ਦਾਅ ਪੇਚ ਖੇਡਦੀ ਹੈ। ਇਕ ਪਾਸੇ ਪੂਜਾ ਪਾਠ ਹੁੰਦਾ ਹੈ, ਅਰਦਾਸਾਂ ਹੁੰਦੀਆਂ ਹਨ, ਮੰਤਰ ਪੜ੍ਹੇ ਜਾ ਰਹੇ ਹੁੰਦੇ ਨੇ, ਜੈਕਾਰੇ ਛੱਡੇ ਜਾਂਦੇ ਨੇ। ਦੂਜੇ ਪਾਸੇ ਨੇਤਾ ਆਪਣੇ ਗੁਰਗਿਆਂ 'ਚ ਘਿਰੇ, ਆਪਣੀ ਜੈ-ਜੈ ਕਰਵਾਉਂਦੇ ਧੂੰਆਂ ਛੱਡਦੇ ਹਨ। ਭਾਵੇਂ ਸੱਚੀ ਆਸਥਾ ਅਤੇ ਸ਼ਰਧਾ ਨਾਲ ਵੀ ਇਹੋ ਜੇਹੇ ਤਿਉਹਾਰ ਮਨਾਉਣ ਵਾਲੇ ਹਨ, ਪਰ ਲੋਕਤੰਤਰ ਦੀ ਇਸ ਕਣਕ ਵਿੱਚ ਕਾਂਗਿਆਰੀ ਦੀ ਥੋੜ੍ਹ ਨਹੀਂ ਹੈ।

ਮਿੰਨੀ ਕਹਾਣੀ

# ਗੁਲਾਮ ਮਾਨਸਿਕਤਾ

-ਅਮ੍ਰਿਤ ਬਰਨਾਲਾ-

"ਬਾਪੂ ਤੈਨੂੰ ਪਤੈ ਇੱਥੇ ਤਾਂ ਨਿਰੇ ਧੱਕੇ ਹਨ। ਮੇਰੇ ਨਾਲ ਦੇ ਸਭ ਆਸਟਰੇਲੀਆ, ਕੈਨੇਡਾ ਦਾ ਵੀਜ਼ਾ ਲਵਾਈ ਜਾਂਦੇ ਹਨ। ਮੈਂ ਨਹੀਂ ਇੱਥੇ ਰਹਿਣਾ," ਜਸਪਾਲ ਅੱਜ ਆਪਣੀ ਜ਼ਿੱਦ ਪੂਰੀ ਕਰਨ ਦੇ ਰੌਅ ਵਿਚ ਸੀ।

"ਪੁੱਤਰ, ਬਾਹਰ ਜਾਣਾ ਕਿਸੇ ਦੀ ਮਜਬੂਰੀ ਹੋ ਸਕਦੀ ਹੈ, ਪਰ ਤੈਨੂੰ ਇੱਥੇ ਕੀ ਘਾਟਾ ਹੈ? ਵਧੀਆ ਜ਼ਮੀਨ ਹੈ, ਵਧੀਆ ਕਮਾਈ ਹੈ। ਮੈਨੂੰ ਵੇਖ ਖੇਤੀ ਕਰ ਕੇ ਚਾਰ ਤੋਂ ਅੱਠ ਕਿੱਲੇ ਬਣਾ ਲਏ। ਤੂੰ ਵੀ ਨਾਲ ਆ," ਬਾਪੂ ਨੇ ਸਮਝਾਇਆ।

"ਬਾਪੂ, ਮੇਰੇ ਤੋਂ ਨਹੀਂ ਮਿੱਟੀ 'ਚ ਟਕਰਾਂ ਮਾਰੀਆਂ ਜਾਂਦੀਆਂ।"

"ਪੁੱਤ, ਮਿੱਟੀ ਸਾਡੀ ਮਾਂ ਹੈ ਜਿਹੜੀ ਸਾਨੂੰ ਅੱਜ ਤਕ ਪਾਲਦੀ ਆਈ ਹੈ। ਜੇ ਤੇਰੀ ਖੇਤੀ 'ਚ ਦਿਲਚਸਪੀ ਨਹੀਂ ਤਾਂ ਤੈਨੂੰ ਕਾਰੋਬਾਰ ਕਰਾ ਦਿੰਦੇ ਹਾਂ, ਨਾਲੇ ਮਾਲਕ ਬਣ ਕੇ ਬੈਠੀਂ," ਪਰਮਜੀਤ ਨੇ ਸਮਝਾਇਆ।

"ਬਾਪੂ, ਕਿਹੜਾ ਵਪਾਰ ਵਿਚ 14-14 ਘੰਟੇ ਡਿਊਟੀ ਦੇਵੇਗਾ। ਟੈਕਸਾਂ ਦੇ ਓਹਲੇ 'ਚ ਇੱਥੋਂ ਦੀਆਂ ਸਰਕਾਰਾਂ ਲੁੱਟ ਰਹੀਆਂ ਹਨ। ਨਾ ਕੋਈ ਭਵਿੱਖ ਹੈ ਅਤੇ ਨਾ ਕੋਈ ਸਹੂਲਤ।"

ਬਾਪੂ ਨੇ ਆਖਰੀ ਕੋਸ਼ਿਸ਼ ਕਰਦਿਆਂ ਕਿਹਾ, "ਪੁੱਤਰ, ਕਿਸੇ ਸਮੱਸਿਆ ਤੋ ਭੱਜਣਾ ਤਾਂ ਉਸ ਦਾ ਹੱਲ ਨਹੀਂ। ਤੂੰ ਜੋ ਕਹੇਗਾ, ਆਪਾਂ ਉਹ ਕੰਮ ਕਰ ਲਵਾਂਗੇ।" ਜਸਪਾਲ ਨਾ ਮੰਨਿਆ ਤਾਂ ਬਾਪੂ ਨੇ ਨੋਟਾਂ ਦਾ ਢੇਰ ਖਰਚ ਕੇ ਪਰਵਾਰ ਸਣੇ ਉਸ ਨੂੰ ਆਸਟਰੇਲੀਆ ਭੇਜ ਦਿੱਤਾ। ਕੁਝ ਮਹੀਨਿਆਂ ਬਾਅਦ ਪਰਮਜੀਤ ਸਿੰਘ ਨੇ ਕੰਮ-ਕਾਰ ਬਾਰੇ ਪੁੱਛਿਆ ਤਾਂ ਜਸਪਾਲ ਨੇ ਕਿਹਾ, "ਕਿਹੜਾ ਕੰਮ, ਇੱਥੇ ਤਾਂ ਨਜ਼ਾਰੇ ਹਨ। ਮੇਰਾ ਕੰਮ ਵਾਲੀ ਥਾਂ ਛੋਟਾ ਜਿਹਾ ਐਕਸੀਡੈਂਟ ਹੋ ਗਿਆ ਸੀ। ਘਰ ਬੈਠੇ ਨੂੰ ਉਹ ਮੁਫਤ ਇਲਾਜ ਕਰਾਈ ਜਾਂਦੇ ਨੇ, ਪਤਨੀ ਨੂੰ ਦੇਖਭਾਲ ਕਰਨ ਲਈ ਛੁੱਟੀ ਅਤੇ ਪੈਸੇ ਮਿਲ ਗਏ। ਜੁਆਕ ਤਾਂ ਪਹਿਲਾਂ ਹੀ ਮੁਫਤ ਪੜ੍ਹੀ ਜਾਂਦੇ ਨੇ। ਕੰਮ ਕਰ ਕੇ ਹੱਡ ਤੁੜਾਉਣ ਦੀ ਕੀ ਲੋੜ ਹੈ। ਮੈਂ ਤਾਂ ਕਹਿਨਾ ਤੁਸੀਂ ਵੀ ਬਹੁਤ ਸਹੂਲਤਾਂ ਮੁਫਤ ਮਿਲਦੀਆਂ ਨੇ ਇੱਥੇ।"

ਉਸ ਦੀ ਗੱਲ ਸੁਣ ਕੇ ਪਰਮਜੀਤ ਸਿੰਘ ਨੇ ਗੁੱਸੇ ਦਾ ਘੁੱਟ ਭਰ ਕੇ ਫੋਨ ਕੱਟ ਦਿੱਤਾ ਤੇ ਸੋਚਣ ਲੱਗਾ ਕਿ ਗੁਲਾਮਾਂ ਵਾਲੀ ਮਾਨਸਿਕਤਾ ਤੋਂ ਅਸੀਂ ਕਦੋਂ ਨਿਕਲਾਂਗੇ, ਨੌਕਰ ਬਣਨ ਦੀ ਥਾਂ ਆਪ ਮਾਲਕ ਬਣ ਕੇ ਹੋਰਾਂ ਲਈ ਰੁਜ਼ਗਾਰ ਪੈਦਾ ਕਰਵਾਉਣ ਦਾ ਜਜ਼ਬਾ ਕਦੋਂ ਪੈਦਾ ਹੋਵੇਗਾ।



Advertisement
GUARANTEED Till SOLD

www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!
*Some Conditions Apply

Call For a Quick & Free Home Evaluation
www.BramptonQuickHomeEvaluation.com

Urgently Need New Listing in Brampton/GTA Call Jag Today To Sell Your Property For Top $$$ & Accurate Price

BRAMPTON
ਟੋਰਬਰੈਮ / ਬਵੇਰਡ
ਸਪਰਿੰਗਡੇਲ ਨੇੜੇ, ਸ਼ਾਨਦਾਰ ਤੇ ਸਾਫ ਸੁਥਰਾ 4 ਬੈੱਡਰੂਮ +3 ਵਾਸ਼ਰੂਮ ਦਾ ਡਿਟੈਚ ਘਰ। unspoiled ਬੇਸਮੈਂਟ, ਚਮਕਦਾਰ ਲੈਮੀਨੇਟਡ ਫਲੋਰ ਤੇ ਸਟੇਂਡ ਓਕ ਸਟੇਅਰਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ-ਸੂਟ ਤੇ ਵਾਕ ਇੰਨ ਕਲੋਜ਼ਿਟ, SS ਅਪਲਾਇੰਸਸ ਤੇ ਹੋਰ ਵੀ ਬਹੁਤ ਕੁਝ;

BRAMPTON
ਕੰਟਰੀਸਾਈਡ/ਮਕਵੀਨ
ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 5 ਵਾਸ਼ਰੂਮ ਦਾ 2016 ਵਿੱਚ ਪ੍ਰੀਮੀਅਮ ਲਾਟ ਤੇ ਬਣਿਆ ਡੀਟੈਚਡ ਘਰ, ਫਿਨੀਸ਼ਡ ਬੇਸਮੈਂਟ, ਮੇਨ ਫਲੋਰ 10 ਫੁੱਟ ਸਿਲਿੰਗ ਅਤੇ ਦੂਜੇ ਫਲੋਰ ਤੇ'9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਹੋਰ ਬਹੁਤ ਸਾਰੀਆਂ ਅਪਗ੍ਰੇਡਜ ਕੀਤੇ ਹਨ।

BRAMPTON
ਬਵੇਰਡ/ਚਿੰਗੂਜੀ
SOLD AT 100% OF ASKING PRICE

BRAMPTON
ਵੈਨਲੈਸ/ ਮੇਕਲਾਗਲਿਨ
SOLD AT 100% OF ASKING PRICE IN 1 DAY

BRAMPTON
ਵੇਨਲੈਸ / ਵੇਨ-ਕ੍ਰਿਕ
ਬਹੁਤ ਹੀ ਸ਼ਾਨਦਾਰ, ਖੁਲ੍ਹਾ-ਡੁਲ੍ਹਾ ਤੇ ਡਿਟੈਚ ਡਬਲ ਸਟੋਰੀ ਟਾਉਨ-ਹਾਉਸ। 4+2 ਬੈਡਰੂਮ, 4 ਵਾਸ਼ਰੂਮ ਤੇ ਬੇਸਮੈਂਟ ਨੂੰ ਗਰਾਜ ਤੋਂ ਸੇਪਰੇਟ ਏਂਟਰੈਂਸ। ਓਕ ਸਟੇਅਰ ਕੇਸ, ਹਾਰਡਵੂਡ ਫਲੋਰ, ਪੋਟ ਲਾਇਟ ਤੇ ਮਾਸਟਰ ਬੈਡਰੂਮ ਨੂੰ 5 ਪੀਸ ਇੰਸੂਟ ਤੇ ਕਲੋਜ਼ਟ। SS ਅਪਲਾਇੰਸਸ ਤੇ ਹੋਰ ਵੀ ਬਹੁਤ ਕੁਝ;

NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ।
Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ



Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife

Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



REXDALE BODY SHOP
USED CAR SALE

CHEEMA
Specialization In:
- All Kinds of Body Work
- Auto Glass Windshield
- Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com



APEX CONCRETE & LANDSCAPE RESIDENTIAL & COMMERCIAL
Add Value to your Home by Offering Beautiful High Quality Landscaping and Concrete Work at an Affordable Prize
FREE ESTIMATE Limited Life Time Warranty
- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

Laddi
647-575-6102
Email: apexconstruc16@gmail.com



Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana Sales Rep.

FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਉਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677